# ਵਿਗਿਆਨ ਜੋਤ

**ਸਾਲ 11, ਅੰਕ 6**

ਨਵੰਬਰ-ਦਸੰਬਰ, 2016

**PUNPUN/2006/17457**

ਮੁੱਖ ਸੰਪਾਦਕ: ਮੇਘ ਰਾਜ ਮਿੱਤਰ

ਸੰਪਾਦਕ: ਅਜਮੇਰ ਸਿੱਧੂ
ਸੁਰਜੀਤ ਗੱਗ

ਮੁੱਖ ਪ੍ਰਬੰਧਕ: ਅਮਿੱਤ ਮਿੱਤਰ

ਸੰਪਾਦਕੀ ਬੋਰਡ
* ਸਰਜੀਤ ਤਲਵਾਰ
* ਰਾਜਾ ਰਾਮ ਹੰਢਿਆਇਆ
* ਬਲਜਿੰਦਰ ਕੋਟਭਾਰਾ
* ਡਾ. ਹਰੀਸ਼ ਮਲਹੋਤਰਾ ਬਰਮਿੰਘਮ
* ਅਵਤਾਰ ਨਿਊਜ਼ੀਲੈਂਡ
* ਡਾ. ਵਿਸ਼ਾਲ ਭਾਰਤੀ (ਐਮ.ਡੀ.)
* ਤਲਵਿੰਦਰ ਸੱਭਰਵਾਲ (ਕੈਨੇਡਾ)
* ਹਰਪਿੰਦਰ ਬਰਾੜ (ਕੈਨੇਡਾ)

**ਸਲਾਹਕਾਰੀ ਬੋਰਡ:**
* ਡਾ. ਗੁਰਵਿੰਦਰ ਸਿੰਘ ਐਮ.ਡੀ.
* ਡਾ. ਪਵਿੱਤਰ ਅਮਰਗੜ੍ਹ

## ਦਰ ਚੰਦਾ

| | |
|---|---|
| ਸਲਾਨਾ ਚੰਦਾ | 100/- |
| ਦੋ ਸਾਲਾਂ ਦਾ ਚੰਦਾ | 150/- |
| ਪੰਜ ਸਾਲ ਲਈ | 350/- |
| ਦਸ ਸਾਲ ਲਈ | 700/- |
| ਵਿਦੇਸ਼ਾਂ ਲਈ ਸਲਾਨਾ ਚੰਦਾ | 500/- |
| ਵਿਦੇਸ਼ਾਂ ਵਿੱਚ ਪੰਜ ਸਾਲ ਲਈ | 2000/- |



ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ:
ਅਮਿੱਤ ਮਿੱਤਰ
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਗਲੀ ਨੰਬਰ 8, ਬਰਨਾਲਾ-148101
ਫ਼ੋਨ 01679-241744
Email : tarksheel@gmail.com



ਨੋਟ ਸਿੱਖਿਆ ਵਿਭਾਗ ਵੱਲੋਂ 'ਵਿਗਿਆਨ ਜੋਤ' ਸਕੂਲਾਂ ਲਈ ਪ੍ਰਵਾਨਿਤ ਹੈ

ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਹੁਕਮ ਨੰਬਰ 4/2-2003 ਮਿਤੀ 2-5-2003 ਐਡੀਟਰ ਪੰਜਾਬੀ ਰਾਹੀਂ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨਿਤ ਹੈ।



ਵਿਸ਼ੇਸ਼ ਨੋਟ : ਕਿਸੇ ਵੀ ਤਰ੍ਹਾਂ ਦਾ ਵਾਦ ਵਿਵਾਦ ਸਿਰਫ਼ ਬਰਨਾਲਾ ਦੀ ਅਦਾਲਤ ਵਿੱਚ ਨਜਿੱਠਿਆ ਜਾਵੇਗਾ।


ਸੰਪਾਦਕੀ

# ਜੰਗ ਤੇ ਭੁੱਖ ਮਰੀ

ਬਾਬਾ ਨਾਜਮੀ ਦੀ ਇੱਕ ਕਵਿਤਾ ਸੁਣੀ ਸੀ ਜਿਸਦੇ ਬੋਲ ਸਨ-

**ਜਿਸ ਦੇਸ਼ ਵਿਚ ਭੁੱਖਾ ਮਰੇ ਮਜ਼ਦੂਰ,**
**ਉਸਦੇ ਹਾਕਮ ਕੁੱਤੇ ਉਸਦੇ ਹਾਕਮ ਸੂਰ,**

ਅੱਜ ਸਾਡੇ ਦੇਸ਼ ਵਿਚ 100 ਪਿੱਛੇ 25 ਆਦਮੀ ਭੁੱਖੇ ਸੌਣ ਲਈ ਮਜ਼ਬੂਰ ਹਨ। ਇਸ ਤੋਂ ਵੀ ਭੈੜੀਆਂ ਹਾਲਤਾਂ ਪਾਕਿਸਤਾਨ ਦੀਆਂ ਹਨ ਜਿੱਥੇ 100 ਪਿੱਛੇ 40 ਵਿਅਕਤੀ ਭੁੱਖੇ ਸੌਂਦੇ ਹਨ। ਬੰਗਲਾ ਦੇਸ਼ ਨੇ ਆਪਣੀ ਹੋਂਦ ਤੋਂ ਬਾਅਦ ਕੋਈ ਜੰਗ ਨਹੀਂ ਲੜੀ ਇਸ ਲਈ ਉਥੇ ਸਿਰਫ 12 ਵਿਅਕਤੀ ਭੁੱਖੇ ਸੌਣ ਲਈ ਮਜਬੂਰ ਹਨ। ਭਾਰਤ ਤੇ ਪਾਕਿਸਤਾਨ ਨੇ 1947, 1965, 1971 ਤੇ 1999 ਦੀਆਂ ਜੰਗਾਂ ਲੜੀਆਂ ਹਨ। ਹਰ ਲੜਾਈ ਨੇ ਸਾਨੂੰ ਜੰਗ ਦੀ ਤਿਆਰੀ ਉਪਰ ਅਰਬਾਂ ਰੁਪਏ ਖਰਚਣ ਤੇ ਮਜ਼ਬੂਰ ਕਰ ਦਿੱਤਾ ਹੈ। ਕਸ਼ਮੀਰ ਦੀ ਸਮੱਸਿਆ 1947 ਵਿੱਚ ਜਿੱਡੀ ਸੀ ਉਸਤੋਂ ਵੀ ਭੈੜੀ ਹਾਲਤ ਵਿੱਚ ਚਲੀ ਗਈ ਹੈ। ਅੱਜ 6 ਸਾਲਾਂ ਤੋਂ ਲੈ ਕੇ 80 ਸਾਲ ਤੱਕ ਦਾ ਹਰੇਕ ਕਸ਼ਮੀਰੀ ਬਾਸ਼ਿੰਦਾ ਆਪਣੇ ਆਪ ਨੂੰ ਭਾਰਤੀ ਕਹਿਣ ਲਈ ਤਿਆਰ ਨਹੀਂ। ਮੋਦੀ ਯੁੱਗ ਵਿੱਚ ਇਹ ਹਾਲਤ ਹੋਰ ਬੁਰੀ ਹੋਈ ਹੈ। ਸੋ ਨੇੜ ਭਵਿੱਖ ਵਿੱਚ ਵੀ ਇਸ ਸਮੱਸਿਆ ਦਾ ਕੋਈ ਹੱਲ ਨਜ਼ਰ ਨਹੀਂ ਆ ਰਿਹਾ ਹੈ।

ਇਸ ਗੱਲ ਵਿਚ ਵੀ ਕੋਈ ਸ਼ੱਕ ਨਹੀਂ ਕਿ ਕਸ਼ਮੀਰ ਵਿਚ ਗੜਬੜ ਕਰਨ ਜਾਂ ਕਰਵਾਉਣ ਲਈ ਪਾਕਿਸਤਾਨ ਅੱਤਵਾਦੀਆਂ ਸਰਗਰਮੀਆਂ ਨੂੰ ਹੱਲਾਸ਼ੇਰੀ ਦੇ ਰਿਹਾ ਹੈ। ਭਾਰਤ ਨੂੰ ਇਹ ਗੱਲ ਬਰਦਾਸ਼ਤ ਨਹੀਂ। ਸੋ ਭਾਰਤ ਸਰਕਾਰ ਦੀ ਸਰਜੀਕਲ ਸਟਰਾਈਕ ਵਰਗੀਆਂ ਕਾਰਵਾਈਆਂ ਕਰਨਾ ਜਾਂ ਕਰਵਾਉਣਾ ਮਜ਼ਬੂਰੀ ਹੈ। ਸੋ ਅੱਤਵਾਦੀਆਂ ਦੇ ਕੈਂਪਾਂ ਤੇ ਕੀਤੇ ਅਜਿਹੇ ਹਮਲਿਆਂ ਨੇ ਭਾਰਤ ਤੇ ਪਾਕਿਸਤਾਨ ਨੂੰ ਜੰਗ ਦੇ ਮੁਹਾਜ ਤੇ ਲਿਆ ਖੜਾਇਆ ਹੈ। ਭਾਰਤ ਤੇ ਪਾਕਿਸਤਾਨ ਦੋਵੇਂ ਐਟਮੀ ਮੁਲਕ ਹਨ। ਮਾਹਰਾਂ ਦਾ ਖਿਆਲ ਹੈ ਕਿ ਜੇ ਇਹ ਜੰਗ ਸ਼ੁਰੂ ਹੋ ਜਾਂਦੀ ਹੈ ਤਾਂ ਇਕ ਹਫਤੇ ਵਿੱਚ ਦੋਵੇਂ ਮੁਲਕਾਂ ਦੇ ਇੱਕੀ ਕਰੋੜ ਵਿਅਕਤੀ ਮੌਤ ਦੇ ਮੂੰਹ ਜਾ ਪੈਣਗੇ। ਇੱਥੇ ਹਰੇਕ ਸੱਤਵੇ ਵਿਅਕਤੀ ਦੀ ਲਾਸ਼ ਰੁਲੀ ਫਿਰੇਗੀ ਕੋਈ ਵੀ ਇਸਨੂੰ ਸਾਂਭਣ ਵਾਲਾ ਨਹੀਂ ਹੋਵੇਗਾ। ਹਸਪਤਾਲਾਂ ਵਿੱਚ ਤਿਲ ਸੁੱਟਣ ਨੂੰ ਥਾਂ ਨਹੀਂ ਹੋਵੇਗੀ। ਸਿਹਤ ਸਹੂਲਤਾਂ ਲਈ ਜੋ ਢਾਂਚਾ ਸਾਡੇ ਦੇਸ ਵਿਚ ਮੌਜੂਦ ਹੈ ਉਹ ਪੂਰੀ ਤਰ੍ਹਾਂ ਗੜਬੜਾ ਜਾਵੇਗਾ। ਜੇ ਜੰਗ ਕਿਸੇ ਰੂਪ ਵਿੱਚ ਟਲ ਵੀ ਜਾਂਦੀ ਹੈ ਤਾਂ ਵੀ ਭਾਰਤ ਤੇ ਪਾਕਿਸਤਾਨ ਲਈ ਆਉਣ ਵਾਲੇ ਦਿਨ ਚੰਗੇ ਨਹੀਂ ਹੋਣਗੇ ਕਿਉਂਕਿ ਦੋਵੇਂ ਮੁਲਕਾਂ ਨੇ ਇੱਕ ਦੂਜੇ ਦੇ ਡਰੋਂ ਜੰਗ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ।

ਭਾਰਤ ਸਰਕਾਰ ਵਲੋਂ 36 ਰਾਫੇਲ ਜਹਾਜ਼ਾਂ ਦਾ ਆਰਡਰ 58000 ਕਰੋੜ ਅੰਬਾਨੀ ਦੀ ਹਿੱਸੇਦਾਰ ਫਰਾਂਸੀਸੀ ਕੰਪਨੀ ਨੇ ਦਿੱਤਾ ਹੈ। ਬਹੁਤੇ ਪੰਜਾਬੀ ਇਹ ਅੰਦਾਜਾ ਅਸਾਨੀ ਨਾਲ ਹੀ ਲਾ ਸਕਦੇ ਹਨ ਕਿ ਇੱਕ ਕਰੋੜ ਰੁਪਏ ਦੀ ਲਾਗਤ ਨਾਲ ਕਿਸੇ ਵੀ ਪਿੰਡ ਦੇ ਹਾਈ ਸਕੂਲ ਤੇ ਹਸਪਤਾਲ ਦੀ ਇਮਾਰਤ ਦੀ ਉਸਾਰੀ ਕੀਤੀ ਜਾ ਸਕਦੀ ਹੈ। ਪੰਜਾਬ ਦੇ 12500 ਪਿੰਡਾਂ ਤੇ ਸ਼ਹਿਰਾਂ ਦੇ ਸਰਕਾਰੀ ਸਕੂਲਾਂ ਤੇ ਹਸਪਤਾਲਾਂ ਦੀ ਉਸਾਰੀ ਲਗਭਗ 12500 ਕਰੋੜ ਰੁਪਏ ਵਿੱਚ ਕੀਤੀ ਜਾ ਸਕਦੀ ਹੈ। ਇਸਦਾ ਸਿੱਧਾ ਜਿਹਾ ਮਤਲਬ ਹੈ ਕਿ ਇਕੱਲਾ ਰਾਫੇਲ ਜਹਾਜਾਂ ਦਾ ਸੌਦਾ ਹੀ ਭਾਰਤ ਦੇ ਪੰਜ ਰਾਜਾਂ ਦੇ ਵਿਕਾਸ ਦੀ ਰਕਮ ਹੜੱਪ ਕਰ ਜਾਏਗਾ। ਰੂਸ ਨਾਲ ਵੀ ਲਗਭਗ 34500 ਕਰੋੜ ਰੁਪਏ ਦਾ ਜੰਗੀ ਸਮਾਨ ਖ੍ਰੀਦਣ ਦਾ ਫੈਸਲਾ ਹੋ ਚੁੱਕਿਆ ਹੈ। ਇਕੱਲੇ ਦੋ ਸੌਦਿਆਂ ਨਾਲ ਨਹੀਂ ਸਰਨਾ ਭਾਰਤ ਨੂੰ ਅਜਿਹੇ ਅੱਧੀ ਦਰਜਨ ਸੌਦੇ ਤਾਂ ਕਰਨੇ ਹੀ ਪੈਣਗੇ। ਇਸਦਾ ਸਿੱਧਾ ਜਿਹਾ ਮਤਲਬ ਹੈ ਘੱਟੋ ਘੱਟ ਦਸ ਸਾਲ ਭਾਰਤ ਕੋਈ ਤਰੱਕੀ ਨਹੀਂ ਕਰ ਸਕੇਗਾ।

ਗਰੀਬਾਂ ਦੀ ਅਨਰੇਗਾ ਸਕੀਮ, ਐਨ. ਆਰ. ਐਚ. ਐਮ. ਸਕੀਮ, ਸਕੂਲੀ ਬੱਚਿਆਂ ਲਈ ਭੋਜਨ ਵਾਲੀਆਂ ਸਕੀਮਾਂ ਹਰ ਸਾਲ ਕਟੌਤੀ ਦਾ ਸ਼ਿਕਾਰ ਹੁੰਦੀਆਂ ਦਮ ਤੋੜ ਜਾਣਗੀਆਂ। ਮੋਦੀ ਦੁਆਰਾ ਗਰੀਬਾਂ ਲਈ ਬਣਨ ਵਾਲੇ ਮਕਾਨ ਸੁਪਨਾ ਹੀ ਬਣ ਕੇ ਰਹਿ ਜਾਣਗੇ। ਬੇਰੁਜਗਾਰੀ ਦੀ ਹਾਲਤ ਹੋਰ ਬੁਰੀ ਹੋ ਜਾਵੇਗੀ। ਪਾਕਿਸਤਾਨ ਦੀਆਂ ਹਾਲਤਾਂ ਇਸਤੋਂ ਵੀ ਭੈੜੀਆਂ ਹੋ ਜਾਣਗੀਆਂ। ਸਮੁੱਚੀ ਦੁਨੀਆਂ ਵਿੱਚ ਖਾਣ ਵਾਲੇ ਭੋਜਨ ਦੀ ਕੋਈ ਕਮੀ ਨਹੀਂ ਹੈ ਪਰ ਭਾਰਤ ਤੇ ਪਾਕਿਸਤਾਨ ਦਿਨੋਂ ਦਿਨ ਥੁੜ ਦਾ ਸ਼ਿਕਾਰ ਹੁੰਦੇ ਜਾਣਗੇ ਕਿਉਂਕਿ ਦੁਨੀਆਂ ਦੇ 194 ਦੇਸ਼ਾਂ ਵਿੱਚੋਂ ਬਹੁਤੇ ਹਥਿਆਰ ਖ੍ਰੀਦਣ ਵਾਲੇ ਇਹ ਦੋ ਮੁਲਕ ਹੀ ਬਚੇ ਹਨ। ਇਸ ਲਈ ਸਰਮਾਏਦਾਰ ਮੁਲਕ ਜੰਗ ਨੂੰ ਰੋਕਣ ਦੀ ਬਜਾਏ ਕਰਵਾਉਣ ਲਈ ਯਤਨਸ਼ੀਲ ਹੋਣਗੇ। ਪਿਛਲੀਆਂ ਜੰਗਾਂ ਨੇ ਭਾਰਤ ਨੂੰ ਸਭ ਤੋਂ ਜ਼ਿਆਦਾ ਭੁਖਮਰੀ ਵਾਲੇ 118 ਦੇਸ਼ਾਂ ਵਿੱਚੋਂ 97 ਨੰਬਰ ਤੇ ਅਤੇ ਪਾਕਿਸਤਾਨ 114 ਨੰਬਰ ਤੇ ਲਿਜਾ ਸੁਟਿਆ ਹੈ। ਭਾਰਤ ਦੇ ਗੁਆਂਢੀ ਮੁਲਕ ਨੇਪਾਲ, ਬੰਗਲਾ ਦੇਸ਼ ਤੇ ਸ੍ਰੀ ਲੰਕਾ ਭੁੱਖਮਰੀ ਦੀਆਂ ਹਾਲਤਾਂ ਵਿਚ ਭਾਰਤ ਨਾਲੋਂ ਵਧੀਆਂ ਹਾਲਤ ਵਿੱਚ ਹਨ। ਸੋ ਇਸ ਖਿੱਤੇ ਦੇ ਲੋਕਾਂ ਨੂੰ ਚੰਗੇ ਦਿਨਾਂ ਦੀ ਬਜਾਏ ਬੁਰੇ ਦਿਨ ਦੇਖਣੇ ਪੈ ਸਕਦੇ ਹਨ।

**- ਮੇਘ ਰਾਜ ਮਿੱਤਰ**

# ਯਾਦਾਂ ਦੇ ਝਰੋਖੇ ’ਚੋਂ...



ਮੇਘ ਰਾਜ ਮਿੱਤਰ
ਫੋਨ ਨੰ: 98887-87440

### 1. ਨਾਸਤਿਕ

ਸਿਊਦੀ ਅਰਬ ਵਿੱਚ ਨਾਸਤਿਕ ਹੋਣ ਕਾਰਨ ਇਕ ਵਿਅਕਤੀ ਦੇ ਦੋ ਹਜ਼ਾਰ ਕੋੜੇ ਲਾਏ ਅਤੇ 10 ਸਾਲ ਲਈ ਜੇਲ ਵਿੱਚ ਸੁੱਟ ਦਿੱਤਾ। ਇੱਥੇ ਹੀ ਬਸ ਨਹੀਂ ਉਸਨੂੰ 8000 ਪੌਂਡ ਦਾ ਜੁਰਮਾਨਾ ਵੀ ਲਾਇਆ ਗਿਆ। ਇਸ ਵਿਅਕਤੀ ਦਾ ਕਹਿਣਾ ਸੀ ਕਿ ਮੈਨੂੰ ਆਪਣੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਹੈ ਅਤੇ 600 ਹੋਰ ਵਿਅਕਤੀਆਂ ਨੇ ਵੀ ਉਸਦੇ ਵਿਚਾਰਾਂ ਨਾਲ ਸਹਿਮਤੀ ਪ੍ਰਗਟ ਕੀਤੀ ਸੀ। ਇਸ ਵਿਅਕਤੀ ਨੇ ਮੁਆਫੀਨਾਮਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

### 2. ਚੀਨ

ਚੀਨ ਦੁਨੀਆਂ ਵਿੱਚ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਹੀ ਨਹੀਂ ਸਗੋਂ ਇਥੇ ਨਾਸਤਿਕਾਂ ਦੀ ਗਿਣਤੀ ਵੀ ਸਭ ਤੋਂ ਵੱਧ ਹੈ। ਲਗਭਗ 94% ਨਾਸਤਿਕ ਹਨ। ਜਿਸਦਾ ਸਿੱਧਾ ਜਿਹਾ ਮਤਲਬ ਹੈ ਕਿ ਭਾਰਤ ਦੀ ਜਨਸੰਖਿਆ ਤੋਂ ਵੱਧ ਜਨਸੰਖਿਆ ਤਾਂ ਉਸ ਦੇਸ਼ ਵਿੱਚ ਨਾਸਤਿਕਾਂ ਦੀ ਹੈ। ਇਸ ਦੇ ਉਲਟ ਥਾਈਲੈਂਡ ਦੇ 94% ਲੋਕ ਧਾਰਮਿਕ ਹਨ।

### 3. ਭਵਿੱਖਬਾਣੀ ਜੋ ਸਹੀ ਸਾਬਤ ਹੋਈ

ਪਹਿਲਾਂ ਵੀ ਮੈਂ ਬਹੁਤ ਸਾਰੀਆਂ ਭਵਿੱਖਬਾਣੀਆਂ ਕੀਤੀਆਂ ਹਨ। ਪਰ ਮੈਂ ਜੋ ਵੀ ਭਵਿੱਖਬਾਣੀਆਂ ਕਰਦਾ ਹਾਂ ਉਹ ਅੰਕੜਿਆਂ ਦੀ ਚੰਗੀ ਤਰ੍ਹਾਂ ਘੋਖ ਪੜਤਾਲ ਕਰਨ ਤੋਂ ਬਾਅਦ ਹੀ ਕਰਦਾ ਹਾਂ। ਇਹਨਾਂ ਵਿਚੋਂ ਬਹੁਤੀਆਂ ਠੀਕ ਸਿੱਧ ਹੁੰਦੀਆਂ ਹਨ। ਮੈਂ ਇੱਕ ਕਿਤਾਬ ਲਿਖੀ ਸੀ ਇਸਦਾ ਨਾਂ “ਬਾਬਾ ਰਾਮਦੇਵ ਤਰਕ ਦੀ ਕਸੌਟੀ ਤੇ” ਹੈ। ਇਹ ਅਪ੍ਰੈਲ 2009 ਵਿੱਚ ਛਪਕੇ ਮਾਰਕੀਟ ਵਿੱਚ ਵਿਕਰੀ ਲਈ ਉਪਲਬਧ ਕਰਵਾਈ ਗਈ। ਇਸ ਕਿਤਾਬ ਦੇ ਅਖੀਰਲੇ ਸਫੇ ਤੇ ਮੈਂ ਲਿਖਿਆ ਸੀ ਕਿ ਬਾਬਾ ਰਾਮਦੇਵ ‘ਕਿਤਾਬਾਂ, ਸੀਡੀਆਂ, ਦਵਾਈਆਂ, ਹੋਰ ਵਸਤੂਆਂ, ਯੋਗ ਕੈਂਪਾਂ, ਸਰਕਾਰ ਵਲੋਂ ਗਰਾਂਟਾਂ, ਦਾਨ ਅਤੇ ਮੈਂਬਰਸ਼ਿਪ ਭਰਤੀ ਦੇ ਨਾਂ ਤੇ ਅਰਬਾਂ ਰੁਪਏ ਕਮਾ ਰਿਹਾ ਹੈ। ਉਹ ਦਿਨ ਦੂਰ ਨਹੀਂ ਜਦੋਂ ਬਾਬਾ ਭਾਰਤ ਦੇ ਗਿਣੇ ਚੁਣੇ ਅਮੀਰਾਂ ਵਿਚੋਂ ਇੱਕ ਹੋਵੇਗਾ। ਸਤੰਬਰ 2016 ਵਿੱਚ ਚੀਨ ਦੀ ਹੂ ਰਨ ਮੈਗਜ਼ੀਨ ਨੇ 339 ਭਾਰਤੀਆਂ ਦੀ ਸੂਚੀ ਜਾਰੀ ਕੀਤੀ ਹੈ। ਜਿਸ ਵਿੱਚ ਪਤੰਜਲੀ ਆਯੁਰਵੇਦ ਦੇ ਅਚਾਰੀਆ ਬਾਲ ਕ੍ਰਿਸ਼ਨ ਦੇਸ਼ ਦੇ ਪਹਿਲੇ 25 ਅਮੀਰਾਂ ਵਿਚ ਸ਼ਾਮਿਲ ਹੋ ਗਏ। ਮੈਗਜ਼ੀਨ ਅਨੁਸਾਰ ਉਹਨਾਂ ਦੀ ਕੁਲ ਜਾਇਦਾਦ 25,600 ਕਰੋੜ ਰੁਪਏ ਹੈ। ਪਤੰਜਲੀ ਦੀ ਸਾਲਾਨਾ ਟਰਨਓਵਰ 5000 ਕਰੋੜ ਰੁਪਏ ਹੈ। ਇਸਦੇ 94 ਫੀਸਦੀ ਸ਼ੇਅਰਾਂ ਦਾ ਮਾਲਕ ਬਾਲ ਕ੍ਰਿਸ਼ਨ ਹੈ। ਇਸਨੇ 2011 ਵਿੱਚ ਕਿਹਾ ਸੀ ਕਿ ਸੀ ਕਿ ਮੈਂ 50-60 ਕਰੋੜ ਰੁਪਏ ਦਾ ਲੋਨ ਲਿਆ ਹੈ। ਇਸ ਤੋਂ ਇਲਾਵਾ ਮੇਰੇ ਕੋਲ ਕੋਈ ਜਾਇਦਾਦ ਨਹੀਂ ਹੈ।

### 4. ਵਰਲਡ ਹੈਪੀਨੈਸ ਰਿਪੋਰਟ ਵਿਚ

ਡੈਨਮਾਰਕ ਪਹਿਲੇ ਨੰਬਰ ਤੇ
ਯੂਨਾਇਟਡ ਸਟੇਟਸ 13ਵੇਂ
ਜਰਮਨੀ 16ਵੇਂ
ਬੰਗਲਾ ਦੇਸ਼ 110ਵੇਂ
ਭਾਰਤ 118ਵੇਂ
ਅਫਗਾਨਿਸਤਾਨ 154ਵੇਂ
ਸੀਰੀਆ 156ਵੇਂ
ਧਰਮ ਨੂੰ ਮੰਨਣ ਵਾਲਿਆਂ ਦੇ ਅੰਕੜੇ
ਡੈਨਮਾਰਕ ਵਿੱਚ 61%
ਜਰਮਨੀ ਵਿੱਚ 55%
ਜਾਪਾਨ ਵਿੱਚ 52%
ਭਾਰਤ ਵਿੱਚ 6.6%
ਬੰਗਲਾ ਦੇਸ਼ ਵਿੱਚ 0.1%

ਇਸ ਡਾਟਾ ਨੂੰ ਵੇਖ ਕੇ ਲੱਗਦਾ ਹੈ ਜਿਸ ਦੇਸ਼ ਵਿੱਚ ਜਿਆਦਾ ਨਾਸਤਿਕ ਹਨ ਉਹ ਦੇਸ਼ ਜਿਆਦਾ ਖੁਸ਼ਹਾਲ ਹਨ।



### 5. ਛਲੇਡਾ

ਬਚਪਨ ਵਿੱਚ ਮੈਂ ਛਲੇਡੇ ਤੇ ਬਿੱਜੂ ਤੋਂ ਡਰਦਾ ਹੁੰਦਾ ਸੀ। ਕਿਉਂਕਿ ਮੇਰੀ ਚਾਚੀ ਈਸ਼ਰੀ ਨੇ ਇਹ ਡਰ ਮੈਨੂੰ ਪਾਏ ਹੋਏ ਸਨ। ਕਿਉਂਕਿ ਮੈਂ ਕੂਕਾਂ ਬਹੁਤ ਮਾਰਿਆ ਕਰਦਾ ਸੀ। ਜਿਸ ਨਾਲ ਮੇਰੀ ਚਾਚੀ ਡਰ ਜਾਂਦੀ ਸੀ ਤੇ ਮੇਰੀ ਇਸ ਭੈੜੀ ਆਦਤ ਤੋਂ ਵਰਜਣ ਲਈ ਉਹ ਅਕਸਰ ਹੀ ਮੈਨੂੰ ਛਲੇਡੇ ਤੇ ਬਿੱਜੂ ਤੋਂ ਡਰਾ ਦਿੰਦੀ ਸੀ। 1984 ਵਿੱਚ ਤਰਕਸ਼ੀਲ ਸੁਸਾਇਟੀ ਦੀ ਸਥਾਪਨਾ ਤੋਂ ਬਾਅਦ ਸਾਨੂੰ ਅਜਿਹੀਆਂ ਅਫਵਾਹਾਂ ਦਾ ਸਾਹਮਣਾ ਵੀ ਕਈ ਵਾਰ ਕਰਨਾ ਪਿਆ ਹੈ। ਕਦੇ ਲਹਿਰੇ ਗਾਗੇ ਇਲਾਕੇ ਵਿੱਚ ਬਿੱਜੂ ਦੇ ਆਉਣ ਦੀਆਂ ਖਬਰਾਂ ਅਖਬਾਰਾਂ ਦੀ ਸੁਰਖੀਆਂ ਬਣਕੇ ਲੱਗ ਪੈਂਦੀਆਂ। ਕਦੇ ਦਿੱਲੀ ਵਿੱਚ ਬਾਂਦਰ ਆ ਟਪਕਦਾ ਕਦੇ ਹਰਿਆਣੇ ਦੇ ਸ਼ਹਿਰ ਟੋਹਾਣੇ ਦੇ ਨਜਦੀਕੀ ਪਿੰਡ ਜਮਾਲਪੁਰ ਸੇਖਾ ਵਿੱਚ ਅਜਿਹੀਆਂ ਅਫ਼ਵਾਹਾਂ ਉਡਣੀਆਂ ਸ਼ੁਰੂ ਹੋ ਜਾਂਦੀਆਂ। ਅਜਿਹੇ ਪਿੰਡਾਂ ਤੇ ਸ਼ਹਿਰਾਂ ਵਿੱਚ ਚੇਤਨ ਲੋਕਾਂ ਰਾਹੀਂ ਅਸੀਂ ਅਜਿਹੀਆਂ ਅਫਵਾਹਾਂ ਦੇ ਪਰਦੇਫਾਸ਼ ਦੀ ਮੁਹਿੰਮ ਚਲਾ ਦਿੰਦੇ। ਕੁਝ ਦਿਨਾਂ ਬਾਅਦ ਇਹਨਾਂ ਅਫਵਾਹਾਂ ਦੀ ਸੰਘੀ ਨੱਪੀ ਜਾਂਦੀ। ਅਖਬਾਰਾਂ ਵਾਲਿਆਂ ਨੂੰ ਜਦੋਂ ਅਜਿਹੀਆਂ ਖਬਰਾਂ ਛਾਪਣ ਦਾ ਕਾਰਨ ਪੁੱਛਦੇ ਤਾਂ ਉਹ ਕਹਿ ਦਿੰਦੇ ਕਿ ਇਹ ਖਬਰ ਦਿਲਚਸਪ ਸੀ ਤੇ ਸੰਨਸਨੀ ਫੈਲਾ ਸਕਦੀ ਸੀ। ਇਸ ਲਈ ਅਸੀਂ ਅਜਿਹੀਆਂ ਖ਼ਬਰਾਂ ਛਪਣੀਆਂ ਭੇਜ ਦਿੰਦੇ ਹਾਂ। ਪਰ ਅਸੀਂ

ਉਹਨਾਂ ਨੂੰ ਯਾਦ ਕਰਵਾਉਂਦੇ ਕਿ "ਪੱਤਰਕਾਰ ਦੀ ਡਿਊਟੀ ਤਾਂ ਲੋਕਾਂ ਨੂੰ ਚੇਤਨ ਕਰਨਾ ਹੁੰਦੀ ਹੈ। ਪਰ ਭੜੂਓ ਤੁਸੀਂ ਅਜਿਹੀਆਂ ਖਬਰਾਂ ਛਾਪ ਕੇ ਲੋਕਾਂ ਨੂੰ ਅੰਧਵਿਸ਼ਵਾਸ਼ੀ ਦੀਆਂ ਗੁਫਾਵਾਂ ਵਿੱਚ ਧੱਕ ਰਹੇ ਹੋ।"

ਸਤੰਬਰ 2016 ਦੇ ਦੂਸਰੇ ਹਫ਼ਤੇ ਵਿੱਚ ਇੱਕ ਅਫਵਾਹ ਬੜੇ ਯੋਜਨਾਵੱਧ ਢੰਗ ਨਾਲ ਉਡਾਈ ਗਈ। ਜਿਲ੍ਹਾ ਸੰਗਰੂਰ ਦੇ ਇਲਾਕੇ ਦਿੜਬੇ ਦੇ ਗੁਰੂਦੁਆਰਾ ਬਾਬਾ ਬੈਰਸੀਆਨਾ ਛਲੇਡੇ ਵਾਲੀ ਇਸ ਅਫਵਾਹ ਦਾ ਕੇਂਦਰ ਬਣਿਆ। ਫੋਟੋਆਂ ਤੇ ਆਵਾਜਾਂ ਰਿਕਾਰਡ ਕਰਕੇ ਲੋਕਾਂ ਨੂੰ ਇਸ ਗੁਰਦੁਆਰੇ ਵੱਲ ਖਿਚਿਆ। ਇਹਨਾਂ ਅਫਵਾਹਾਂ ਵਿੱਚ ਕੁਝ ਵਿਅਕਤੀਆਂ ਵਲੋਂ ਕਿਹਾ ਗਿਆ ਕਿ ਇਕ ਛਲੇਡਾ ਗੁਰੂਦੁਆਰੇ ਵਿੱਚ ਫੜਕੇ ਬੰਦ ਕਰ ਲਿਆ ਗਿਆ ਹੈ। ਕਹਿੰਦੇ ਇਹ ਰੰਗ ਬਦਲਦਾ ਹੈ, ਤਰਕਸ਼ੀਲ ਸੁਸਾਇਟੀ ਵਲੋਂ ਇਸ ਗੱਲ ਦਾ ਵਾਰ ਵਾਰ ਖੰਡਣ ਕੀਤਾ ਗਿਆ। ਅੰਤ ਅਫਵਾਹ ਫੈਲਾਉਣ ਵਾਲੇ ਗਰੰਥੀ ਨੂੰ ਪੁਲਸ ਨੇ ਸਲਾਖਾਂ ਪਿੱਛੇ ਬੰਦ ਕਰ ਦਿੱਤਾ। ਅਸੀਂ ਜਾਣਦੇ ਹਾਂ ਕਿ ਇੰਟਰਨੈਟ ਦੀਆਂ ਸਹੂਲਤਾਂ ਬਹੁਤ ਸਾਰੇ ਵਿਅਕਤੀਆਂ ਕੋਲ ਹਨ। ਉਹਨਾਂ ਨੇ ਆਸਟ੍ਰੇਲੀਆ ਦੇ ਇੱਕ ਪੇਂਟਰ ਪੈਟਰੀਸ਼ੀਆ ਪਿਸੀਨੀ ਦੁਆਰਾ ਬਣਾਇਆ ਇੱਕ ਜਾਨਵਰ ਦਾ ਚਿੱਤਰ ਵਾਟਸਐਪ ਰਾਹੀਂ ਇਸ ਖਬਰ ਦੇ ਨਾਲ ਭੇਜਣਾ ਸ਼ੁਰੂ ਕਰ ਦਿੱਤਾ। ਇਹ ਚਿੱਤਰ ਅਮਰੀਕਾ ਦੀ ਕਿਸੇ ਆਰਟ ਗੈਲਰੀ ਦੀ ਵੈਬਸਾਈਟ ਵਿੱਚੋਂ ਕਾਪੀ ਕਰਕੇ ਪੇਸਟ ਕਰ ਦਿੱਤਾ। ਜਿਸ ਨਾਲ ਇਹ ਅਫਵਾਹ ਲੋਕਾਂ ਨੂੰ ਸੱਚੀ ਲੱਗਣੀ ਸ਼ੁਰੂ ਹੋ ਗਈ।

### 6. ਰਾਫੇਲ ਸੌਦਾ

ਭਾਰਤ ਦੇ ਕਸ਼ਮੀਰ ਸੂਬੇ ਦੇ ਇੱਕ ਇਲਾਕੇ ਉੜੀ ਵਿੱਚ ਇਸਲਾਮਿਕ ਦਹਿਸ਼ਤਗਰਦਾਂ ਨੇ ਕਰੀਬ 19 ਫੌਜੀਆਂ ਨੂੰ ਇੱਕ ਹਮਲੇ ਰਾਹੀਂ ਮੌਤ ਦੇ ਘਾਟ ਉਤਾਰ ਦਿੱਤਾ। ਬੱਸ ਫਿਰ ਕੀ ਸੀ ਅਜਿਹਾ ਮਾਹੌਲ ਸਿਰਜਿਆ ਗਿਆ ਕਿ 19 ਦੇ ਬਦਲੇ 1900 ਪਾਕਿਸਤਾਨੀ ਫੌਜੀਆਂ ਦੇ ਸਿਰ ਧੜ ਤੋਂ ਵੱਖ ਕੀਤੇ ਜਾਣੇ ਚਾਹੀਦੇ ਹਨ। ਸਾਡੇ ਦੇਸ਼ ਦੇ 70% ਲੋਕ ਗਰੀਬੀ ਰੇਖਾ ਤੋਂ ਹੇਠਾਂ ਤੰਗੀਆਂ ਤੋਸ਼ੀਆਂ ਦਾ ਜੀਵਨ ਬਤੀਤ ਕਰ ਰਹੇ ਹਨ। ਪਾਕਿਸਤਾਨੀ ਜਨਤਾ ਦਾ ਹਾਲ ਵੀ ਇਸ ਤੋਂ ਬਹੁਤਾ ਚੰਗਾ ਨਹੀਂ ਹੈ। ਅਜਿਹੀਆਂ ਹਾਲਤਾਂ ਵਿੱਚ ਲੜਾਈ ਦੀਆਂ ਗੱਲਾਂ ਕਰਨੀਆਂ



ਦੋਹਾਂ ਮੁਲਕਾਂ ਨੂੰ ਸੋਭਦੀਆਂ ਨਹੀਂ। 1965 ਤੇ 1971 ਦੀਆਂ ਜੰਗਾਂ ਦੇ ਪ੍ਰਭਾਵ ਨੇ ਸਾਡੇ ਦੇਸ਼ ਨੂੰ ਭੁਖਮਰੀ ਦੀ ਹਾਲਤ ਵਿੱਚ ਲਿਆ ਦਿੱਤਾ ਹੈ। ਜੇ ਅਗਲੀ ਲੜਾਈ ਲੱਗ ਗਈ ਤਾਂ ਸਾਡੀ ਜਨਤਾ ਦਾ ਕੀ ਬਣੇਗਾ। ਇਹ ਸੋਚ ਕੇ ਦਿਲ ਵਿੱਚ ਘਬਰਾਹਟ ਪੈਦਾ ਹੋਣੀ ਸ਼ੁਰੂ ਹੋ ਜਾਂਦੀ। ਭਾਰਤ ਤੇ ਪਾਕਿਸਤਾਨ ਹੀ ਦੁਨੀਆਂ ਵਿਚ ਅਜਿਹੇ ਮੁਲਕ ਰਹਿ ਗਏ ਹਨ ਜਿਹੜੇ ਅੱਜ ਵੀ ਜੰਗ ਲਈ ਹਥਿਆਰ ਬਾਹਰਲੇ ਮੁਲਕਾਂ ਤੋਂ ਖ੍ਰੀਦ ਰਹੇ ਹਨ। ਭਾਰਤ ਨੇ 36 ਰਾਫੇਲ ਲੜਾਕੂ ਜਹਾਜ਼ ਫਰਾਂਸ ਤੋਂ 58000 ਕਰੋੜ ਰੁਪਏ ਵਿੱਚ ਹੀ ਖ੍ਰੀਦੇ ਹਨ।

ਪੰਜਾਬ ਵਿੱਚ 12500 ਪਿੰਡ ਹਨ। ਮੈਂ ਇੱਕ ਪਿੰਡ ਦੇ ਹਾਈ ਸਕੂਲ ਤੇ ਹਸਪਤਾਲ ਦੀ ਇਮਾਰਤ ਇੱਕ ਕਰੋੜ ਰੁਪਏ ਵਿੱਚ ਤਿਆਰ ਕਰ ਸਕਦਾ ਹਾਂ। ਇਸਦਾ ਮਤਲਬ ਹੈ ਕਿ 12500 ਕਰੋੜ ਰੁਪਏ ਵਿੱਚ ਪੰਜਾਬ ਦੇ ਸਾਰੇ ਪਿੰਡਾਂ ਵਿਚ ਸਕੂਲ ਤੇ ਹਸਪਤਾਲ ਬਣਾਏ ਜਾ ਸਕਦੇ ਹਨ। ਇਸਦਾ ਮਤਲਬ ਹੈ ਕਿ ਇਕੱਲਾ ਰਾਫੇਲ ਜਹਾਜਾਂ ਦਾ ਸੌਦਾ ਪੰਜਾਬ ਵਰਗੇ ਪੰਜ ਰਾਜਾਂ ਦੇ ਸਕੂਲ ਤੇ ਹਸਪਤਾਲਾਂ ਦੇ ਵਿਕਾਸ ਨੂੰ ਖਾ ਜਾਵੇਗਾ। ਅਜੇ ਤਾਂ ਲੜਾਈ ਸ਼ੁਰੂ ਹੋਣੀ ਹੈ। ਲੜਾਈ ਹੋਣ ਦੀਆਂ ਹਾਲਤਾਂ ਵਿੱਚ ਭਾਰਤ ਤੇ ਪਾਕਿ ਦੇ ਵਸਨੀਕਾਂ ਨੇ ਮਰਨਾ ਹੀ ਹੈ। ਸਗੋਂ ਬਾਅਦ ਵਿੱਚ ਬਹੁਤ ਸਾਰੇ ਭੁੱਖਮਰੀ ਨਾਲ ਹੀ ਮਰ ਸਕਦੇ ਹਨ।

### 7. ਨਸ਼ੇ ਬਰਬਾਦੀ ਦਾ ਘਰ

ਮੇਰੀ ਪਤਨੀ ਦੀ ਭੈਣ ਦੀ ਸਹੇਲੀ ਗੁਰਦੇਵ ਕੌਰ ਬਹੁਤ ਹੀ ਚੰਗੀ ਮੁੱਖ ਅਧਿਆਪਕਾ ਸੀ। ਉਸਨੇ ਦੋ ਪੁੱਤਰਾਂ ਅਤੇ ਇੱਕ ਧੀ ਨੂੰ ਜਨਮ ਦਿੱਤਾ। ਵੱਡਾ ਪੁੱਤਰ ਬਰਨਾਲੇ ਇਲਾਕੇ ਦਾ ਪ੍ਰਸਿੱਧ ਡਾਕਟਰ ਹੈ ਅਤੇ ਧੀ ਕਨੈਡਾ ਵਿੱਚ ਹੈ ਪਰ ਅਫਸੋਸ ਇਸ ਗੱਲ ਦਾ ਹੈ ਕਿ ਛੋਟੇ ਪੁੱਤਰ ਨੂੰ ਕਿਸੇ ਨਜ਼ਦੀਕੀ ਨੇ ਹੀ ਨਸ਼ਿਆਂ ਦੇ ਲੜ ਅਜਿਹਾ ਲਾਇਆ ਕਿ ਮੁੜ ਉਹ ਇਸ ਤ੍ਰਾਸਦੀ ਵਿਚੋਂ ਬਾਹਰ ਹੀ ਨਾ ਆ ਸਕਿਆ। ਪ੍ਰੀਵਾਰ ਤੀਹ ਏਕੜ ਦਾ ਮਾਲਕ ਸੀ ਉਹਨਾਂ ਨੇ ਇਲਾਜ ਦੀ ਕੋਈ ਕਸਰ ਨਾ ਛੱਡੀ। ਉਸਦੀ ਮੰਗਣੀ ਵੀ ਕਰ ਦਿੱਤੀ ਗਈ ਪਰ ਉਸਦੇ ਨਸ਼ੇ ਕਾਰਨ ਮੰਗਣੀ ਵੀ ਟੁੱਟ ਗਈ। ਇਹ ਇਕੱਲੀ ਉਸ ਪ੍ਰੀਵਾਰ ਦੀ ਕਹਾਣੀ ਨਹੀਂ ਸਗੋਂ ਪੰਜਾਬ ਦੇ ਲੱਖਾਂ ਪ੍ਰੀਵਾਰ ਇਸ ਲੱਤ ਦਾ ਸ਼ਿਕਾਰ ਹੋ ਕੇ ਨਰਕੀ ਜਿੰਦਗੀ ਕੱਟ ਰਹੇ ਹਨ। ਪਰ ਅਫਸੋਸ ਇਸ ਗੱਲ ਦਾ ਹੈ ਕਿ ਦੁਨੀਆਂ ਦੇ 194 ਦੇਸ਼ਾਂ ਵਿਚੋਂ ਸਿਰਫ 21 ਦੇਸ਼ ਹੀ ਅਜਿਹੇ ਹਨ ਜਿਹੜੇ ਵੱਡੀ ਪੱਧਰ ਤੇ ਨਸ਼ਿਆਂ ਦਾ ਉਤਪਾਦਨ ਕਰ ਰਹੇ ਹਨ। ਉਹਨਾਂ ਦੇਸ਼ਾਂ ਦੀ ਲਿਸਟ ਵਿੱਚ "ਮੇਰਾ ਭਾਰਤ" ਮਹਾਨ ਵੀ ਸ਼ਾਮਿਲ ਹੈ। ਅਜਿਹਾ ਸਿਰਫ ਇਸ ਕਰਕੇ ਹੋ ਰਿਹਾ ਹੈ ਕਿ ਮੇਰੇ ਦੇਸ਼ ਦੀਆਂ ਸਰਕਾਰਾਂ ਦੇ ਹਰੇਕ ਗੱਲ ਤੇ ਹੀ ਦੂਹਰੇ ਮਿਆਰ ਹੁੰਦੇ ਹਨ। ਇਕ ਪਾਸੇ ਤਾਂ ਨਸ਼ਿਆਂ ਦੇ ਸੁਦਾਗਰਾਂ ਲਈ ਸਖ਼ਤ ਸਜਾਵਾਂ ਹਨ ਦੂਸਰੇ ਪਾਸੇ ਸਰਕਾਰ ਵਲੋਂ ਹੀ ਨਸ਼ੇ ਬੀਜਣ ਦੀ ਇਜਾਜਤ ਦਿੱਤੀ ਜਾਂਦੀ ਹੈ। ਕੌਣ ਨਹੀਂ ਜਾਣਦਾ ਕਿ ਬਹੁਤੇ ਨਸ਼ਿਆਂ ਦੀ ਜਨਮਦਾਤੀ ਅਫੀਮ ਦੀ ਖੇਤੀ ਮੇਰੇ ਗੁਆਂਢੀ ਰਾਜ ਰਾਜਸਥਾਨ ਵਿੱਚ ਹੀ ਹੁੰਦੀ ਹੈ। ਮੇਰੇ ਦੇਸ਼ ਦੇ ਨੌਜੁਆਨਾਂ ਲਈ ਰੁਜਗਾਰ ਨਹੀਂ ਹੈ। ਉਹ ਸੋਚਦੇ ਹਨ ਕਿ ਜਦੋਂ ਅਸੀਂ ਦੇਸ਼ ਦੀ ਤਰੱਕੀ ਵਿੱਚ ਕੋਈ ਹਿੱਸਾ ਹੀ ਨਹੀਂ ਪਾ ਰਹੇ ਹਾਂ ਨਾ ਹੀ ਅਸੀਂ ਆਪਣੇ ਮਾਂ ਪਿਉ ਲਈ ਹੀ ਕੋਈ ਸੁੱਖ ਸਹੂਲਤ ਦੇ ਸਕਦੇ ਹਾਂ ਫਿਰ ਅਸੀਂ ਧਰਤੀ ਤੇ ਬੋਝ ਕਿਉਂ ਬਣੀਏ। ਫਿਰ ਉਹ ਜਾਂ ਤਾਂ ਖੁਦਕਸ਼ੀ ਕਰਦੇ ਹਨ ਜਾਂ ਨਸ਼ੇ ਦੇ ਆਦਿ ਹੋ ਜਾਂਦੇ ਹਨ।



# ਤੇਤੀ ਕਰੋੜ ਦੇਵਤਿਆਂ ਦਾ ਦੇਸ਼ 'ਭਾਰਤ' ਗਰੀਬ ਕਿਉਂ ?

ਰਾਜਾਰਾਮ ਹੰਡਿਆਇਆ

ਕੋਈ ਸਮਾਂ ਸੀ, ਜਦ ਭਾਰਤ ਨੂੰ ਸੋਨੇ ਦੀ ਚਿੜੀਆ ਕਹਿ ਕੇ ਸਨਮਾਨ ਦਿੱਤਾ ਜਾਂਦਾ ਸੀ। ਪ੍ਰੰਤੂ ਅੱਜ ਵਿਗਿਆਨ ਅਤੇ ਤਕਨਾਲੋਜੀ ਦੇ ਯੁੱਗ ਵਿੱਚ ਇਸ ਦੀ ਗਿਣਤੀ ਗਰੀਬ ਦੇਸ਼ਾਂ ਵਿੱਚ ਹੁੰਦੀ ਹੈ। ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਛੋਟੇ ਜਿਹੇ ਦੇਸ਼ ਪਾਕਿਸਤਾਨ ਤੋਂ ਵੀ ਘੱਟ ਹੈ। ਦੇਸ਼ ਦੀ ਚਾਲੀ ਪ੍ਰਤੀਸ਼ਤ ਜੰਤਾ ਗਰੀਬੀ ਦੀ ਰੇਖਾ ਤੋਂ ਹੇਠਾਂ ਆਪਣਾ ਜੀਵਨ ਬਤੀਤ ਕਰ ਰਹੀ ਹੈ। ਭਾਰਤ ਹਿੰਦੂਆਂ ਦਾ ਦੇਸ਼ ਹੈ ਅਤੇ ਹਿੰਦੂਆਂ ਦੇ ਤੇਤੀ ਕਰੋੜ ਦੇਵਤੇ ਹਨ। ਹਰੇਕ ਦੇਵਤੇ ਵਿੱਚ ਬੇਸ਼ੁਮਾਰ ਸ਼ਕਤੀ ਮੰਨੀ ਗਈ ਹੈ। ਹਰੇਕ ਦੇਵਤਾ ਆਪਣੇ ਪੂਜਕਾਂ ਦੇ ਸਾਰੇ ਦੁੱਖਾਂ ਨੂੰ ਦੂਰ ਕਰਦਾ ਹੈ। ਭਾਰਤ ਦੇ ਤੇਤੀ ਕਰੋੜ ਦੇਵਤਿਆਂ ਵਿੱਚੋਂ ਹਰੇਕ ਦੇ ਹਿੱਸੇ ਵਿੱਚ ਸਿਰਫ਼ ਦੋ ਹੀ ਬੰਦੇ ਆਉਂਦੇ ਹਨ। ਕੁਲ ਆਬਾਦੀ ਦਾ ਲੱਗਭੱਗ ਇੱਕ ਤਿਹਾਈ ਹਿੱਸਾ ਹੋਰ ਧਰਮਾਂ ਦੇ ਲੋਕਾਂ ਦਾ ਹੈ, ਜਿਹਨਾਂ ਵਿੱਚ ਨਾਸਤਿਕ ਵੀ ਇੱਕ ਹਨ। ਆਖਰ ਤੇਤੀ ਕਰੋੜ ਦੇਵਤੇ ਆਪਣੇ ਹਿੱਸੇ ਦੇ ਸਿਰਫ਼ ਦੋ-ਦੋ ਹਿੰਦੂਆਂ ਦਾ ਵੀ ਖਿਆਲ ਕਿਉਂ ਨਹੀਂ ਰੱਖ ਪਾਂਦੇ ?



ਇਹ ਸਵਾਲ ਹਰੇਕ ਹਿੰਦੂ ਦੇ ਦਿਮਾਗ ਵਿੱਚ ਆਉਣਾ ਹੀ ਚਾਹੀਦਾ ਹੈ। ਜਿਹੜੇ ਦੇਵਤੇ ਅਪਾਰ ਸ਼ਕਤੀਆਂ ਦੇ ਮਾਲਕ ਹਨ, ਜੋ ਖੁਸ਼ ਹੋ ਕੇ ਹਰੇਕ ਮੰਗ ਨੂੰ ਪੂਰਾ ਕਰਦੇ ਹਨ, ਜਿਹਨਾਂ ਦੀ ਵੱਡਿਆਈ ਦਾ ਢੋਲ ਪ੍ਰਚਾਰ ਸਾਰੇ ਹਿੰਦੂ-ਧਰਮ ਗਰੰਥਾਂ ਵਿੱਚ ਅਕਸਰ ਵਜਾਇਆ ਜਾਂਦਾ ਰਿਹਾ ਹੈ, ਉਹ ਆਖਰ ਆਪਣੇ ਗਰੀਬ ਅਤੇ ਦੁਖੀ ਸ਼ਰਧਾਲੂਆਂ ਦੇ ਦੁੱਖਾਂ ਦਾ ਨਿਵਾਰਨ ਕਿਉਂ ਨਹੀਂ ਕਰਦੇ ਹਨ ? ਉਹ ਉਹਨਾਂ ਨੂੰ ਦੁੱਖਾਂ ਵਿੱਚ ਦੇਖ ਕੇ ਪਸੀਜ ਕਿਉਂ ਨਹੀਂ ਜਾਂਦੇ ? ਉਹਨਾਂ ਨੂੰ ਅਪਾਰ ਧਨ ਦੇ ਕੇ ਮਾਲਾ ਮਾਲ ਕਿਉਂ ਨਹੀਂ ਕਰਦੇ ? ਹਰੇਕ ਗਰੀਬ ਬੰਦੇ ਦੀ ਦੀਨ-ਦਸ਼ਾ ਦੇਖ ਕੇ ਜਦ ਮਨੁੱਖੀ ਮਨ ਦਇਆ ਨਾਲ ਪਿਘਲ ਜਾਂਦਾ ਹੈ ਤਾਂ ਇਹਨਾਂ ਦੇਵਤਿਆਂ ਉੱਤੇ ਅਸਰ ਕਿਉਂ ਨਹੀਂ ਹੁੰਦਾ ? ਆਖਰ ਕੁੱਝ ਕਾਰਨ ਤਾਂ ਹੈਂ ਹੀ। ਸਾਰੇ ਸ਼ਰਧਾਲੂਆਂ ਨੂੰ ਇਸ ਉੱਤੇ ਵਿਚਾਰ ਜ਼ਰੂਰ ਕਰਨੀ ਚਾਹੀਦੀ ਹੈ।

ਭਾਰਤ ਵਿੱਚ ਕਿੰਨੇ ਹੀ ਹਿੰਦੂ ਸ਼ਰਧਾਲੂ ਹਨ ਜਿਹੜੇ ਰੋਜ਼ਾਨਾ ਇਹਨਾਂ ਦੇਵੀ ਦੇਵਤਿਆਂ ਦੇ ਅੱਗੇ ਜਯੋਤੀ-ਧੂਪ ਬਾਲਦੇ, ਪੂਜਾ ਪ੍ਰਾਰਥਨਾ ਕਰਦੇ ਨੱਕ, ਮੂੰਹ ਅਤੇ ਗੋਡੇ ਰਗੜਦੇ ਹਨ, ਸੁੱਖ ਸ਼ਾਂਤੀ ਦੀ ਇੱਛਾ ਕਰਦੇ ਹਨ, ਇਹਨਾਂ ਨੂੰ ਖੁਸ਼ ਕਰਨ ਦੇ ਲਈ ਪ੍ਰਸ਼ਾਦ ਵੰਡਦੇ ਹਨ, ਪਾਠ ਕਰਦੇ ਹਨ, ਸਾਰੀ ਰਾਤ ਜਾਗ ਕੇ ਇਹਨਾਂ ਦੇ ਗੁਣਾਂ ਦਾ ਗੁਣਗਾਨ ਕਰਦੇ ਹਨ, ਆਪਣਾ ਤਨ-ਮਨ-ਧਨ ਅਰਪਿਤ ਕਰਕੇ ਇਹਨਾਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ ਪਰੰਤੂ ਇਹ ਦੇਵਤੇ ਟਸ ਤੋਂ ਮਸ ਨਹੀਂ ਹੁੰਦੇ। ਇਹ ਆਪਣੇ ਭਗਤਾਂ ਦਾ ਕੋਈ ਖਿਆਲ ਨਹੀਂ ਰੱਖਦੇ। ਭਗਤ ਜਨ ਆਪਣੀ ਸਾਰੀ ਅਕਲ ਨੂੰ ਇਹਨਾਂ ਲਈ ਗਿਰਵੀ ਰੱਖ ਦੇਂਦੇ ਹਨ। ਆਪਣੇ ਆਪ ਨੂੰ 'ਮੂਰਖ, ਨੀਚ, ਜਮੀ' (ਓਮ ਜੈ ਜਗਦੀਸ਼ 'ਆਰਤੀ' ਵਿੱਚ) ਕਹਿੰਦੇ ਹਾਂ, ਪਰੰਤੂ ਦੇਵਤਿਆਂ ਉੱਤੇ ਇਸਦਾ ਕੋਈ ਅਸਰ ਨਹੀਂ ਹੁੰਦਾ। ਇੱਕ ਦੇਵਤਾ ਆਪਣੇ ਹਿੱਸੇ ਦੇ ਸਿਰਫ ਦੋ ਬੰਦਿਆਂ ਨੂੰ ਵੀ ਖੁਸ਼ ਨਹੀਂ ਰੱਖ ਸਕਦਾ, ਉਹਨਾਂ ਨੂੰ ਮਾਲਾਮਾਲ ਨਹੀਂ ਕਰ ਸਕਦਾ। ਆਖਰ ਅਜਿਹਾ ਕਿਉਂ ?

ਭਾਰਤ ਦੀ ਹਿੰਦੂ ਜਨਤਾ ਨੇ ਇਹਨਾਂ ਦੇਵਤਿਆਂ ਦੀਆਂ ਕਰੋੜਾਂ ਮੂਰਤੀਆਂ ਬਣਾਈਆਂ ਹਨ, ਲੱਖਾਂ ਘਰ ਬਣਾਏ ਹਨ, ਜਿੱਥੇ ਹਜ਼ਾਰਾ ਟਨ ਪ੍ਰਸ਼ਾਦ ਦੇਵਤਿਆਂ ਨੂੰ ਖੁਸ਼ ਕਰਨ ਦੇ ਲਈ ਚੜ੍ਹਾਇਆ ਜਾਂਦਾ ਹੈ। ਹਰ ਰੋਜ਼ ਲੱਖਾਂ ਰੁਪਏ ਦੀ ਧੂਪ ਅਤੇ ਅੱਗਰਬੱਤੀ ਬਾਲ ਕੇ ਸੁਆਹ ਬਣਾ ਦਿੱਤੀ ਜਾਂਦੀ ਹੈ। ਦੇਸ਼ੀ ਘੀ ਦੀ ਜੋਤ ਰੋਜ਼ਾਨਾ ਲੱਗਭੱਗ ਹਰੇਕ ਹਿੰਦੂ ਦੇ ਘਰ ਵਿੱਚ ਜਲਦੀ ਹੈ। ਦਿਨ ਅਤੇ ਰਾਤ ਦੇ ਚੌਵੀ ਘੰਟਿਆਂ ਵਿੱਚੋਂ ਬਹੁਤ ਸਾਰਾ ਕੀਮਤੀ ਸਮਾਂ ਇਹਨਾਂ ਦੇਵਤਿਆਂ ਦੀ ਪੂਜਾ-ਅਰਚਨਾ ਕਰਨ ਅਤੇ ਪ੍ਰਸ਼ੰਸਾ-ਗਾਣ ਕਰਨ ਵਿੱਚ ਲਗਾਇਆ ਜਾਂਦਾ ਹੈ, ਫੇਰ ਵੀ ਇਹ ਦੇਵਤੇ ਆਪਣੇ ਸ਼ਰਧਾਲੂਆਂ ਦੀ ਪੁਕਾਰ ਨਹੀਂ ਸੁਣਦੇ। ਹਜ਼ਾਰਾਂ ਸਾਲਾਂ ਦਾ ਇਤਿਹਾਸ ਦੱਸਦਾ ਹੈ ਕਿ ਜਦ ਵੀ ਹਿੰਦੂਆਂ ਉੱਤੇ ਕੋਈ ਮੁਸੀਬਤ ਆਈ, ਇਹ ਦੇਵਤੇ ਕਿਸੇ ਕੰਮ ਨਾ ਆਏ।

ਦੇਵਤਿਆਂ ਨੂੰ ਖੁਸ਼ ਕਰਨ ਦੇ ਲਈ ਉਨ੍ਹਾਂ ਦੀਆਂ ਮੂਰਤੀਆਂ ਪੱਥਰ, ਕਾਗਜ਼ ਤੋਂ ਲੈ ਕੇ ਸੋਨੇ ਚਾਂਦੀ ਤੱਕ ਦੀਆਂ ਬਣਾਈਆਂ ਗਈਆਂ। ਯੱਗ ਬਲੀ ਦਿੱਤੀ ਗਈ। ਪੂਜਾ ਅਰਚਨਾ ਕੀਤੀ ਗਈ, ਪਰੰਤੂ ਹਰੇਕ ਮੁਸੀਬਤ ਦੇ ਸਮੇਂ ਇਹ ਨਕਾਰਾ ਸਿੱਧ ਹੋਏ। ਕਿੰਨੇ ਹੀ ਹਮਲਾਵਰ ਭਾਰਤ ਵਿੱਚ ਆਏ, ਜਿਹਨਾਂ ਨੇ ਦੇਵਤਿਆਂ ਦੀਆਂ ਮੂਰਤੀਆਂ ਨੂੰ ਤੋੜਿਆ, ਉਹਨਾਂ ਦੇ ਘਰਾਂ ਨੂੰ ਅਪਵਿੱਤਰ ਕੀਤਾ, ਧਨ ਜਾਇਦਾਦ ਨੂੰ ਲੁੱਟਿਆ, ਪਰੰਤੂ ਇਹ ਦੇਵਤੇ ਕਦੇ ਵੀ ਆਪਣੀ ਦੈਵੀ ਸ਼ਕਤੀਆਂ ਦੁਆਰਾ ਕਿਸੇ ਹਮਲਾਵਰ ਦਾ ਕੁੱਝ ਨਹੀਂ ਵਿਗਾੜ ਸਕੇ। ਇੱਥੋਂ ਤੱਕ ਕਿ ਇਹ ਆਪਣੀ ਰੱਖਿਆ ਵੀ ਆਪ ਨਹੀਂ ਕਰ ਸਕੇ। ਹਜ਼ਾਰਾਂ ਅਜਿਹੀਆਂ ਮਿਸਾਲਾਂ ਮਿਲਦੀਆਂ ਹਨ, ਜਦ ਚੋਰ ਇਹਨਾਂ ਦੇਵਤਿਆਂ ਦੀਆਂ ਸੋਨੇ ਚਾਂਦੀ ਦੀਆਂ ਮੂਰਤੀਆਂ ਜਾਂ ਗਹਿਣੇ ਚੋਰੀ ਕਰਕੇ ਲੈ ਜਾਂਦੇ ਹਨ, ਪਰੰਤੂ ਇਹ ਆਪਣੀ ਹੀ ਸੁਰੱਖਿਆ ਕਰ ਸਕਣ ਵਿੱਚ ਅਸਮੱਰਥ ਹਨ। ਇਹੀ ਕਾਰਨ ਹੈ ਕਿ ਰਾਤ ਹੁੰਦੇ ਸਾਰ ਹਿੰਦੂ-ਪੁਜਾਰੀ ਆਪਣੇ ਦੇਵਤਿਆਂ ਦੀ ਸ਼ਕਤੀ ਉੱਤੇ ਭਰੋਸਾ ਨਾ ਕਰਦੇ ਹੋਏ ਆਪਣੇ ਮੰਦਰਾਂ ਨੂੰ ਆਪ ਹੀ ਤਾਲਾ ਲਗਾ ਕੇ ਸੌਂਦੇ ਹਨ, ਕਿਉਂਕਿ ਉਹਨਾਂ ਨੂੰ ਪਤਾ ਹੈ ਕਿ ਉਹਨਾਂ ਦੇ ਦੇਵਤੇ ਆਪਣੇ ਘਰਾਂ ਵਿੱਚ ਤਦੇ ਸੁਰੱਖਿਅਤ ਰਹਿ ਸਕਦੇ ਹਨ, ਜਦ ਮਨੁੱਖ ਉਹਨਾਂ ਦੀ ਰੱਖਿਆ ਕਰੇ। ਪਰੰਤੂ ਏਨਾ ਕੁੱਝ ਜਾਣਨ ਦੇ ਬਾਦ ਵੀ ਹਿੰਦੂਆਂ ਦੀ ਸ਼ਰਧਾ ਇਹਨਾਂ ਦੇਵਤਿਆਂ ਵਿੱਚ ਘੱਟ ਨਹੀਂ ਹੋਈ ਹੈ। ਇਹ ਦੇਵਤੇ ਉਹਨਾਂ ਦੀ ਪੂਜਾ ਪ੍ਰਾਰਥਨਾ ਸਵੀਕਾਰ ਕਰਨ ਜਾਂ ਨਾ, ਪਰੰਤੂ ਹਿੰਦੂ ਲੋਕ ਜ਼ਰੂਰ ਇਹਨਾਂ ਦੀ ਪੂਜਾ ਕਰਦੇ ਹਨ ਅਤੇ ਇਹਨਾਂ ਤੋਂ ਸੁੱਖ ਸ਼ਾਂਤੀ ਦੀ ਉਮੀਦ ਕਰਦੇ ਹਨ।

ਹਿੰਦੂਆਂ ਦਾ ਹਜ਼ਾਰਾਂ ਸਾਲਾਂ ਦਾ ਇਤਿਹਾਸ ਦੱਸਦਾ ਹੈ ਕਿ ਹੁਣ ਤੱਕ ਲੱਖਾਂ ਦੇਵਤਿਆਂ ਦੇ ਘਰ ਬਰਬਾਦ ਕੀਤੇ ਗਏ, ਮੂਰਤੀਆਂ ਚੋਰੀ ਕੀਤੀਆਂ ਗਈਆਂ। ਲੱਖਾਂ ਲੋਕਾਂ ਦੇ ਜੁੱਤੀਆਂ ਦੀ ਚੋਰੀ ਹੋਈ, ਲੱਖਾਂ ਦੀਆਂ ਜੇਬਾਂ ਕੱਟੀਆਂ ਗਈਆਂ। ਪਰੰਤੂ ਏਨਾ ਕੁੱਝ ਹੋਣ ਉੱਤੇ ਵੀ ਹਿੰਦੂਆਂ ਦੀ ਨਾ ਤਾਂ ਸ਼ਰਧਾ ਵਿੱਚ ਕਮੀ ਆਈ ਹੈ ਅਤੇ ਨਾ ਹੀ

ਉਨ੍ਹਾਂ ਦੇ ਵਿਸ਼ਵਾਸ ਵਿੱਚ। ਹਜ਼ਾਰਾਂ ਸਮਾਜ-ਸੁਧਾਰਕਾਂ ਅਤੇ ਭਗਤਾਂ ਨੇ ਇਸ ਮੂਰਤੀ ਪੂਜਾ ਦੇ ਖਿਲਾਫ਼ ਆਵਾਜ਼ ਉਠਾਈ, ਲੋਕਾਂ ਨੂੰ ਤਰਕ ਦੇ ਨਾਲ ਸਮਝਾਇਆ, ਪਰੰਤੂ ਅੰਨ੍ਹੇ ਸ਼ਰਧਾਲੂ ਹਿੰਦੂਆਂ ਉੱਤੇ ਇਸ ਦਾ ਕੋਈ ਵੀ ਪ੍ਰਭਾਵ ਨਹੀਂ ਪਿਆ। ਮੰਦਰ ਟੁੱਟੇ, ਮੂਰਤੀਆਂ ਟੁੱਟੀਆਂ, ਸਨ ਜਾਇਦਾਦ ਲੁੱਟੀ ਗਈ, ਜਾਨ-ਮਾਲ ਦਾ ਬਹੁਤ ਵੱਡਾ ਨੁਕਸਾਨ ਸਹਿਣ ਕੀਤਾ, ਪਰੰਤੂ ਅੰਨ੍ਹੀਸ਼ਰਧਾ ਅਤੇ ਅੰਧਵਿਸ਼ਵਾਸ ਨਹੀਂ ਟੁੱਟਿਆ। ਫੇਰ ਤੋਂ ਮੰਦਰ ਬਣੇ, ਮੂਰਤੀਆਂ ਬਣੀਆਂ ਸ਼ਰਧਾ ਅਤੇ ਵਿਸ਼ਵਾਸ ਜਿਉਂ ਦਾ ਤਿਉਂ ਬਣਿਆ ਰਿਹਾ। ਢੀਠਤਾਈ ਦੀ ਇਸ ਤੋਂ ਵੱਡੀ ਉਦਾਹਰਣ ਹੋਰ ਕਿਧਰੇ ਨਹੀਂ ਮਿਲਦੀ। ਇਹਨਾਂ ਦੇਵਤਿਆਂ ਦੀ ਪ੍ਰਸ਼ੰਸਾ ਕਰਨ ਵਾਲੇ ਕਾਗਜ਼ ਦੇ ਗਰੰਥਾਂ, ਪੱਥਰ ਦੇ ਬੁੱਤਾਂ ਅਤੇ ਧਰਮ ਸਥਾਨਾਂ ਦੀ ਰੱਖਿਆ ਦੇ ਲਈ ਹਜ਼ਾਰਾਂ ਲੜਾਈਆਂ ਲੜੀਆਂ ਗਈਆਂ। ਮਨੁੱਖ ਦਾ ਖ਼ੂਨ ਵਹਾਇਆ ਗਿਆ। ਮਨੁੱਖਤਾ ਦਾ ਨਾਸ਼ ਕੀਤਾ ਗਿਆ ਅਤੇ ਅੱਜ ਵੀ ਕੀਤਾ ਜਾ ਰਿਹਾ ਹੈ। ਅੱਜ ਵੀ ਪੱਥਰ ਦੀ ਮੂਰਤੀ ਅਤੇ ਕਾਗਜ਼ ਦੇ ਗਰੰਥ ਕਿਸੇ ਬੰਦੇ ਦੀ ਜ਼ਿੰਦਗੀ ਤੋਂ ਵੱਧ ਕੀਮਤੀ ਮੰਨੇ ਜਾਂਦੇ ਹਨ।

ਪਰੰਤੂ ਇੱਕ ਗੱਲ ਜ਼ਰੂਰ ਵਿਚਾਰਨਯੋਗ ਹੈ ਕਿ ਜਦ ਹਜ਼ਾਰਾਂ ਸਾਲਾਂ ਦਾ ਇਤਿਹਾਸ ਇਸ ਗੱਲ ਨੂੰ ਸਪੱਸ਼ਟ ਕਰਦਾ ਹੈ ਕਿ ਹਿੰਦੂਆਂ ਦੇ ਇਹ ਕਲਪਿਤ ਦੇਵੀ ਦੇਵਤੇ ਉਹਨਾਂ ਦੀ ਕਿਸੇ ਵੀ ਪ੍ਰਕਾਰ ਦੀ ਸਹਾਇਤਾ ਨਹੀਂ ਕਰ ਸਕਦੇ ਤਾਂ ਫੇਰ ਆਖਿਰ ਉਹ ਕਿਹੜੀ ਉਮੀਦ ਲੈ ਕੇ ਆਪਣੀ ਅੰਨ੍ਹੀ ਸ਼ਰਧਾ, ਅੰਨ੍ਹੀ ਭਗਤੀ ਅਤੇ ਅੰਧਵਿਸ਼ਵਾਸ ਨੂੰ ਕਾਇਮ ਰੱਖਣਾ ਚਾਹੁੰਦੇ ਹਨ। ਉਹ ਇਸ ਰੂੜੀਵਾਦਿਤਾ ਤੋਂ ਪਿੱਛਾ ਕਿਉਂ ਨਹੀਂ ਛੁਡਾਉਣਾ ਚਾਹੁੰਦੇ। ਅੱਜ ਦੇ ਵਿਗਿਆਨਕ ਯੁੱਗ ਵਿੱਚ ਵੀ ਕਿਉਂ ਇਹਨਾਂ ਦੇਵਤਿਆਂ ਦੇ ਨਾਲ ਚਿਮੜੇ ਹੋਏ ਹਨ। ਅੱਜ ਵੀ ਉਹ ਸੁਖ ਸ਼ਾਂਤੀ ਦੇ ਲਈ ਇਹਨਾਂ ਦੇਵੀ ਦੇਵਤਿਆਂ ਦੇ ਅੱਗੇ ਕਿਉਂ ਹਾੜੇ ਕੱਢਦੇ ਹਨ, ਜਦ ਕਿ ਅੱਜ ਦੇ ਮਨੁੱਖ ਦਾ ਗਿਆਨ ਆਪਣੇ ਵਡੇਰਿਆਂ ਤੋਂ ਹਜ਼ਾਰਾਂ ਲੱਖਾਂ ਗੁਣਾਂ ਵੱਧ ਗਿਆ ਹੈ। ਅੱਜ ਦਾ ਉੱਨਤੀਸ਼ੀਲ ਮਨੁੱਖ ਕਦੇ ਵੀ ਕਿਸਮਤ, ਰੱਬ ਜਾਂ ਦੇਵਤਿਆਂ ਦੀ ਆਲੌਕਿਕ ਸ਼ਕਤੀ ਵਿੱਚ ਵਿਸ਼ਵਾਸ ਨਹੀਂ ਰੱਖਦਾ ਹੈ। ਵਿਗਿਆਨ ਦੀ ਸਿੱਖਿਆ ਨੇ ਪਰਾਭੌਤਿਕ ਸ਼ਕਤੀਆਂ ਨੂੰ ਨਕਾਰ ਦਿੱਤਾ ਹੈ। ਅੱਜ ਦਾ ਉੱਨਤੀਸ਼ੀਲ ਮਨੁੱਖ ਸਮਝ ਚੁੱਕਿਆ ਹੈ ਕਿ ਸੁੱਖ-ਸ਼ਾਂਤੀ ਦੇਣਾ ਦੇਵਤਿਆਂ ਦੇ ਹੱਥ ਵਿੱਚ ਨਹੀਂ ਹੈ। ਉਹ ਜਾਣਦਾ ਹੈ ਕਿ ਬਿਮਾਰੀਆਂ ਦੇਵੀ ਦੇਵਤਿਆਂ ਦੀ ਕਰੋਪੀ ਨਾਲ ਨਹੀਂ ਹੁੰਦੀ। ਇਹਨਾਂ ਸਭ ਗੱਲਾਂ ਦੇ ਕਾਰਨਾਂ ਨੂੰ ਵੀ ਸਮਝਦਾ ਹੈ। ਅੱਜ ਦੀ ਰਾਜਨੀਤਿਕ ਵਿਵਸਥਾ ਤੋਂ ਵੀ ਉਹ ਚੰਗੀ ਤਰ੍ਹਾਂ ਵਾਕਫ ਹੈ। ਆਪਣੀਆਂ ਸਮੱਸਿਆਵਾਂ ਦੇ ਕਾਰਨ ਵੀ ਉਹ ਸਮਝਦਾ ਹੈ, ਉਹਨਾਂ ਦੇ ਹੱਲ ਵੀ ਉਹ ਜਾਣ ਰਿਹਾ ਹੈ। ਪਰੰਤੂ ਫੇਰ ਵੀ ਇੱਕ ਬਹੁਤ ਵੱਡੀ ਭੀੜ ਇਥੇ ਮੌਜੂਦ ਹੈ, ਜੋ ਆਪਣੀ ਅੰਧਸ਼ਰਧਾ, ਅੰਧਭਗਤੀ, ਅੰਧਵਿਸ਼ਵਾਸ ਅਤੇ ਰੂੜੀਵਾਦਿਤਾ ਦਾ ਬੋਝ ਢੋਣ ਵਿੱਚ ਅਨੰਦ ਮਹਿਸੂਸ ਕਰਦੀ ਹੈ। ਇਹੀ ਉਹ ਭੀੜ ਹੈ ਜਿਹੜੀ ਸਭ ਤੋਂ ਵੱਧ ਦੁਖੀ ਹੈ, ਸਮੱਸਿਆਵਾਂ ਨਾਲ ਗ੍ਰਸਤ ਹੈ। ਇਸ ਲਈ ਦੇਵੀ-ਦੇਵਤਿਆਂ ਨੂੰ ਖੁਸ਼ ਕਰਕੇ ਆਪ ਵੀ ਖੁਸ਼ ਹੋਣਾ ਚਾਹੁੰਦੀ ਹੈ। ਇਹ ਜ਼ਿਆਦਾਤਰ ਅਨਪੜ੍ਹ, ਅਗਿਆਨੀ ਅਤੇ ਅਸਿੱਖਿਅਤ ਲੋਕਾਂ ਦੀ ਹੈ।



ਬੜੀ ਹੈਰਾਨੀ ਦੀ ਗੱਲ ਹੈ ਕਿ ਤੇਤੀ ਕਰੋੜ ਦੇਵਤਿਆਂ ਦੇ ਦੇਸ਼ ਵਿੱਚ ਸਭ ਤੋਂ ਵੱਧ ਭਿਖਾਰੀ, ਗਰੀਬ, ਅਸਿੱਖਿਅਤ, ਰੋਗੀ, ਬੇਰੋਜ਼ਗਾਰ ਲੋਕ ਹਨ। ਇਹਨਾਂ ਦੇਵਤਿਆਂ ਨੇ ਆਬਾਦੀ ਵਧਾਉਣ ਵਿੱਚ ਜ਼ਰੂਰ ਹੀ ਸਹਿਯੋਗ ਦਿੱਤਾ ਹੈ, ਕਿਉਂਕ ਜਿਸ ਦੇਸ਼ ਦੀ ਜ਼ਿਆਦਾਤਰ ਆਬਾਦੀ ਇਹ ਸਮਝ ਕੇ ਬੱਚੇ ਪੈਦਾ ਕਰੇ ਕਿ ਪਾਲਣ ਵਾਲੀ ਕੋਈ ਹੋਰ ਦੈਵੀ ਸ਼ਕਤੀ ਹੈ, ਜਿਸ ਨੂੰ ਸੱਭ ਦੀ ਫ਼ਿਕਰ ਹੈ, ਉਹ ਸਭ ਨੂੰ ਖਾਣ ਨੂੰ ਦੇਂਦੀ ਹੈ, ਦਿਆਲੂ ਹੈ, ਕ੍ਰਿਪਾਲੂ ਹੈ, ਦੁਖ-ਸੁਖ ਵਿੱਚ ਮਦਦ ਕਰਦੀ ਹੈ। ਇਸ ਪ੍ਰਕਾਰ ਦੀ ਸੋਚ ਦੇ ਕਾਰਨ ਹੀ ਸੱਭ ਕੁਝ ਕਿਸੇ ਅਗਿਆਤ ਦੈਵੀ ਸ਼ਕਤੀ ਦੇ ਭਰੋਸੇ ਛੱਡ ਦਿੱਤਾ ਜਾਂਦਾ ਹੈ, ਜੋ ਤਬਾਹੀ ਦੀ ਨਿਸ਼ਾਨੀ ਹੈ। ਇਸ ਦੇਸ਼ ਦੇ ਕਰੋੜਾਂ ਲੋਕ ਸਿਰਫ ਕਿਸਮਤ ਅਤੇ ਭਗਵਾਨ ਦੇ ਭਰੋਸੇ ਹੀ ਜਨਸੰਖਿਆ ਵਧਾ ਰਹੇ ਹਨ। ਉਹਨਾਂ ਨੂੰ ਮਾਮੂਲੀ ਵੀ ਗਿਆਨ ਨਹੀਂ ਹੈ ਕਿ ਵੱਧਦੀ ਹੋਈ ਜਨਸੰਖਿਆ ਹੀ ਸਾਡੀਆਂ ਕਰੋੜਾਂ ਸਮੱਸਿਆਵਾਂ ਨੂੰ ਜਨਮ ਦੇ ਰਹੀ ਹੈ। ਉਹ ਇਹਨਾਂ ਸਮੱਸਿਆਵਾਂ ਦੀ ਫਰਿਆਦ ਆਪਣੇ ਦੇਵਤਿਆਂ ਨੂੰ ਸੁਣਾਉਂਦੇ ਜ਼ਰੂਰ ਹਨ ਪਰੰਤੂ ਉਹਨਾਂ ਨਾਲ ਕੋਈ ਸ਼ਿਕਵਾ-ਸ਼ਿਕਾਇਤ ਨਹੀਂ ਕਰਦੇ, ਕਿਉਂਕਿ ਉਹਨਾਂ ਨੂੰ ਪਾਠ ਪੜ੍ਹਾਇਆ ਗਿਆ ਹੈ ਕਿ ਇਹਨਾਂ ਦੇਵੀ-ਦੇਵਤਿਆਂ ਅਤੇ ਰੱਬ ਦੇ ਘਰ ਦੇਰ ਹੈ ਅੰਧੇਰ ਨਹੀਂ। ਆਖਰ ਇਹ ਦੇਰ ਕਦੇ ਤਾਂ ਖ਼ਤਮ ਹੋਵੇਗੀ।

ਤਰੱਕੀਸ਼ੀਲ ਦੇਸ਼ਾਂ ਦਾ ਨਾਅਰਾ ਹੈ- 'ਕੰਮ ਹੀ ਪੂਜਾ ਹੈ।' ਪਰੰਤੂ ਭਾਰਤ ਵਿੱਚ ਲੋਕਾਂ ਦੀ ਇੱਕ ਵੱਡੀ ਗਿਣਤੀ 'ਪੂਜਾ' ਨੂੰ ਹੀ ਕੰਮ ਸਮਝਦੀ ਹੈ। ਜਿੱਥੇ ਉੱਨਤੀਸ਼ੀਲ ਦੇਸ਼ਾਂ ਦੇ ਲੋਕ ਸਵੇਰੇ ਉੱਠਦੇ ਸਾਰ ਕੰਮ ਉੱਤੇ ਲੱਗ ਜਾਂਦੇ ਹਨ, ਉਥੇ ਹੀ ਇਸ ਦੇਸ਼ ਦੇ ਲੋਕ ਹਰੇਕ ਕੰਮ ਨੂੰ ਕਰਨ ਤੋਂ ਪਹਿਲਾਂ ਪੂਜਾ-ਪ੍ਰਾਰਥਨਾ ਕਰਦੇ ਹਨ। ਇਸ ਦੇਸ਼ ਦੇ ਜ਼ਿਆਦਾਤਰ ਵਿਗਿਆਨਕ, ਇੰਜਨੀਅਰ ਵੀ ਸਵੇਰੇ ਉੱਠ ਕੇ ਪਹਿਲਾਂ ਆਪਣੀ ਦੇਵੀ-ਦੇਵਤਿਆਂ ਦੀ ਪੂਜਾ ਅਰਚਨਾ ਕਰਦੇ ਹਨ। ਸਾਡੇ ਦੇਸ਼ ਦੇ ਵੱਡੇ ਵੱਡੇ ਕਾਰਖਾਨੇ ਅਤੇ ਸਾਰੀ ਮਸ਼ੀਨਰੀ ਪੂਜਾ-ਅਰਚਨਾਂ ਦੇ ਬਾਦ ਹੀ ਵਰਤੋਂ ਵਿੱਚ ਲਿਆਈ ਜਾਂਦੀ ਹੈ। ਪੜ੍ਹਾਈ, ਸਿੱਖਿਆ, ਵਪਾਰ ਅਤੇ ਹੋਰ ਕਿਸਮ ਦਾ ਕੋਈ ਵੀ ਕਾਰੋਬਾਰ ਸ਼ੁਰੂ ਕਰਨ ਤੋਂ ਪਹਿਲਾਂ ਦੇਵਤਿਆਂ ਦੀ ਪੂਜਾ ਅਰਚਨਾਂ ਕੀਤੀ ਜਾਂਦੀ ਹੈ, ਪਰੰਤੂ ਫੇਰ ਵੀ ਸਿੱਖਿਆ, ਵਪਾਰ ਅਤੇ ਹੋਰ ਕਾਰੋਬਾਰਾਂ ਵਿੱਚ ਇਹਨਾਂ ਲੋਕਾਂ ਨੂੰ ਪੂਰੀ ਸਫ਼ਲਤਾ ਨਹੀਂ ਮਿਲਦੀ ਹੈ। ਦੇਸ਼ ਦੀ ਲੱਗਭੱਗ ਸਾਰੀਆਂ ਸਿੱਖਿਆਂ ਸੰਸਥਾਵਾਂ ਵਿੱਚ ਸਭ ਤੋਂ ਪਹਿਲਾਂ ਸਿੱਖਿਆਰਥੀ ਆਪਣੇ ਰੱਬ ਜਾਂ ਦੇਵ-ਦੇਵਤਿਆਂ ਦੇ ਅੱਗੇ ਪ੍ਰਾਰਥਨਾ ਕਰਦੇ ਹੋਏ ਸਿੱਖਿਆ ਅਤੇ ਸੁਖਸ਼ਾਂਤੀ ਦਾ ਦਾਨ ਮੰਗਦੇ ਹਨ। ਵਪਾਰੀ ਸ਼ੁੱਭ ਲਾਭ ਦੇ ਲਈ ਪੂਜਾ ਕਰਦੇ ਹਨ। ਉਦਯੋਗਪਤੀ ਮੁਨਾਫ਼ੇ ਦੀ ਇੱਛਾ ਕਰਦੇ ਹਨ। ਹਰੇਕ ਕਾਰੋਬਾਰੀ ਆਦਮੀ ਸਫ਼ਲਤਾ ਅਤੇ ਸੁੱਖ ਸ਼ਾਂਤੀ ਦੇ ਲਈ ਇਹਨਾਂ ਦੀ ਪੂਜਾ ਕਰਦਾ ਹੈ, ਪਰੰਤੂ ਇਹਨਾਂ ਵਿੱਚੋਂ ਹੀ ਜ਼ਿਆਦਾ ਤਰ ਲੋਕ ਅਸਫ਼ਲ ਹੁੰਦੇ ਹਨ, ਦੁਖੀ ਰਹਿੰਦੇ ਹਨ, ਨੁਕਸਾਨ ਉੱਠਾਂਦੇ ਹਨ। ਪਰੰਤੂ ਇੰਨੇ ਵਿੱਚ ਵੀ ਉਹ ਦੇਵਤਿਆਂ ਨੂੰ ਦੋਸ਼ੀ ਨਾ ਮੰਨ ਕੇ ਆਪਣੇ ਵਿਸ਼ਵਾਸ ਨੂੰ ਕਾਇਮ ਰੱਖਦੇ ਹਨ। ਉਹਨਾਂ ਦਾ ਅੰਨ੍ਹਾ

ਵਿਸ਼ਵਾਸ ਕਦੇ ਨਹੀਂ ਡੋਲਦਾ। ਆਖਰ ਅਜਿਹਾ ਕਿਉਂ ਹੈ?

ਸਾਰੇ ਦਿਨ ਦੇ ਚੋਰੀ, ਠੱਗੀ, ਬੇਈਮਾਨੀ, ਲੁੱਟ-ਖਸੁੱਟ, ਮਿਲਾਵਟਖੋਰੀ ਅਤੇ ਭ੍ਰਿਸ਼ਟਾਚਾਰ ਦੇ ਕਾਰੋਬਾਰ ਕਰਨ ਦੇ ਬਾਦ ਰਾਤ ਨੂੰ ਪਾਪ ਬਖ਼ਸ਼ਾਉਣ ਦੇ ਲਈ ਫੇਰ ਦੇਵਤਿਆਂ ਦੀ ਪ੍ਰਾਰਥਨਾ ਕੀਤੀ ਜਾਂਦੀ ਹੈ। ਪਾਪ ਅਤੇ ਠੱਗੀ ਦੀ ਕਮਾਈ ਦਾ ਇੱਕ ਹਿੱਸਾ ਇਹਨਾਂ ਦੇਵੀ ਦੇਵਤਿਆਂ ਨੂੰ ਖੁਸ਼ ਕਰਨ ਉੱਤੇ ਖਰਚ ਕੀਤਾ ਜਾਂਦਾ ਹੈ। ਦੇਵੀ-ਦੇਵਤਿਆਂ ਦੇ ਅਸਲੀ ਮਾਲਕ 'ਪੁਜਾਰੀ' ਪਾਪਾਂ ਦੇ ਪਸ਼ਚਾਤਾਪ ਕਰਨ ਦੇ ਲੱਖਾਂ ਉਪਾਅ ਦੱਸਦੇ ਹਨ। ਇਸ ਪ੍ਰਕਾਰ ਜ਼ਿਆਦਾਤਰ ਲੋਕ ਪਾਪ ਕਰਮ ਕਰਦੇ ਹੀ ਜਾ ਰਹੇ ਹਨ, ਕਿਉਂਕਿ ਪੁਜਾਰੀ ਵਰਗ ਕੁੱਝ ਦਾਨ ਦੱਛਨਾ ਲੈ ਕੇ ਆਪਣੇ ਦੇਵਤਿਆਂ ਤੋਂ ਇਹਨਾਂ ਲੋਕਾਂ ਦੇ ਪਾਪ ਬਖਸ਼ਾ ਦੇਂਦੇ ਹਨ। ਮਜ਼ੇਦਾਰ ਗੱਲ ਇਹ ਹੈ ਕਿ ਸਾਡੇ ਦੇਵਤੇ ਭੋਲੇ, ਮਾਸੂਮ ਅਤੇ ਬੱਚਿਆਂ ਵਰਗਾ ਹੈ ਜੋ ਬਹੁਤ ਜਲਦੀ ਗੁੱਸੇ ਵਿੱਚ ਆਉਂਦੇ ਹਨ, ਤਾਂ ਛੇਤੀ ਮੰਨ ਵੀ ਜਾਂਦੇ ਹਨ। ਸਾਡੇ ਧਰਮ ਗਰੰਥ ਗਵਾਹ ਹਨ ਕਿ ਇਹ ਦੇਵਤੇ ਭਗਤਾਂ ਨੂੰ ਵੀ ਵਰਦਾਨ ਦੇਂਦੇ ਰਹੇ ਹਨ ਅਤੇ ਰਾਖਸ਼ਾਂ ਨੂੰ ਵੀ। ਸਾਡੇ ਦੇਵੀ-ਦੇਵਤੇ ਭਗਤਾਂ, ਚੋਰਾਂ, ਡਾਕੂਆਂ, ਕਾਤਲਾਂ ਆਦਿ ਸਭਨਾਂ ਨੂੰ ਉਹਨਾਂ ਦੇ ਕੰਮਾਂ ਵਿੱਚ ਸਫ਼ਲਤਾ ਦਾ ਵਰਦਾਨ ਦੇਂਦੇ ਹਨ। ਇਹੀ ਕਾਰਨ ਹੈ ਕਿ ਇਹ ਲੋਕ ਆਪਣੇ ਧੰਦੇ ਬੜੀ ਸਫ਼ਲਤਾ ਨਾਲ ਚਲਾ ਰਹੇ ਹਨ। ਇਹਨਾਂ ਨੂੰ ਪਤਾ ਹੈ ਕਿ ਕੁੱਝ ਰਿਸ਼ਵਤ ਦੇ ਕੇ ਦੇਵਤਿਆਂ ਨੂੰ ਖੁਸ਼ ਕੀਤਾ ਜਾ ਸਕਦਾ ਹੈ।

ਸੱਚੇ, ਈਮਾਨਦਾਰ, ਤਿਆਗੀ, ਤਪੱਸਵੀ ਲੋਕਾਂ ਦੀ ਸੁਧ ਲੈਣ ਵਿੱਚ ਇਹ ਦੇਵਤੇ ਘੱਟ ਹੀ ਰੁਚੀ ਲੈਂਦੇ ਹਨ ਇਹੀ ਕਾਰਨ ਹੈ ਕਿ ਸਾਡੇ ਦੇਸ਼ ਦੇ ਕਿਸਾਨ, ਮਜ਼ਦੂਰ, ਕਾਰੀਗਰ ਅਤੇ ਛੋਟੇ ਮੁਲਾਜਮ, ਜੋ ਆਪਣੀ ਕਮਾਈ ਦਾ ਬਹੁਤ ਘੱਟ ਹਿੱਸਾ ਦੇਵੀ ਦੇਵਤਿਆਂ ਨੂੰ ਖੁਸ਼ ਕਰਨ ਦੇ ਲਈ ਨਿਕਾਲ ਪਾਉਂਦੇ ਹਨ, ਉਹ ਜ਼ਿਆਦਾਤਰ ਦੁਖੀ ਰਹਿੰਦੇ ਹਨ। ਅਸਲ ਵਿੱਚ ਇਹ ਦੇਵੀ ਦੇਵਤਾ ਅਮੀਰ ਲੋਕਾਂ ਦੇ ਹੀ ਸ਼ੁੱਭ ਚਿੰਤਕ ਹਨ, ਇਸ ਲਈ ਗਰੀਬਾਂ ਦੀ ਸੁਧ ਨਹੀਂ ਲੈਂਦੇ। ਜੇਕਰ ਗਰੀਬਾਂ ਦੀ ਸੁਧ ਨਹੀਂ ਲੈਂਦੇ ਤਾਂ ਫੇਰ ਆਖਰ ਕਿਉਂ ਦੇਸ਼ ਦੀ ਆਬਾਦੀ ਦਾ ਇੱਕ ਵੱਡਾ ਹਿੱਸਾ ਇਹਨਾਂ ਦੇ ਅੱਗੇ ਹਾੜੇ ਕੱਢਦਾ ਰਹਿੰਦਾ ਹੈ? ਆਖਰ ਕਿਉਂ ਇਹ ਲੋਕ ਦੇਵੀ ਦੇਵਤਿਆਂ ਦੇ ਪਿੱਛੇ ਲੱਗੇ ਹੋਏ ਹਨ।

ਦੇਸ਼ ਦੀ ਦੂਸਰੀ ਤਸਵੀਰ ਇਹ ਹੈ ਕਿ ਹਰੇਕ ਪਰਿਵਾਰ ਦੇ ਇੱਕ ਦੋ ਮੈਂਬਰ ਸਾਰਾ ਦਿਨ ਮਿਹਨਤ ਕਰਦੇ ਹਨ। ਹੋਰ ਮੈਂਬਰ ਆਪਣੀਆਂ ਰੋਜ਼ਾਨਾ-ਕਿਰਿਆਵਾਂ ਨੂੰ ਨਿਪਟਾ ਕੇ ਧਾਰਮਿਕ ਸਥਾਨਾਂ ਵਿੱਚ ਪੂਜਾ-ਪ੍ਰਾਰਥਨਾ, ਕੀਰਤਨ, ਜਗਰਾਤੇ, ਪਾਠ ਆਦਿਕ ਵਿੱਚ ਆਪਣਾ ਕੀਮਤੀ ਸਮਾਂ ਅਤੇ ਧਨ ਬਰਬਾਦ ਕਰਦੇ ਹਨ। ਜਿਉਂ ਹੀ ਪੁੱਤਰ ਕੰਮ ਸੰਭਾਲਨ ਦੇ ਯੋਗ ਹੋ ਜਾਂਦੇ ਹਨ, ਸਾਰੇ ਬਜ਼ੁਰਗ ਲੋਕ ਕੋਈ ਕੰਮ ਧੰਦਾ ਨਹੀਂ ਕਰਦੇ। ਉਹ ਆਪਣੇ ਜ਼ਿਆਦਾਤਰ ਖਾਲੀ ਸਮਾਂ ਪੂਜਾ ਅਰਚਨਾ ਵਿੱਚ ਹੀ ਗੰਵਾਂਦੇ ਹਨ, ਬਾਕੀ ਸਮਾਂ ਖਾਲੀ ਗੱਲਾਂ ਕਰਕੇ। ਇਸ ਪ੍ਰਕਾਰ ਘਰ ਦੀ ਖ਼ੂਨ ਪਸੀਨੇ ਦੀ ਕਮਾਈ ਦਾ ਵੱਡਾ ਹਿੱਸਾ ਸੁਖਸ਼ਾਂਤੀ ਦੀ ਇੱਛਾ ਹੇਤੂ ਦੇਵਤਿਆਂ ਉੱਤੇ ਚੜ੍ਹਾਵੇ ਦੇ ਰੂਪ ਵਿੱਚ ਚੜ੍ਹਾਇਆ ਜਾਂਦਾ ਹੈ। ਇਹ ਸੱਭ ਪੁਜਾਰੀ ਵਰਗ ਦੇ ਕੰਮ ਆਉਂਦਾ ਹੈ। ਇਹ ਵਰਗ ਦਿਨ ਪ੍ਰਤੀਦਿਨ ਅਮੀਰ ਬਣਦਾ ਜਾਂਦਾ ਹੈ। ਜੇਕਰ ਅਸੀਂ ਧਿਆਨ ਨਾਲ ਹੁਣ ਤੱਕ ਚਾਰੇ ਪਾਸੇ ਨਜ਼ਰ ਮਾਰੀਏ ਤਾਂ ਪਤਾ ਚੱਲਦਾ ਹੈ ਕਿ ਸਾਡੇ ਦੇਸ਼ ਦੀ ਇੱਕ ਵੱਡੀ ਆਬਾਦੀ ਸਿਰਫ਼ ਪੂਜਾ ਅਰਚਨਾ ਵਿੱਚ ਹੀ ਆਪਣਾ ਕੀਮਤੀ ਸਮਾਂ ਖੋ ਰਹੀ ਹੈ। ਸ਼ਹਿਰਾਂ ਦੀ 35-40 ਸਾਲਾਂ ਤੋਂ ਵੱਧ ਉਮਰ ਦੀਆਂ ਇਸਤਰੀਆਂ ਨੂੰ ਕਈ-ਕਈ ਘੰਟੇ ਮੰਦਰਾਂ, ਗੀਤਾਂ, ਭਵਨਾਂ, ਕੀਰਤਨ-ਘਰਾਂ ਜਾਂ ਸਤਿਸੰਗ ਘਰਾਂ ਵਿੱਚ ਪੂਜਾ-ਅਰਚਨਾ ਜਾਂ ਕੀਰਤਨ ਕਰਦੇ ਹੋਏ ਰੋਜ਼ਾਨਾਂ ਦੇਖਿਆ ਜਾ ਰਿਹਾ ਹੈ। ਪਰੰਤੂ ਇਹ ਆਪਣੇ ਘਰਾਂ ਵਿੱਚ ਆਪਣੀਆਂ ਬਹੂ-ਪੁੱਤਰੀਆਂ ਉੱਤੇ ਮਾਨਸਕ ਦਬਾਓ ਬਣਾਈ ਰੱਖਦੀਆਂ ਹਨ। ਆਪ ਤਾਂ ਕੋਈ ਕੰਮ ਨਹੀਂ ਕਰਦੀਆਂ, ਉਹਨਾਂ ਕੰਮ ਵਿੱਚ ਟੀਕਾ-ਟਿੱਪਣੀ ਜ਼ਰੂਰ ਕਰਦੀਆਂ ਹਨ। ਭਗਤੀ ਦਾ ਇਹ ਪਖੰਡ ਸਾਡੀ ਪਰਿਵਾਰਕ ਜ਼ਿੰਦਗੀ ਵਿੱਚ ਵੀ ਰੁਕਾਵਟ ਪਾਉਂਦਾ ਹੈ। ਸਮਾਜ ਵਿੱਚ ਭਗਤੀ ਕਰਨ ਵਾਲਿਆਂ ਦਾ ਆਦਰ ਅਤੇ ਕੰਮ ਕਰਨ ਵਾਲਿਆਂ ਦਾ ਅਨਾਦਰ ਕੀਤਾ ਜਾਂਦਾ ਹੈ। ਦੇਵੀ ਦੇਵਤਿਆਂ ਦੀ ਭਗਤੀ, ਪੂਜਾ-ਪ੍ਰਾਰਥਨਾ ਨੂੰ ਸਮਾਜਿਕ ਤੌਰ ਉੱਤੇ ਚੰਗਾ ਕੰਮ ਮੰਨਿਆ ਜਾਂਦਾ ਹੈ। ਜਿਹੜੇ ਲੋਕ ਅਜਿਹਾ ਨਹੀਂ ਕਰਦੇ,। ਉਹਨਾਂ ਨੂੰ ਆਦਰ ਦੀ ਭਾਵਨਾ ਨਾਲ ਨਹੀਂ ਦੇਖਿਆ ਜਾਂਦਾ। ਇਸ ਨੂੰ ਧਰਮ ਕਰਮ ਦਾ ਹਿੱਸਾ ਮੰਨਿਆ ਜਾਂਦਾ ਹੈ।

ਇਹੀ ਕਾਰਨ ਹੈ ਕਿ ਦੇਵੀ ਦੇਵਤਿਆਂ ਦਾ ਬੋਝ ਸਾਡੀ ਜਨਤਾ ਨੂੰ ਢੋਣਾ ਹੀ ਪੈਂਦਾ ਹੈ। ਉਹ ਸਿਰਫ਼ ਸਮਾਜ ਦੀਆਂ ਇਹਨਾਂ ਮਾਨਤਾਵਾਂ ਨਾਲ ਜੁੜੇ ਰਹਿਣ ਦੇ ਲਈ ਹੀ ਇਹ ਬੋਝ ਢੋਣ ਦੇ ਲਈ ਮਜ਼ਬੂਰ ਹਨ। ਉਹ ਚਾਹੁੰਦੇ ਹਨ ਕਿ ਬਦਲਾਅ ਆਵੇ ਪਰੰਤੂ ਦੂਜਿਆਂ ਵੱਲ ਦੇਖਦੇ ਹਨ ਕਿ ਪਹਿਲਾਂ ਕੌਣ ਬਗਾਵਤ ਕਰੇਗਾ। ਅਸੀਂ ਜਾਣਦੇ ਹਾਂ ਕਿ ਇਸ ਦੇਸ਼ ਦੀ ਪੂੰਜੀ ਦਾ ਪੰਜਾਹ ਪ੍ਰਤੀਸ਼ਤ ਹਿੱਸਾ ਸਿਰਫ ਦੇਵੀ ਦੇਵਤਿਆਂ ਦੇ ਘਰ ਬਣਾਉਣ ਵਿੱਚ ਹੀ ਖਰਚ ਹੋ ਚੁੱਕਿਆ ਹੈ। ਅੱਜ ਵੀ ਇਹਨਾਂ ਪੂਜਾ ਸਥਾਨਾਂ ਨੂੰ ਬਣਾਉਣ ਵਿੱਚ ਅਤੇ ਪੂਜਾ ਪਾਠਾਂ ਵਿੱਚ ਕਰੋੜਾਂ ਰੁਪਏ ਖਰਚ ਕੀਤੇ ਜਾਂਦੇ ਹਨ, ਪਰੰਤੂ ਲੋਕਾਂ ਦੀਆਂ ਸਮੱਸਿਆਵਾਂ ਉਨੀਆਂ ਹੀ ਵੱਧ ਵਧਦੀਆਂ ਜਾ ਰਹੀਆਂ ਹਨ, ਜਿੰਨੇ ਦੇਵਤਿਆਂ ਦੇ ਘਰ ਵੱਧਦੇ ਜਾ ਰਹੇ ਹਨ। ਜਦ ਤੱਕ ਕਿਸਮਤ, ਭਗਵਾਨ ਅਤੇ ਦੇਵੀ-ਦੇਵਤਿਆਂ ਵਿੱਚ ਅੰਧਵਿਸ਼ਵਾਸ ਬਣਿਆ ਰਹੇਗਾ ਤਦ ਤੱਕ ਸਮੱਸਿਆਵਾਂ ਦੇ ਠੀਕ ਕਾਰਨ ਅਤੇ ਹੱਲ ਵੱਲ ਲੋਕਾਂ ਦਾ ਧਿਆਨ ਜਾ ਹੀ ਨਹੀਂ ਸਕਦਾ। ਅਸਲ ਵਿੱਚ ਇਸ ਦੇ ਪਿੱਛੇ ਕੰਮ ਕਰ ਰਹੀ ਬਹੁਤ ਵੱਡੀ ਸਾਜ਼ਸ ਦਾ ਸਾਡੇ ਲੋਕਾਂ ਨੂੰ ਗਿਆਨ ਨਹੀਂ ਹੈ। ਇਹੀ ਕਾਰਨ ਹੈ ਕਿ ਤੇਤੀ ਕਰੋੜ ਦੇਵਤਿਆਂ ਦੇ ਇਲਾਵਾ ਇਸ ਦੇਸ਼ ਵਿੱਚ ਰੋਜ਼ਾਨਾ ਨਵੇਂ-ਨਵੇਂ ਦੇਵੀ ਦੇਵਤੇ, ਸਾਧੂ-ਸੰਤ ਅਤੇ ਅਖੌਤੀ ਭਗਵਾਨ ਪੈਦਾ ਹੁੰਦੇ ਹਨ, ਜੋ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦਾ ਲਾਲਚ ਦੇ ਕੇ ਉਨ੍ਹਾਂ ਨੂੰ ਲੁੱਟਦੇ ਹਨ ਅਤੇ ਗੁਮਰਾਹ ਕਰਦੇ ਹਨ ਇਹ ਲੋਕ ਆਪਣੇ ਆਪ ਨੂੰ ਤਾਂ ਕੁੱਝ ਹੀ ਦਿਨਾਂ ਵਿੱਚ ਆਪਣੀਆਂ ਸਮੱਸਿਆਵਾਂ ਦਾ ਹੱਲ ਕਰਕੇ ਅਮੀਰ ਹੋ ਜਾਂਦੇ ਹਨ ਪਰੰਤੂ ਸਾਧਾਰਨ ਜਨਤਾ ਦੀ ਹਾਲਤ ਦਿਨ ਪ੍ਰਤੀਦਿਨ ਭੈੜੀ ਹੁੰਦੀ ਜਾਂਦੀ ਹੈ। ਫੇਰ ਆਖਿਰ ਅਜਿਹਾ ਕਿਹੜਾ ਹਥਿਆਰ ਹੈ ਜੋ ਲੋਕਾਂ ਦੀ ਸੋਚ ਨੂੰ ਤਾਲਾ ਲਗਾਈ ਬੈਠਾ ਹੈ ਅਤੇ ਲੋਕ ਸੋਚਦੇ ਹਨ ਕਿ ਸਿਰਫ ਦੇਵੀ-ਦੇਵਤੇ ਜਾਂ ਕੋਈ ਹੋਰ ਅਲੌਕਿਕ ਸ਼ਕਤੀ ਹੀ ਉਹਨਾਂ ਦੀ ਫਰਿਆਦ ਸੁਣੇਗੀ।

ਆਓ! ਹੁਣ ਇਸਦੇ ਪਿੱਛੇ ਛੁਪੀ ਸਚਾਈ ਨੂੰ ਵੀ ਜਾਣੀਏ। ਭਾਵੇਂ ਹੀ ਭਾਰਤ ਅਨੇਕ ਧਰਮਾਂ, ਜਾਤਾਂ, ਉਪ-ਜਾਤਾਂ, ਵਰਗਾਂ, ਨਸਲਾਂ, ਰੰਗਾਂ ਦੇ ਲੋਕਾਂ ਦਾ ਦੇਸ਼ ਹੈ। ਅਸਲੀ ਰੂਪ ਵਿੱਚ ਇਥੇ ਸਿਰਫ਼ ਦੋ ਹੀ ਮੁੱਖ ਵਰਗ ਹਨ। ਇੱਕ ਵਰਗ ਅਜਿਹਾ ਹੈ ਜਿਹੜਾ ਮਿਹਨਤਕਸ਼ਾਂ ਦਾ ਹੈ। ਇਹ ਹੀ ਉਹ ਲੋਕ ਹਨ ਜੋ ਸਰੀਰਕ ਮਿਹਨਤ ਕਰਦੇ ਹਨ, ਉਤਪਾਦਨ ਕਰਦੇ ਹਨ, ਉਸਾਰੀ ਕਰਦੇ ਹਨ। ਦੂਜਾ ਉਹ ਵਰਗ ਹੈ, ਜੋ ਕਿਸੇ ਪ੍ਰਕਾਰ ਕੀ ਸਰੀਰਕ ਮਿਹਨਤ ਕੀਤੇ ਬਗੈਰ, ਸਿਰਫ ਪੂਜੀ ਦੇ ਬਲ ਉੱਤੇ, ਮੁਨਾਫੇ ਦਾ ਇੱਕ ਵੱਡਾ ਹਿੱਸਾ ਬਟੋਰ ਰਿਹਾ ਹੈ। ਉਤਪਾਦਨ ਦੁਆਰਾ ਹਏ ਮੁਨਾਫੇ ਵਿੱਚੋਂ ਮਿਹਨਤਕਸ਼ ਵਰਗ ਨੂੰ ਬਹੁਤ ਹੀ ਘੱਟ ਹਿੱਸਾ 'ਮਜ਼ਦੂਰੀ' ਦੇ ਰੂਪ ਵਿੱਚ ਦਿੱਤਾ ਜਾਂਦਾ ਹੈ। ਇਸ ਮਿਹਨਤ ਨਾਲ ਇਸ ਵਰਗ ਦੀਆਂ ਮੁੱਢਲੀਆਂ ਲੋੜਾਂ ਵੀ ਪੂਰੀਆਂ ਨਹੀਂ ਹੁੰਦੀਆਂ। ਰੋਟੀ, ਕੱਪੜਾਂ, ਮਕਾਨ, ਸਿੱਖਿਆ, ਸਿਹਤ ਵਰਗੀਆਂ ਜ਼ਰੂਰਤਾਂ ਤੋਂ ਇਸ ਵਰਗ ਨੂੰ ਵਾਂਝਾ ਕੀਤਾ ਗਿਆ ਹੈ। ਇਹ ਠੀਕ ਹੈ ਕਿ ਇੱਕ ਬੰਦਾ ਪੂੰਜੀ ਲਗਾਉਂਦਾ ਹੈ, ਉਸਨੂੰ ਆਪਣੀ ਪੂੰਜੀ ਦਾ ਘੁਮੰਡ ਹੈ ਕਿ ਉਸਦੀ ਪੂੰਜੀ ਲਗਾਏ ਬਿਨਾਂ ਕੋਈ ਉਤਪਾਦਨ ਕਿਵੇਂ ਹੋ ਸਕਦਾ ਹੈ। ਇਸ ਲਈ ਉਹ ਉਤਪਾਦਨ ਉੱਤੇ ਆਪਣਾ ਸਾਰਾ ਹੱਕ ਜਮਾਈ ਰੱਖਣਾ ਚਾਹੁੰਦਾ ਹੈ। ਪਰੰਤੂ ਸਚਾਈ ਤਾਂ

ਇਹ ਹੈ ਕਿ ਮਿਹਨਤਕਸ਼ ਵਰਗ ਦੇ ਬਿਨਾਂ ਤਾਂ ਉਸਦਾ ਉਤਪਾਦਨ ਕੰਮ ਹੋ ਹੀ ਨਹੀਂ ਸਕਦਾ। ਉਸਦੀ ਲੱਗੀ ਪੂੰਜੀ ਵੀ ਡੁੱਬ ਜਾਵੇਗੀ। ਸਿੱਟੇ ਵੱਜੋਂ ਦੋਵੇਂ ਇੱਕ ਦੂਜੇ ਦੇ ਪੂਰਕ ਹਨ। ਇਸ ਲਈ ਮੁਨਾਫ਼ਾ ਵੀ ਠੀਕ ਰੂਪ ਵਿੱਚ ਵੰਡਿਆ ਜਾਣਾ ਚਾਹੀਦਾ ਹੈ।

ਇਸ ਪ੍ਰਕਾਰ ਸਾਡਾ ਸਮਾਜ ਦੋ ਮੁੱਖ ਵਰਗਾਂ ਵਿੱਚ ਵੰਡ ਚੁੱਕਿਆ ਹੈ। ਇੱਕ ਅਮੀਰ ਅਤੇ ਦੂਸਰੇ ਗਰੀਬ। ਦੂਜੇ ਸ਼ਬਦਾਂ ਵਿੱਚ ਇਸਨੂੰ 'ਸ਼ੋਸ਼ਕ' ਅਤੇ 'ਸ਼ੋਸ਼ਿਤ' ਵਰਗ ਕਿਹਾ ਜਾਂਦਾ ਹੈ। ਸ਼ੋਸ਼ਕ ਵਰਗ ਉਹ ਹੇ ਜੋ ਦੂਜਿਆਂ ਉੱਤੇ ਜ਼ੁਲਮ ਕਰਦਾ ਹੈ। ਸ਼ੋਸ਼ਿਤ ਵਰਗ ਹੈ, ਜਿਸ ਉੱਤੇ ਜ਼ੁਲਮ ਹੋ ਰਿਹਾ ਹੈ। ਦੋਵੇਂ ਵਰਗ ਆਪਣੇ-ਆਪਣੇ ਹਿੱਤ ਦੇ ਲਈ ਸੰਘਰਸ਼ ਕਰ ਰਹੇ ਹਨ। ਇਸਨੂੰ ਹੀ ਵਰਗ-ਸੰਘਰਸ਼ ਕਿਹਾ ਜਾਂਦਾ ਹੈ। ਮਿਹਨਤਕਸ਼ ਵਰਗ ਆਪਣੇ ਹੱਕ ਪ੍ਰਾਪਤ ਕਰਨ ਦੇ ਲਈ ਜਲਸੇ, ਜਲੂਸ, ਹੜਤਾਲ ਆਦਿਕ ਦੁਆਰਾ ਦਬਾਅ ਬਣਾਉਣਾ ਚਾਹੁੰਦਾ ਹੈ ਅਤੇ ਸ਼ੋਸ਼ਕ ਵਰਗ ਉਸ ਤੋਂ ਲਗਾਤਾਰ ਕੰਮ ਲੈਣ ਦੇ ਲਈ ਸਰੀਰਕ, ਮਾਨਸਿਕ ਅਤੇ ਬੌਧਿਕ ਤੌਰ ਉੱਤੇ ਉਸਨੂੰ ਅਪੰਗ ਬਣਾਉਣਾ ਚਾਹੁੰਦਾ ਹੈ। ਪਹਿਲਾਂ ਉਹ ਸ਼ਕਤੀ ਦੀ ਵਰਤੋਂ ਕਰਕੇ ਉਹਨਾਂ ਦਬਾਉਣਾ ਚਾਹੁੰਦਾ ਹੈ। ਫੇਰ ਉਨ੍ਹਾਂ ਦੀ ਏਕਤਾਂ ਨੂੰ ਤੋੜਨ ਦੇ ਲਈ ਜਾਤ, ਧਰਮ, ਭਾਸ਼ਾ, ਇਲਾਕਾ, ਬੋਲੀ ਦੀ ਦੁਹਾਈ ਕੇ ਕੇ ਫੁੱਟ ਪਾਉਂਦਾ ਹੈ। ਇਸ ਪ੍ਰਕਾਰ ਉਹ ਉਹਨਾਂ ਦੀ ਏਕਤਾ ਨੂੰ ਤੋੜਨ ਵਿੱਚ ਸਫ਼ਲ ਰਹਿੰਦਾ ਹੈ। ਇਹੀ ਕਾਰਨ ਹੈ ਜਿਹਨਾਂ ਨੇ ਮਿਹਨਤਕਸ਼ ਵਰਗ ਦੇ ਸੰਘਰਸ਼ ਨੂੰ ਅਸਫ਼ਲ ਕੀਤਾ ਹੈ। ਮਿਹਨਤਕਸ਼ ਵਰਗ ਦੀ ਏਕਤਾ ਹਮੇਸ਼ਾ ਹੀ ਪੂੰਜੀਪਤੀ, ਜਗੀਰਦਾਰੀ ਅਤੇ ਰਾਜਤੰਤਰ ਦੇ ਲਈ ਘਾਤਕ ਹੁੰਦੀ ਹੈ। ਇਸ ਲਈ ਕਿਸੇ ਵੀ ਅਜਿਹੀ ਰਾਜਨੈਤਿਕ ਵਿਵਸਥਾ ਨੂੰ ਸਫ਼ਲ ਬਣਾਉਣ ਦੇ ਲਈ ਉਪਰੋਕਤ ਧਰਮ, ਜਾਤ, ਭਾਸ਼ਾ, ਨਸਲ, ਰੰਗਭੇਦ ਆਦਿਕ ਹਥਿਆਰਾਂ ਨੂੰ ਹਮੇਸ਼ਾ ਵਰਤੋਂ ਵਿੱਚ ਲਿਆਇਆ ਜਾਂਦਾ ਹੈ।

ਇਤਿਹਾਸ ਗਵਾਹ ਹੈ ਕਿ ਰਾਜਾ ਅਤੇ ਪਰਜਾ ਵਿੱਚ ਤਾਲਮੇਲ ਕਾਇਮ ਕਰਨ ਦੇ ਲਈ ਇੱਕ ਵਿਸ਼ੇਸ਼ ਵਰਗ (ਪੁਜਾਰੀ ਵਰਗ) ਦੀ ਜ਼ਰੂਰਤ ਪਈ ਸੀ, ਜਿਸਨੇ ਹਮੇਸ਼ਾ ਰਾਜੇ ਦੇ ਹਿੱਤਾਂ ਦਾ ਧਿਆਨ ਰੱਖਿਆ ਅਤੇ ਲੋਕਾਂ ਨੂੰ ਕਿਸਮਤ, ਰੱਬ, ਦੇਵੀ ਦੇਵਤੇ, ਦਾਨ-ਪੁੰਨ, ਸਵਰਗ-ਨਰਕ, ਪਿਛਲੇ ਜਨਮ ਦੇ ਕਰਮਾਂ ਦਾ ਫ਼ਲ, ਕਿਸਮਤ ਬਦਲਣ ਦੇ ਲਈ ਅਤੇ ਸਾਰੀਆਂ ਸਮੱਸਿਆਵਾਂ ਦੇ ਹੱਲ ਦੇ ਲਈ ਪੂਜਾ ਪ੍ਰਾਰਥਨਾ ਦੁਆਰਾ ਦੇਵੀ ਦੇਵਤੇ ਜਾਂ ਰੱਬ ਨੂੰ ਖੁਸ਼ ਕਰਨ ਦੇ ਮਾਮਲੇ ਵਿੱਚ ਉਲਝਾ ਦਿੱਤਾ। ਹੌਲੀ ਹੌਲੀ ਧਰਮ ਦੇ ਨਾਂ ਉੱਤੇ ਉਹਨਾਂ ਨੇ ਇਹ ਕਰਮ-ਕਾਂਡ ਕਰਨ ਦੇ ਲਈ ਮਜ਼ਬੂਰ ਕੀਤਾ ਗਿਆ। ਹੌਲੀ-ਹੌਲੀ ਲੋਕਾਂ ਨੂੰ ਮਾਨਸਿਕ ਤੌਰ ਉੱਤੇ ਗੁਲਾਮ ਬਣਾ ਲਿਆ ਗਿਆ ਅਤੇ ਉਹਨਾਂ ਦਾ ਮਾਨਸਿਕ ਸੋਸ਼ਣ ਕਰਦੇ ਹੋਏ ਉਨ੍ਹਾਂ ਨੂੰ ਇਹ ਜਚਾ ਦਿੱਤਾ ਗਿਆ ਕਿ ਉਹਨਾਂ ਦੀ ਕਿਸਮਤ ਇਹਨਾਂ ਦੇਵੀ ਦੇਵਤਿਆਂ ਜਾਂ ਰੱਬ ਦੇ ਰਹਿਮੋਕਰਮ ਉੱਤੇ ਹੈ। ਜਿੰਨਾਂ ਉਹ ਵੱਧ ਇਹਨਾਂ ਨੂੰ ਖੁਸ਼ ਰੱਖਣਗੇ, ਉਨਾਂ ਹੀ ਸਮੱਸਿਆਵਾਂ ਤੋਂ ਦੂਰ ਰਹਿਣਗੇ। ਜਿੰਨਾ ਵੱਧ ਸਮਾਂ ਪੂਜਾ-ਪ੍ਰਾਰਥਨਾ ਵਿੱਚ ਬਤੀਤ ਕਰੋਗੇ, ਉਤਨਾ ਹੀ ਉਨ੍ਹਾਂ ਦਾ ਭਵਿੱਖ ਰੌਸ਼ਨ ਹੋਵੇਗਾ। ਫੇਰ ਅਗਲੇ ਜਨਮ ਵਿੱਚ ਵੀ ਸੁਖ ਹੀ ਸੁਖ ਹੋਵੇਗਾ। ਉਨ੍ਹਾਂ ਨੂੰ ਇਸ ਜਨਮ ਦੇ ਦੁੱਖਾਂ ਦਾ ਕਾਰਨ ਪਿਛਲੇ ਜਨਮ ਦੇ ਕਰਮਾਂ ਦਾ ਫ਼ਲ ਦੱਸਿਆ ਗਿਆ ਅਤੇ ਉਪਾਅ ਦੇ ਲਈ ਪੂਜਾਪਾਠ, ਨਾਮ, ਦਾਨ, ਸਿਮਰਨ ਕਰਨਾ ਦੱਸਿਆ ਗਿਆ।

# ਵਿਲਮਾ ਰੁਡੋਲਫ

ਵਿਲਮਾ ਰੁਡੋਲਫ ਦਾ ਜਨਮ ਅਮਰੀਕਾ ਦੇ ਟੇਨੇਸੀ ਪ੍ਰਾਂਤ ਦੇ ਇਕ ਗਰੀਬ ਘਰ ਵਿੱਚ ਹੋਇਆ ਸੀ। ਚਾਰ ਸਾਲ ਦੀ ਉਮਰ ਵਿਚ ਵਿਲਮਾ ਰੁਡੋਲਫ ਨੂੰ ਪੋਲਿਓ ਹੋ ਗਿਆ ਅਤੇ ਉਹ ਅਪਾਹਜ ਹੋ ਗਈ। ਵਿਲਮਾ ਰੁਡੋਲਫ ਕੇਲਿਪਰਸ ਦੇ ਸਹਾਰੇ ਚਲਦੀ ਸੀ। ਡਾਕਟਰਾਂ ਨੇ ਹਾਰ ਮੰਨ ਲਈ ਅਤੇ ਕਹਿ ਦਿੱਤਾ ਕਿ ਉਹ ਕਦੇ ਵੀ ਜ਼ਮੀਨ ਤੇ ਚੱਲ ਨਹੀਂ ਸਕੇਗੀ।



ਵਿਲਮਾ ਰੁਡੋਲਫ ਦੀ ਮਾਂ ਸਕਾਰਾਤਮਕ ਵਿਰਤੀ ਦੀ ਔਰਤ ਸੀ ਅਤੇ ਉਸ ਨੇ ਵਿਲਮਾ ਨੂੰ ਪ੍ਰੇਰਿਆ ਅਤੇ ਕਿਹਾ ਕਿ ਤੂੰ ਕੁਝ ਵੀ ਕਰ ਸਕਦੀ ਹੈਂ। ਇਸ ਸੰਸਾਰ ਵਿਚ ਅਸੰਭਵ ਕੁਝ ਵੀ ਨਹੀਂ। ਵਿਲਮਾ ਨੇ ਆਪਣੀ ਮਾਂ ਨੂੰ ਕਿਹਾ, "ਕੀ ਮੈਂ ਦੁਨੀਆਂ ਦੀ ਸਭ ਤੋਂ ਤੇਜ਼ ਦੌੜਾਕ ਬਣ ਸਕਦੀ ਹਾਂ?"

ਮਾਂ ਨੇ ਵਿਲਮਾ ਨੂੰ ਕਿਹਾ ਕਿ ਵਿਸ਼ਵਾਸ਼, ਮਿਹਨਤ ਅਤੇ ਲਗਨ ਨਾਲ ਤੂੰ ਜੋ ਚਾਹੇਂ ਉਹ ਪ੍ਰਾਪਤ ਕਰ ਸਕਦੀ ਹੈਂ।

ਨੌਂ ਸਾਲ ਦੀ ਉਮਰ ਵਿੱਚ ਜਿੱਦ ਕਰਕੇ ਆਪਣੇ ਕੈਲੀਪ੍ਰਸ ਕੱਢਵਾ ਦਿੱਤੇ ਅਤੇ ਚਲਣਾ ਸ਼ੁਰੂ ਕਰ ਦਿੱਤਾ। ਕੇਲਿਪਰਸ ਉਤਰਨ ਮਗਰੋਂ ਤੁਰਨ ਦਾ ਯਤਨ ਕਰਦੇ ਹੋਏ ਉਸਨੇ ਕਈ ਵਾਰ ਸੱਟਾਂ ਖਾਧੀਆਂ, ਦਰਦ ਸਹਿਦੀ ਰਹੀ, ਪਰ ਉਸਨੇ ਹਿੰਮਤ ਨਹੀਂ ਹਾਰੀ ਅਤੇ ਲਗਾਤਾਰ ਕੋਸ਼ਿਸ਼ ਕਰਦੀ ਰਹੀ। ਅਖੀਰ ਵਿੱਚ ਜਿੱਤ ਉਸੇ ਦੀ ਹੋਈ ਅਤੇ ਇਕ ਦੋ ਵਰ੍ਹਿਆਂ ਪਿੱਛੋਂ ਉਹ ਬਿਨਾਂ ਕਿਸੇ ਸਹਾਰੇ ਦੇ ਤੁਰਨ ਵਿੱਚ ਸਫ਼ਲ ਹੋ ਗਈ। ਉਸਨੇ 13 ਵਰ੍ਹਿਆਂ ਦੀ ਉਮਰ ਵਿਚ ਆਪਣੀ ਪਹਿਲੀ ਦੌੜ ਪ੍ਰਤਿਯੋਗਿਤਾ ਵਿੱਚ ਭਾਗ ਲਿਆ ਅਤੇ ਸਭ ਤੋਂ ਅਖੀਰਲੇ ਸਥਾਨ ਤੇ ਰਹੀ। ਪਰ ਉਸਨੇ ਹਾਰ ਨਹੀਂ ਮੰਨੀ ਅਤੇ ਲਗਾਤਾਰ ਦੌੜ ਪ੍ਰਤਿਯੋਗਿਤਾਵਾਂ ਵਿਚ ਹਿਸਾ ਲੈਂਦੀ ਰਹੀ। ਕਈ ਵਾਰ ਹਾਰਨ ਦੇ ਬਾਵਜੂਦ ਉਹ ਪਿੱਛੋਂ ਨਹੀਂ ਹਟੀ ਅਤੇ ਕੋਸ਼ਿਸ਼ ਕਰਦੀ ਗਈ। ਅਤੇ ਅੰਤ ਵਿਚ ਇਕ ਦਿਨ ਅਜਿਹਾ ਆਇਆ ਜਦੋਂ ਉਸਨੇ ਮੁਕਾਬਲੇ ਵਿਚ ਪਹਿਲਾ ਸਥਾਨ ਪ੍ਰਾਪਤ ਕਰ ਲਿਆ।

15 ਵਰ੍ਹਿਆਂ ਦੀ ਉਮਰ ਵਿੱਚ ਉਸਨੇ ਟੇਨੇਸੀ ਸੂਬਾ ਵਿਸ਼ਵ ਵਿਦਿਆਲਿਆ ਵਿਚ ਦਾਖਲਾ ਲਿਆ। ਜਿੱਥੇ ਉਸਨੂੰ ਕੋਚ ਅਡ ਟੇਂਪਲ ਮਿਲੇ। ਵਿਲਮਾ ਨੇ ਟੇਂਪਲ ਨੂੰ ਆਪਣੀ ਇੱਛਾ ਦੱਸੀ ਅਤੇ ਕਿਹਾ ਕਿ ਉਹ ਸਭ ਤੋਂ ਤੇਜ਼ ਦੌੜਾਕ ਬਣਨਾ ਚਾਹੁਦੀ ਹੈ। ਕੋਚ ਨੇ ਉਸਨੂੰ ਕਿਹਾ - "ਤੁਹਾਡੀ ਇਸੇ ਇੱਛਾ ਸ਼ਕਤੀ ਦੇ ਕਾਰਨ ਤੁਹਾਨੂੰ ਰੋਕ ਨਹੀਂ ਸਕਦਾ ਅਤੇ ਮੈਂ ਇਸ ਵਿੱਚ ਤੁਹਾਡੀ ਮਦਦ ਕਰਾਂਗਾ।"

ਵਿਲਮਾ ਨੇ ਲਗਾਤਾਰ ਸਖ਼ਤ ਮਿਹਨਤ ਕੀਤੀ ਅਤੇ ਆਖਿਰਕਾਰ ਉਸਨੂੰ ਉਲੰਪਿਕ ਵਿਚ ਭਾਗ ਲੈਣ ਦਾ ਮੌਕਾ ਮਿਲ ਗਿਆ। ਵਿਲਮਾ ਦਾ ਸਾਹਮਣਾ ਇਕ ਅਜਿਹੀ ਦੌੜਾਕ (ਜੁਤਾ ਹੇਨ) ਨਾਲ ਹੋਇਆ ਜਿਸ ਨੂੰ ਅਜੇ ਤੱਕ ਕੋਈ ਨਹੀਂ ਹਰਾ ਸਕਿਆ ਸੀ। ਪਹਿਲੀ ਰੇਸ 100 ਮੀਟਰ ਦੀ ਸੀ ਜਿਸ ਵਿੱਚ ਵਿਲਮਾ ਨੇ ਜੁਤਾ ਨੂੰ ਹਰਾਕੇ ਸੋਨੇ ਦਾ ਤਮਗਾ ਜਿੱਤ ਲਿਆ ਅਤੇ ਦੂਸਰੀ ਰੇਸ (200 ਮੀਟਰ) ਵਿਚ ਵੀ ਵਿਲਮਾ ਦੇ ਸਾਹਮਣੇ ਜੁਤਾ ਹੀ ਸੀ ਜਿਸ ਵਿੱਚ ਵੀ ਵਿਲਮਾ ਨੇ ਜੁਤਾ ਨੂੰ ਹਰਾ ਦਿੱਤਾ ਅਤੇ ਦੂਸਰਾ ਸੋਨੇ ਦਾ ਤਮਗਾ ਜਿੱਤ ਲਿਆ।

ਤਿਸਰੀ ਦੌੜ 400 ਮੀਟਰ ਦੀ ਰਿਲੇ ਰੇਸ ਸੀ ਅਤੇ ਵਿਲਮਾ ਦਾ ਮੁਕਾਬਲਾ ਇਕ ਵਾਰ ਫਿਰ ਜੁਤਾ ਨਾਲ ਹੀ ਸੀ। ਰਿਲੇ ਰੇਸ ਦਾ ਆਖਰੀ ਹਿੱਸਾ ਟੀਮ ਦਾ ਸਭ ਤੋਂ ਤੇਜ ਅਥਲੀਟ ਹੀ ਦੌੜਦਾ ਹੈ। ਵਿਲਮਾ ਦੀ ਟੀਮ ਦੇ ਤਿੰਨ ਲੋਕ ਰਿਲੇ ਰੇਸ ਦੇ ਸ਼ੁਰੂਆਤੀ ਤਿੰਨ ਹਿੱਸੇ ਵਿੱਚ ਦੌੜੇ ਅਤੇ ਆਸਾਨੀ ਨਾਲ ਬੇਟਨ ਬਦਲੀ। ਜਦੋਂ ਵਿਲਮਾ ਦੇ ਦੌੜਣ ਦੀ ਵਾਰੀ ਆਈ ਤਾਂ, ਉਸ ਤੋਂ ਬੇਟਨ ਡਿੱਗ ਪਈ। ਪਰ ਵਿਲਮਾ ਨੇ ਦੇਖ ਲਿਆ ਕਿ ਦੂਸਰੇ ਛੋਰ ਤੇ ਜੁਤਾ ਹੇਨ ਤੇਜੀ ਨਾਲ ਦੌੜ ਆ ਰਹੀ ਹੈ। ਵਿਲਮਾ ਨੇ ਗਿਰੀ ਹੋਈ ਬੇਟਨ ਚੁੱਕੀ ਅਤੇ ਮਸ਼ੀਨ ਵਾਂਗ ਤੇਜੀ ਨਾਲ ਦੌੜੀ ਅਤੇ ਜੁਤਾ ਨੂੰ ਤੀਸਰੀ ਵਾਰ ਵੀ ਹਰਾਇਆ ਅਤੇ ਆਪਣਾ ਤੀਸਰਾ ਗੋਲਡ ਮੇਡਲ ਜਿੱਤਿਆ

ਇਸ ਤਰ੍ਹਾਂ ਇਕ ਅਪਾਹਜ ਔਰਤ (ਜਿਸਨੂੰ ਡਾਕਟਰਾਂ ਨੇ ਕਹਿ ਦਿੱਤਾ ਸੀ ਕਿ ਉਹ ਕਦੇ ਵੀ ਚਲ ਨਹੀਂ ਸਕੇਗੀ) ਦੁਨੀਆਂ ਦੀ ਸਭ ਤੋਂ ਤੇਜ਼ ਦੌੜਾਕ ਬਣ ਗਈ ਅਤੇ ਇਹ ਸਾਬਤ ਕਰਦਾ ਹੈ ਕਿ ਇਸ ਦੁਨੀਆਂ ਵਿਚ ਨਾਮੁਮਕਿਨ ਕੁਝ ਵੀ ਨਹੀਂ।

# 'ਨਾਗ ਦੇਵਤਾ' ਦਾ ਮੰਦਰ ਬਣਨ 'ਤੇ ਲੱਗੀ ਰੋਕ



ਜਿੰਦੀ ਪੇਂਟਰ ਤਰਕਸ਼ੀਲ
ਮੋਬਾ: 98156-81834

ਮੇਰੇ ਪਿੰਡ 'ਬਿਰਕ' ਦੇ ਨੇੜੇ ਫਗਵਾੜੇ ਤੋਂ ਮੁਕੰਦਪੁਰ ਰੋਡ ਉੱਤੇ ਪਾਣੀ ਦੀ ਇੱਕ ਲੰਮੀ ਨਹਿਰ ਅਤੇ ਇਸ ਨਹਿਰ ਦੇ ਨਾਲ-ਨਾਲ ਇੱਕ ਪਾਸੇ ਆਵਾਜਾਈ ਲਈ ਪੱਕੀ ਸੜਕ ਬਣੀ ਹੋਈ ਹੈ। ਆਵਾਜਾਈ ਵਾਲੇ ਪਾਸੇ ਤੋਂ ਨਹਿਰ ਟੱਪ ਕੇ ਦੂਜੇ ਪਾਸੇ ਜਿਮੀਂਦਾਰਾਂ ਦੇ ਝੋਨੇ ਦੇ ਖੇਤ ਹਨ। ਅਗਸਤ 2007 ਵਿੱਚ ਉਹਨਾਂ ਨੇ ਇਨ੍ਹਾਂ ਖੇਤਾਂ 'ਚ ਕੀੜੇ-ਮਕੌੜੇ ਮਾਰਨ ਵਾਲੀ ਕੀਟ-ਨਾਸ਼ਕ ਦਵਾਈ ਛਿੜਕ ਦਿੱਤੀ। ਉਨ੍ਹਾਂ ਦਿਨਾਂ 'ਚ ਅਚਾਨਕ ਦੋ ਕੁ ਫੁੱਟ ਦਾ ਬਿਨਾਂ ਜਹਿਰ ਵਾਲਾ ਇੱਕ 'ਸੱਪ' ਆਪਣੇ ਸ਼ਿਕਾਰ (ਭੋਜਨ) ਚੂਹੇ-ਡੱਡੂ ਦੀ ਭਾਲ਼ 'ਚ ਇਨ੍ਹਾਂ ਖੇਤਾਂ 'ਚ ਆ ਵੜਿਆ। ਕਿਸੇ ਤਰ੍ਹਾਂ 'ਦਵਾਈ' ਦਾ ਅਸਰ ਇਸ ਸੱਪ ਉਪਰ ਵੀ ਹੋ ਗਿਆ। ਜਿਸ ਨਾਲ ਉਹ ਬਹੁਤ 'ਬਿਮਾਰ' ਪੈ ਗਿਆ। ਫਿਰ ਉਹ ਬਹੁਤ ਸੁਸਤ ਤੇ ਕਮਜ਼ੋਰ ਹੋ ਗਿਆ। ਬਿਮਾਰ ਹੋਣ ਕਾਰਨ ਉਹ ਠੰਡ ਨਾਲ ਕੰਬਣ ਲੱਗਾ ਤੇ ਠੰਡ ਤੋਂ ਬਚਣ ਲਈ ਖੇਤਾਂ ਤੋਂ ਬਾਹਰ ਨਹਿਰ ਦੇ ਨੇੜੇ ਬਣੀ ਪੁਰਾਣੀ ਇੱਕ 'ਖੁੱਡ' ਵਿੱਚ ਜਾ ਵੜਿਆ। ਜਦੋਂ ਵੀ ਧੁੱਪ ਨਿਕਲਦੀ ਤਾਂ ਇਹ ਆਪਣੀ ਖੁੱਡ 'ਚੋਂ ਬਾਹਰ ਨਿਕਲ ਕੇ ਧੁੱਪ ਸੇਕਣ ਲਈ ਕਈ-ਕਈ ਘੰਟੇ ਉਥੇ ਹੀ ਬੇਸੁਰਤ ਅਤੇ ਸੁਸਤ ਜਿਹਾ ਹੋਕੇ ਇੱਕੋ ਜਗ੍ਹਾ ਪਿਆ ਰਹਿੰਦਾ। ਉਸਦੀ ਹਾਲਤ ਏਨੀ ਕਮਜ਼ੋਰ ਹੋ ਗਈ ਕਿ ਹਿਲਜੁਲ ਵੀ ਬੜੀ ਮੁਸ਼ਕਿਲ ਨਾਲ ਸਕਦਾ ਸੀ ਤੇ ਉਸਨੂੰ ਆਪਣੇ ਆਲ਼ੇ-ਦੁਆਲ਼ੇ ਕੀ ਵਾਪਰ ਰਿਹਾ ਹੈ, ਇਸਦੀ ਕੋਈ ਜਾਣਕਾਰੀ ਵੀ ਨਹੀਂ ਰਹੀ। ਕਈ ਦਿਨਾਂ ਤੱਕ ਉਹ ਇਸੇ ਤਰ੍ਹਾਂ ਹੀ ਬੇਸੁਰਤ ਤੇ ਸੁਸਤ ਜਿਹਾ ਹੋ ਕੇ ਕਦੇ ਖੁੱਡ ਦੇ ਅੰਦਰ ਅਤੇ ਕਦੇ ਬਾਹਰ ਪਿਆ ਰਹਿੰਦਾ।

ਨਹਿਰ ਦੇ ਦੂਜੇ ਪਾਸੇ ਸੜਕ ਉੱਤੇ ਕੁੱਝ ਦੂਰੀ 'ਤੇ 50 ਕੁ ਸਾਲ ਦਾ ਇੱਕ ਬਿਹਾਰੀ ਆਦਮੀ ਉਬਲੇ ਹੋਏ ਅੰਡੇ ਵੇਚਣ ਦੀ ਰੇਹੜੀ ਲਾਉਂਦਾ ਸੀ। ਉਸਦਾ ਨਾਮ 'ਰਾਮੂ' ਸੀ। ਇੱਕ ਦਿਨ ਉਹ ਪਿਸ਼ਾਬ ਕਰਨ ਲਈ ਨਹਿਰ ਟੱਪ ਕੇ ਦੂਜੇ ਪਾਸੇ ਖੇਤਾਂ 'ਚ ਚਲਿਆ ਗਿਆ, ਜਿਧਰ ਬਿਮਾਰ ਹੋਇਆ ਸੱਪ ਪਿਆ ਸੀ। ਅਚਾਨਕ ਹੀ ਰਾਮੂ ਦੀ ਨਜ਼ਰ ਖੁੱਡ ਦੇ ਬਾਹਰ ਪਏ ਹੋਏ ਉਸ ਬਿਮਾਰ ਸੱਪ ਉੱਤੇ ਜਾ ਪਈ। ਪਹਿਲਾਂ ਤਾਂ ਉਹ ਸੱਪ ਨੂੰ ਦੇਖ ਕੇ ਇੱਕ ਦਮ ਹੀ ਡਰ ਗਿਆ। ਜਦੋਂ ਸੱਪ ਨੇ ਕੋਈ ਵੀ ਹਰਕਤ ਨਾ ਕੀਤੀ ਤਾਂ ਰਾਮੂ ਆਪਣੇ ਮਨ-ਪ੍ਰਚਾਵੇ ਲਈ ਉਸਨੂੰ ਦੇਖਣ ਲਈ ਹੌਲ਼ੀ-ਹੌਲ਼ੀ ਉਸਦੇ ਕੋਲ ਅੱਗੇ ਵਧਿਆ। ਉਹ ਬਹੁਤ ਹੀ ਵਹਿਮਾਂ ਭਰਮਾਂ ਨੇ ਅੰਧਵਿਸ਼ਵਾਸਾਂ 'ਚ ਫਸਿਆ ਹੋਇਆ ਮੂਰਖ ਤੇ ਲਾਈਲੱਗ ਵਿਅਕਤੀ ਸੀ। ਇਸ ਲਈ ਉਸਨੇ ਸੱਪ ਨੂੰ 'ਨਾਗ ਦੇਵਤਾ' ਆਖਦਿਆਂ, ਦੋਵੇਂ ਹੱਥ ਜੋੜ ਕੇ ਮੱਥਾ ਟੇਕਿਆ। ਕਿਉਂਕਿ ਉਹ ਸਾਰੇ ਹੀ ਸੱਪਾਂ ਨੂੰ 'ਸ਼ਿਵ ਜੀ' ਦੇ ਭਗਤ ਤੇ ਰਖਵਾਲੇ ਸਮਝ ਕੇ 'ਨਾਗ ਦੇਵਤੇ' ਹੀ ਮੰਨਦਾ ਸੀ। ਇਸ ਲਈ ਉਸਨੂੰ ਇਸ ਤਰ੍ਹਾਂ ਲੱਗਿਆ ਜਿਵੇਂ, ਉਸਦੀ ਮਾੜੀ ਹਾਲਤ ਨੂੰ ਸੁਧਾਰਨ ਲਈ ਹੀ 'ਨਾਗ ਦੇਵਤਾ' ਅਸਮਾਨ ਤੋਂ ਉਤਰ ਕੇ ਉਸਨੂੰ 'ਦਰਸ਼ਣ' ਦੇਣ ਲਈ ਧਰਤੀ ਉੱਪਰ 'ਪ੍ਰਗਟ' ਹੋਏ ਹਨ। ਉਹ ਖੁਸ਼ ਵੀ ਬਹੁਤ ਸੀ ਤੇ ਮਨ-ਅੰਦਰੋਂ ਡਰ ਵੀ ਰਿਹਾ ਸੀ ਕਿ ਕਿਤੇ ਨਾਗ ਦੇਵਤਾ ਉਸਨੂੰ ਡੰਗ ਕੇ ਉਸਦੀ ਮਾੜੀ ਹਾਲਤ ਨੂੰ ਹੋਰ ਮਾੜੀ ਨਾ ਕਰ ਦੇਵੇ। ਜਿਸ ਕਰਕੇ ਉਹ ਆਪਣੇ ਦੇਵਤਾ ਤੋਂ ਕਾਫੀ ਦੂਰੀ ਬਣਾ ਕੇ ਖੜਾ ਹੀ ਉਸਨੂੰ ਸ਼ਰਧਾ ਨਾਲ ਦੇਖ ਰਿਹਾ ਸੀ ਅਤੇ ਨਾਲ ਹੀ ਉਹ ਪਿੱਛੇ ਨੂੰ ਭੱਜਣ ਲਈ ਵੀ ਤਿਆਰ ਸੀ। ਉਸਨੂੰ ਇਸ ਗੱਲ ਦੀ ਭੋਰਾ ਭਰ ਵੀ ਖ਼ਬਰ ਨਹੀਂ ਸੀ ਕਿ ਉਸਦਾ ਇਹ 'ਨਾਗ ਦੇਵਤਾ' ਤਾਂ ਆਪ ਕਈ ਦਿਨਾਂ ਤੋਂ ਬਿਮਾਰ ਹੋਣ ਕਰਕੇ ਕੋਈ ਹਰਕਤ ਨਹੀਂ ਕਰ ਰਿਹਾ। ਉਹ ਉਥੇ ਕਾਫ਼ੀ ਸਮੇਂ ਤੱਕ ਆਪਣੇ ਪ੍ਰਗਟ ਹੋਏ ਦੇਵਤਾ ਨੂੰ ਇਸੇ ਤਰ੍ਹਾਂ ਪਿਆ ਦੇਖਦਾ ਰਿਹਾ। ਇਸ ਲਈ ਉਸਨੇ ਇਸ ਦੇਵਤਾ ਨੂੰ ਬਹੁਤ ਹੀ 'ਦਿਆਲੂ' ਨਾਗ ਦੇਵਤਾ ਸਮਝ ਲਿਆ, ਜੋ ਉਸਨੂੰ ਕੋਈ ਨੁਕਸਾਨ ਨਹੀਂ ਪਹੁੰਚਾ ਰਿਹਾ ਤੇ ਨਾ ਹੀ ਉਥੋਂ ਭੱਜ ਰਿਹਾ। ਅੰਤ ਵਿੱਚ ਰਾਮੂ ਨੇ ਜਾਣ ਲੱਗਿਆ ਇੱਕ ਵਾਰ ਫਿਰ ਆਪਣੇ ਨਾਗ ਦੇਵਤਾ ਨੂੰ ਦੋਵੇਂ ਹੱਥ ਜੋੜ ਕੇ ਮੱਥਾ ਟੇਕਿਆ।

ਅਗਲੇ ਦਿਨ ਫਿਰ ਰਾਮੂ ਦੇ ਮਨ 'ਚ ਆਪਣੇ ਦੇਵਤਾ ਦੇ ਦਰਸ਼ਣ ਕਰਨ ਦੀ ਇੱਛਾ ਪੈਦਾ ਹੋਈ। ਜਦ ਉਹ ਦਰਸ਼ਣਾਂ ਲਈ ਗਿਆ ਤਾਂ ਬਿਮਾਰ ਸੱਪ ਫਿਰ ਉਸੇ ਤਰ੍ਹਾਂ ਖੁੱਡ ਦੇ ਬਾਹਰ ਧੁੱਪ ਸੇਕ ਰਿਹਾ ਸੀ। ਰਾਮੂ ਨੇ ਖੁਸ਼ ਹੋ ਕੇ ਫਿਰ ਸ਼ਰਧਾ ਨਾਲ ਦੋਵੇਂ ਹੱਥ ਜੋੜ ਕੇ ਆਪਣੇ ਦੇਵਤਾ ਨੂੰ ਮੱਥਾ ਟੇਕਿਆ। ਉਹ ਦੇਵਤਾ ਨੂੰ ਇਸ ਤਰ੍ਹਾਂ ਬਿਨਾਂ ਹਿਲਜੁੱਲ ਦੇ ਪਿਆ ਦੇਖਕੇ ਹੈਰਾਨ ਸੀ। ਉਸਨੂੰ ਦੇਵਤਾ ਪ੍ਰਤੀ ਧੂਫ-ਅਗਰਬੱਤੀ ਤੇ ਪੂਜਾ ਪ੍ਰਾਰਥਨਾ ਨਾਲ਼ 'ਖੁਸ਼' ਕਰਨ ਦਾ ਖਿਆਲ ਆਇਆ ਤੇ ਉਹ ਝੱਟ ਹੀ ਦੌੜ ਕੇ, ਆਪਣੇ ਘਰੋਂ ਪੂਜਾ-ਪਾਠ ਤੇ ਪ੍ਰਾਰਥਨਾ ਦਾ ਸਮਾਨ ਧੂਫ-ਅਗਰਬੱਤੀ, ਚੱਦਰ ਅਤੇ ਨਾਗ ਦੇਵਤਾ ਦੇ ਪੀਣ ਲਈ ਦੁੱਧ ਲੈ ਆਇਆ। ਜਦ ਉਸਨੇ ਦੇਖਿਆ ਤਾਂ ਦੇਵਤਾ ਆਪਣੀ ਖੁੱਡ ਦੇ ਅੱਧਾ ਅੰਦਰ ਅਤੇ ਅੱਧਾ ਬਾਹਰ ਪਿਆ ਸੀ। ਰਾਮੂ ਨੇ ਇੱਕ ਲੰਮੀ ਸੋਟੀ ਦੇ ਸਹਾਰੇ ਨਾਲ ਦੇਵਤਾ ਨੂੰ ਹਿਲਾ ਕੇ ਖੁੱਡ ਦੇ ਅੰਦਰ ਵਾੜ ਦਿੱਤਾ ਤੇ ਡਰਦੇ ਹੋਏ ਨੇ ਜਲਦੀ ਹੀ ਖੁੱਡ ਉਪਰ ਇੱਕ ਇੱਟ ਰੱਖ ਕੇ ਬੰਦ ਕਰ ਦਿੱਤੀ ਤਾਂ ਜੋ ਉਹ ਆਪਣੇ ਦੇਵਤਾ ਲਈ ਸ਼ਰਧਾ ਨਾਲ ਲਿਆਂਦਾ

ਹੋਇਆ ਸਮਾਨ ਖੁੱਡ ਦੇ ਬਾਹਰ ਰੱਖ ਸਕੇ। ਸਭ ਤੋਂ ਪਹਿਲਾਂ ਉਸਨੇ ਦੇਵਤਾ ਦੇ ‘ਆਸਣ’ ਲਈ ਚੱਦਰ ਵਿਛਾ ਦਿੱਤੀ ਤਾਂ ਜੋ ਉਸਦਾ ਦੇਵਤਾ ਖੁੱਡ ’ਚੋਂ ਬਾਹਰ ਨਿਕਲ਼ ਕੇ ਉਸ ਆਸਣ ਨੂੰ ਗ੍ਰਹਿਣ ਕਰਕੇ ਆਰਾਮ ਨਾਲ਼ ਪਿਆ ਰਹੇ। ਫਿਰ ਉਸਨੇ ਦੇਵਤਾ ਦੇ ਪੀਣ ਲਈ ਦੁੱਧ ‘ਇੱਕ ਕੌਲੀ ’ਚ ਪਾ ਕੇ ਰੱਖ ਦਿੱਤਾ ਤੇ ਨਾਲ਼ ਹੀ ਧੂਫ ਤੇ ਅਗਰਬੱਤੀ ਵੀ ਜਗਾ ਦਿੱਤੀ। ਉਸਨੇ ਚੱਦਰ (ਆਸਣ) ਉਪਰ ‘ਚੜ੍ਹਾਵੇ’ ਦੇ ਰੂਪ ’ਚ ਕੁੱਝ ਰੁਪਏ ਪੈਸੇ ਰੱਖ ਕੇ ਮੱਥਾ ਟੇਕਿਆ ਤਾਂ ਜੋ ਉਸਦਾ ਨਾਗ ਦੇਵਤਾ ਉਸਦੀ ਏਨੀ ਸ਼ਰਧਾ ਦੇਖ ਕੇ ਖੁਸ਼ੀ ਨਾਲ ਉਸਨੂੰ ਕੋਈ ਚੰਗਾ ਜਿਹਾ ‘ਵਰਦਾਨ’ ਜ਼ਰੂਰ ਹੀ ਬਖਸ਼ ਦੇਵੇ। ਉਸਨੇ ਫਿਰ ਉਸੇ ਤਰ੍ਹਾਂ ਹੀ ਸੋਟੀ ਦੇ ਸਹਾਰੇ ਨਾਲ ਖੁੱਡ ਦੇ ਉਪਰੋਂ ਇੱਟ ਚੁੱਕ ਦਿੱਤੀ ਤੇ ਨਾਗ ਦੇਵਤਾ ਦੇ ਬਾਹਰ ਆਉਣ ਦਾ ਇੰਤਜਾਰ ਕਰਨ ਲੱਗਾ। ਕਾਫੀ ਸਮੇਂ ਤੱਕ ਜਦ ਦੇਵਤਾ ਬਾਹਰ ਨਾ ਆਇਆ ਤਾਂ ਰਾਮੂ ਥੱਕ ਹਾਰ ਕੇ ਆਪਣੀ ਆਂਡਿਆਂ ਦੀ ਰੇਹੜੀ ਉਪਰ ਚਲਾ ਗਿਆ। ਦੋ ਘੰਟੇ ਬਾਦ ਉਹ ਫਿਰ ਆਪਣੇ ਦੇਵਤਾ ਦੇ ਦਰਸ਼ਣਾਂ ਲਈ ਆਇਆ ਤਾਂ ਦੇਵਤਾ ਨੂੰ ਖੁੱਡ ਦੇ ਬਾਹਰ ਚੱਦਰ ਉੱਪਰ ਆਰਾਮ ਨਾਲ਼ ਪਿਆ ਦੇਖ ਕੇ ਬਹੁਤ ਖੁਸ਼ ਹੋਇਆ ’ਤੇ ਦੋਵੇਂ ਹੱਥ ਜੋੜ ਕੇ ਮੱਥਾ ਟੇਕਿਆ।

ਰਾਮੂ ਨੇ ਨਾਗ ਦੇਵਤਾ ਬਾਰੇ ਆਲ਼ੇ-ਦੁਆਲ਼ੇ ਦੇ ਲੋਕਾਂ ਨੂੰ ਬੜੀ ਖੁਸ਼ੀ ਨਾਲ ਹੈਰਾਨੀ ਭਰੀ ਸ਼ਰਧਾ ਨਾਲ ਦੱਸਿਆ ਕਿ, “ਨਾਗ ਦੇਵਤਾ ਜੀ ਚਮਤਕਾਰੀ ਢੰਗ ਨਾਲ ਅਸਮਾਨ ਤੋਂ ਆਕੇ ਧਰਤੀ ਉੱਪਰ ਦਰਸ਼ਣ ਦੇਣ ਲਈ ਪ੍ਰਗਟ ਹੋਏ ਹਨ, ਜਿਸਨੇ ਵੀ ਦਰਸ਼ਨ ਕਰਨੇ ਹੋਣ, ਕਰ ਲਓ।” ਤਾਂ ਬਹੁਤ ਸਾਰੇ ਵਹਿਮੀ ਤੇ ਅੰਧਵਿਸ਼ਵਾਸੀ ਲੋਕਾਂ ਨੇ ਜਦੋਂ ਬਿਮਾਰ ਸੱਪ ਨੂੰ ਦੇਖਿਆ ਤਾਂ ਉਹ ਵੀ ਸ਼ਰਧਾ ਨਾਲ ਉਸਨੂੰ ‘ਨਾਗ ਦੇਵਤਾ’ ਸਮਝਦੇ ਹੋਏ, ਦੋਵੇਂ ਹੱਥ ਜੋੜ ਕੇ ਮੱਥਾ ਟੇਕਦੇ ਹੋਏ’ ਚੜ੍ਹਾਵੇ’ ਦੇ ਰੂਪ ’ਚ ਕੁੱਝ ਰੁਪਏ ਪੈਸੇ ਉਸ ਕੋਲ਼ ਚੱਦਰ ਉੱਪਰ ਸੁੱਟਣ ਲੱਗ ਪਏ। ਜਦੋਂ ਉਸ ਨਾਗ ਦੇਵਤਾ ਦੇ ਦਰਸ਼ਣ ਕਰਨ ਲਈ ਉਸਦੇ ਆਲ਼ੇ-ਦੁਆਲ਼ੇ ਬਹੁਤ ਸਾਰੇ ਸ਼ਰਧਾਲੂ ਇਕੱਠੇ ਹੋ ਕੇ ਉਸਨੂੰ ਸ਼ਰਧਾ ਨਾਲ ਦੇਖ ਰਹੇ ਸੀ ਤਾਂ ਵੀ ‘ਬਿਮਾਰ ਸੱਪ’ ਬੇਸੁਰਤ ਤੇ ਸੁਸਤ ਜਿਹਾ ਹੋ ਕੇ ਬਿਨਾਂ ਹਿਲਜੁੱਲ ਦੇ ਪਿਆ ਰਿਹਾ ਰਾਮੂ ਹੁਣ ਹਰ ਰੋਜ ਇਸੇ ਤਰ੍ਹਾਂ ਹੀ ਆਪਣੇ ਦੇਵਤਾ ਲਈ ਦੁੱਧ ਅਤੇ ਧੂਫ ਅਗਰਵੱਤੀ ਜਗਾ ਕੇ ਰੱਖ ਦਿੰਦਾ ਤੇ ਨਾਲ ਹੀ ‘ਚੜ੍ਹਾਵੇ’ ਵਜੋਂ ਕੁੱਝ ਰੁਪਏ ਪੈਸੇ ਵੀ ਰੱਖ ਦਿੰਦਾ। ਉਹ ਆਪਣੇ ਨਾਗ ਦੇਵਤਾ ਦੇ ਹਰ ਰੋਜ ਦਰਸ਼ਣ ਕਰਕੇ ਬਹੁਤ ਖੁਸ਼ ਰਹਿਣ ਲੱਗ ਪਿਆ। ਉਹ ਆਪਣੀ ਰੇਹੜੀ ਉਪਰ ਆਏ ਗ੍ਰਾਹਕਾਂ ਅਤੇ ਸੜਕ ਉਪਰ ਲੰਘਣ ਵਾਲੇ ਰਾਹਗੀਰਾਂ ਨੂੰ ‘ਨਾਗ ਦੇਵਤਾ’ ਦੇ ਪ੍ਰਗਟ ਹੋਣ ਬਾਰੇ ਬੜੀ ਖੁਸ਼ੀ ਨਾਲ ਦੱਸਦਾ ਤੇ ਉਨ੍ਹਾਂ ਨੂੰ ਵੀ ਸ਼ਰਧਾ ਨਾਲ ਦੇਵਤਾ ਦੇ ਦਰਸ਼ਣ ਕਰਵਾਉਂਦਾ। ਹੌਲ਼ੀ ਹੌਲ਼ੀ ਇਸ ਨਾਗ ਦੇਵਤਾ ਦੇ ਚਮਤਕਾਰੀ ਢੰਗ ਨਾਲ ਪ੍ਰਗਟ ਹੋਣ ਦੀ ਖ਼ਬਰ ਦੂਰ-ਦੂਰ ਤੱਕ ਫੈਲ ਗਈ। ਇਹ ਖ਼ਬਰ ਸੁਣ ਕੇ ਸਾਰੇ ਲਾਈਲੱਗ ਤੇ ਮੂਰਖ ਲੋਕ ਇਸ ਬਿਮਾਰੀ ਸੱਪ ਨੂੰ ਨਾਗ ਦੇਵਤਾ ਸਮਝ ਕੇ ਸ਼ਰਧਾ ਨਾਲ ਦਰਸ਼ਣ ਕਰਨ ਲਈ ਦੂਰੋਂ ਨੇੜੇਓਂ ਮੋਟਰ ਗੱਡੀਆਂ, ਬੱਸਾਂ, ਕਾਰਾਂ, ਸਕੂਟਰਾਂ, ਅਤੇ ਮੋਟਰਸਾਇਕਲਾਂ ਰਾਹੀਂ ਆਉਣ ਲੱਗੇ। ਬਹੁਤ ਸਾਰੇ ਪੜ੍ਹੇ ਲਿਖੇ ਤੇ ਉੱਚੇ ਅਹੁਦਿਆਂ ’ਤੇ ਨੌਕਰੀ ਪੇਸ਼ਾ ਕਰਨ ਵਾਲੇ ਵੀ ਇਸ ਨਾਗ ਦੇਵਤਾ ਦੇ ਦਰਸ਼ਣਾਂ ਲਈ ਸਰਧਾਲੂ ਭਗਤ ਬਣਕੇ ਆਉਣ ਲੱਗੇ ਤੇ ਦੋਵੇਂ ਹੱਥ ਜੋੜ ਕੇ ਮੱਥਾ ਟੇਕਦੇ ਹੋਏ ‘ਚੜ੍ਹਾਵੇ’ ਵੱਜੋਂ ਕੁੱਝ ਰੁਪਏ ਪੈਸੇ ਚੜ੍ਹਾ ਦਿੰਦੇ। ਹੌਲ਼ੀ-ਹੌਲ਼ੀ ਏਥੇ ਇਨ੍ਹਾਂ ਚੜ੍ਹਾਵੇ ਦੇ ਇਕੱਠਾ ਹੋਏ ਰੁਪਏ ਪੈਸਿਆਂ ਨਾਲ ਪ੍ਰਸ਼ਾਦ ਅਤੇ ਚਾਹ ਪਕੌੜਿਆਂ ਦਾ ਲੰਗਰ ਵੀ ਚਾਲੂ ਕਰ ਦਿੱਤਾ। ਰਾਮੂ ਹੁਣ ਆਂਡਿਆਂ ਦੀ ਰੇਹੜੀ ਲਾਉਣੀ ਛੱਡ ਕੇ ਨਾਗ ਦੇਵਤਾ ਕੋਲ਼ ‘ਪੁਜਾਰੀ’ ਦੀ ਤਰ੍ਹਾਂ ਬੈਠਾ ਰਹਿੰਦਾ ਤੇ ਆਉਣ ਵਾਲੇ ਸ਼ਰਧਾਲੂ-ਭਗਤਾਂ ਨੂੰ ਪ੍ਰਸ਼ਾਦ ਅਤੇ ਚਾਹ ਪਕੌੜਿਆਂ ਦਾ ਲੰਗਰ ਵਰਤਾਉਂਦਾ। ਰਾਮੂ ਅਤੇ ਬਾਕੀ ਸ਼ਰਧਾਲੂ ਹੁਣ ਨਾਗ ਦੇਵਤਾ ਕੋਲ਼ ਬਿਨਾਂ ਕਿਸੇ ਡਰ ਦੇ ਹੀ ਬੈਠੇ ਰਹਿੰਦੇ ਤੇ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਉਹ ਦੇਵਤਾ ਆਪਣੇ ਸ਼ਰਧਾਲੂਆਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾ ਸਕਦਾ। ਕਈ ਸ਼ਰਧਾਲੂ ਤਾਂ ਆਪਣੇ ਨਾਗ ਦੇਵਤਾ ਨੂੰ ਬਿਨਾ ਕਿਸੇ ਡਰ ਦੇ ਹੱਥ ਤੱਕ ਵੀ ਲਾ ਕੇ ਮੱਥਾ ਟੇਕ ਦਿੰਦੇ। ਜਦੋਂ ਉਹ ਸੱਪ ਨੂੰ ਹੱਥ ਲਗਾਉਂਦੇ ਤਾਂ ਬਿਮਾਰ ਸੱਪ ਬਹੁਤ ਜ਼ਿਆਦਾ ਕਮਜ਼ੋਰ ਹੋਣ ਕਾਰਨ ਉਨ੍ਹਾਂ ਨੂੰ ਕੁੱਝ ਵੀ ਨਹੀਂ ਸੀ ਕਹਿੰਦਾ ਤੇ ਨਾ ਹੀ ਭੱਜ ਕੇ ਇੱਧਰ ਉੱਧਰ ਲੁਕ-ਛਿਪ ਸਕਦਾ ਸੀ। ਸ਼ਰਧਾਲੂ ਇਹ ਸਮਝਦੇ ਕਿ ਇਹ ਨਾਗ ਦੇਵਤਾ ਸੱਚ ਮੁੱਚ ਹੀ ਬਹੁਤ ‘ਦਿਆਲੂ’ ਹੈ, ਜੋ ਆਪਣੇ ਸ਼ਰਧਾਲੂ ਭਗਤਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਂਦਾ। ਫਿਰ ਉਹ ਬਿਨਾਂ ਕਿਸੇ ਡਰ ਤੋਂ ਜਿੱਦ ਨਾਲ ਕਈ ਵਾਰ ਹੱਥ ਲਗਾ ਕੇ ਮੱਥਾ ਟੇਕਦੇ ਹੋਏ ਸੁੱਖਾਂ ਸੁੱਖਦੇ ਤੇ ਦਰਸ਼ਣ ਕਰਨ ਤੋਂ ਬਾਦ ਆਪਣੇ-ਆਪਣੇ ਘਰਾਂ ਨੂੰ ਪਰਤ ਕੇ ਆਲੇ-ਦੁਆਲੇ ਦੇ ਆਂਡੀਆਂ ਗੁਆਂਢੀਆਂ ਤੇ ਰਿਸ਼ਤੇਦਾਰਾਂ ਨੂੰ ਇਸ ਦੇਵਤੇ ਦੇ ਪ੍ਰਗਟ ਹੋਣ ਬਾਰੇ ਦੱਸਦੇ। ਸੁਣਨ ਵਾਲੇ ਵੀ ਦਰਸ਼ਣਾਂ ਲਈ ਭੱਜੇ ਆਉਂਦੇ।

ਕਈ ਸ਼ਰਧਾਲੂ ਭਗਤਾਂ ਨੇ ਨਾਗ ਦੇਵਤਾ ਦੇ ਦਰਸ਼ਣ ਕਰਨ ਤੋਂ ਬਾਅਦ, ਉਨ੍ਹਾਂ ਉਤੇ ਹੋਏ ਲਾਭਦਾਇਕ ਚਮਤਕਾਰਾਂ ਦਾ ਵਰਨਣ ਕਰਨਾ ਸ਼ੁਰੂ ਕਰ ਦਿੱਤਾ। ਜਿਵੇਂ, ਫਗਵਾੜੇ ਦੇ ਲਾਲੀ ਨੇ ਦੱਸਿਆ ਕਿ “ਉਹ ਇਸ ਨਾਗ ਦੇਵਤਾ ਦੇ ਦਰਸ਼ਣ ਕਰਕੇ ਆਪਣੀ ਕੁਆਰੀ ਧੀ ਦੇ ਵਿਆਹ ਲਈ ਵਧੀਆ ਤੇ ਯੋਗ ਵਰ ਲੱਭਣ ’ਚ ਕਾਮਯਾਬ ਹੋ ਗਿਆ, ਜਿਸਦੀ ਭਾਲ ਉਹ ਕਈ ਸਾਲਾਂ ਤੋਂ ਕਰ ਰਿਹਾ ਸੀ।” ਪਿੰਡ ਵੀਰਪੁਰ ਦੇ ਰਾਜੇਸ਼ ਨੇ ਦੱਸਿਆ ਕਿ, “ਇਹ ਨਾਗ ਦੇਵਤਾ ਬਹੁਤ ਹੀ ਚਮਤਕਾਰੀ ਹੈ, ਕਿਉਂਕਿ ਇਸਦੇ ਦਰਸ਼ਣਾਂ ਨਾਲ ਹੀ ਉਹ ਆਪਣੀ ਬਿਮਾਰ ਪਤਨੀ ਦਾ ਇਲਾਜ ਕਰਵਾ ਸਕਿਆ, ਜਿਸ ਉਤੇ ਮਾਹਿਰ ਡਾਕਟਰਾਂ ਦੀਆਂ ਦਵਾਈਆਂ ਦਾ ਵੀ ਕੋਈ ਅਸਰ ਨਹੀਂ ਸੀ ਹੋ ਸਕਿਆ ਤੇ ਹੁਣ ਉਹ ਪੂਰੀ ਤਰ੍ਹਾਂ ਤੰਦਰੁਸਤ ਹੈ।” ਮੁਕੰਦਪੁਰ ਦੀ ਰਹਿਣ ਵਾਲੀ ਸ੍ਰੀਮਤੀ ਊਸ਼ਾ ਰਾਣੀ ਨੇ ਦੱਸਿਆ ਕਿ, “ਉਸਦਾ ਛੋਟਾ ਪੁੱਤਰ ਪੜ੍ਹਾਈ ’ਚ ਬਹੁਤ ਨਲਾਇਕ ਸੀ, ਜਦੋਂ ਤੋਂ ਉਹ ਇਸ ਨਾਗ ਦੇਵਤਾ ਦੇ ਦਰਸ਼ਣ ਕਰਕੇ ਆਈ ਹੈ ਤਾਂ ਉਸਦਾ ਇਹ ਨਲਾਇਕ ਪੱਤਰ ਹੁਣ ਪੜ੍ਹਾਈ ’ਚ ਬਹੁਤ ਹੀ ਹੁਸ਼ਿਆਰ ਰਹਿਣ ਲੱਗ ਪਿਆ ਹੈ, ਕਿਉਂਕਿ ਇਸ ਵਾਰ ਪੇਪਰਾਂ ’ਚ ਉਸਦੇ ਨੰਬਰ ਬਾਕੀ ਹੁਸ਼ਿਆਰ ਵਿਦਿਆਰਥੀਆਂ ਨਾਲੋਂ ਵੀ ਜ਼ਿਆਦਾ ਆਏ ਹਨ ਤੇ ਹੁਣ ਉਹ ਮਨ ਲੱਗਾ ਕੇ ਹਰ ਰੋਜ ਪੂਰੇ ਸ਼ੌਂਕ ਨਾਲ ਪੜ੍ਹਾਈ ਕਰਦਾ ਹੈ।’ ਲੁਧਿਆਣੇ ਤੋਂ ਸ਼੍ਰੀਮਾਨ ਮੋਹਣ ਲਾਲ ਨੇ ਦੱਸਿਆ ਕਿ, “ਪਹਿਲਾਂ ਉਹ ਈਸਾਈ ਧਰਮ ’ਚ ਯਿਸੂ ਮਸੀਹ ਨੂੰ ਮੰਨਦਾ ਸੀ ਜੋ ਅਜਿਹੇ ਨਾਗ ਦੇਵਤਾ ਨੂੰ ‘ਸ਼ੈਤਾਨ’ ਸਮਝਦੇ ਹਨ। ਉਸਦੇ ਪੇਟ ’ਚ ਕਈ ਦਿਨਾਂ ਤੋਂ ਪੱਥਰੀ ਸੀ, ਕਈ ਮਾਹਿਰ ਡਾਕਟਰਾਂ ਦੀ ਦਵਾਈ ਖਾਣ ਤੋਂ ਬਾਦ ਵੀ ਇਹ ਪਥਰੀ ਨਹੀਂ ਨਿਕਲ ਸਕੀ ਅਤੇ ਨਾ ਹੀ ‘ਚਰਚ’ ਦੇ ਪਾਦਰੀਆਂ ਦੀਆਂ ਯਿਸੂ ਮਸੀਹ ਅੱਗੇ ਕੀਤੀਆਂ ਪ੍ਰਾਰਥਨਾਵਾਂ ਦਾ ਕੋਈ ਅਸਰ ਹੋਇਆ। ਇੱਕ ਦਿਨ ਉਹ ਨਾਗ ਦੇਵਤਾ ਦੇ ਚਮਤਕਾਰ ਬਾਰੇ ਸੁਣ ਕੇ ਐਤਵਾਰ ਨੂੰ ‘ਚਰਚ’ ਜਾਣਾ ਛੱਡ ਕੇ ਇਸ ਦੇਵਤਾ ਦੇ ਦਰਸ਼ਣ ਕਰਨ ਆ ਗਿਆ। ਅਜੇ ਪਹਿਲੇ ਦਿਨ ਹੀ ਦਰਸ਼ਣ ਕੀਤੇ ਸੀ ਕਿ ਰਾਤ ਨੂੰ ਸੁੱਤਿਆ ਪਿਆ ਇਸ ਨਾਗ ਦੇਵਤਾ ਨੇ ਸਪਨੇ ’ਚ ਆ ਕੇ ਉਸਦੀ ਪੱਥਰੀ ਦਾ ਇਲਾਜ ਕਰ ਦਿੱਤਾ, ਜਦ ਅਗਲੇ ਦਿਨ ਪੱਥਰੀ ਦੇ ਡਾਕਟਰ ਨੂੰ ਚੈੱਕ ਕਰਵਾਇਆ ਤਾਂ ਐਕਸਰੇ ’ਚ ਕੋਈ ਪੱਥਰੀ ਨਹੀਂ ਸੀ, ਜੋ ਗੈਬੀ ਢੰਗ ਨਾਲ ਦੇਵਤਾ ਨੇ ਕੱਢ ਦਿੱਤੀ ਸੀ। ਇਸ ਚਮਤਕਾਰ ਬਾਰੇ ਸੁਣਕੇ ਡਾਕਟਰ ਵੀ ਹੈਰਾਨ ਹਨ। ਹੁਣ ਉਹ ਪੇਟ ਦੀ ਪੱਥਰੀ ਤੋਂ ਪੂਰੀ ਤਰ੍ਹਾਂ ਮੁਕਤ ਹੈ।”

ਇਸ ਤਰ੍ਹਾਂ ਨਾਗ ਦੇਵਤਾ ਦੇ ਦਰਸ਼ਣ ਕਰਨ ਵਾਲੇ ਸ਼ਰਧਾਲੂਆਂ ਦੀਆਂ ਬਹੁਤ ਸਾਰੀਆਂ ਚਮਤਕਾਰੀ ਕਹਾਣੀਆਂ ਪ੍ਰਚਲਤ ਹੋ ਗਈਆਂ। ਇਸ ਲਈ ਬਹੁਤ ਸਾਰੇ ਸ਼ਰਧਾਲੂ ਭਗਤ ਆਪਣੇ

ਪਹਿਲੇ ਜੋਤਸ਼ੀਆਂ, ਬਾਬਿਆਂ, ਸਾਧੂਆਂ, ਸੰਤਾਂ, ਡੇਰੇਦਾਰਾਂ, ਚੇਲਿਆਂ, ਸਿਆਣਿਆਂ, ਪੁਜਾਰੀਆਂ ਤੇ ਪਾਦਰੀਆਂ ਦਾ ਪਿੱਛਾ ਛੱਡ ਕੇ ਇਸ ਨਾਗ ਦੇਵਤਾ ਦੇ ਦਰਸ਼ਨਾਂ ਲਈ ਆਉਣ ਲੱਗੇ। ਉਨ੍ਹਾਂ 'ਚੋਂ ਕਈਆਂ ਦਾ ਇਹ ਦਾਅਵਾ ਹੈ ਕਿ, "ਪਹਿਲਾਂ ਜਿਨ੍ਹਾਂ ਨੂੰ ਉਹ ਮੰਨਦੇ ਸੀ, ਉਹ ਧੋਖੇ ਨਾਲ ਉਨ੍ਹਾਂ ਦੀ ਧੰਨ-ਦੌਲਤ ਲੁੱਟਣ ਵਾਲੇ ਪਾਖੰਡੀ ਲੁੱਟਦੇ ਸਨ ਤੇ ਇਹ ਨਾਗ ਦੇਵਤਾ ਹੀ ਉਨ੍ਹਾਂ ਲਈ ਅਸਲੀ ਮਦਦ ਕਰਨ ਵਾਲਾ ਦੇਵਤਾ ਸਿੱਧ ਹੋਇਆ ਹੈ।" ਲਗਾਤਾਰ ਇਸ ਦੇਵਤਾ ਦੇ ਦਰਸ਼ਨਾਂ ਲਈ ਦੂਰੋਂ ਨੇੜੇਓਂ ਆਉਣ ਵਾਲੇ ਸ਼ਰਧਾਲੂ-ਭਗਤਾਂ ਦੀ ਭੀੜ ਦਿਨੋ-ਦਿਨ ਵਧਦੀ ਜਾਣ ਕਰਕੇ 'ਚੜ੍ਹਾਵੇ' ਦੇ ਰੂਪ 'ਚ ਬਹੁਤ ਸਾਰੇ ਰੁਪਏ ਪੈਸੇ ਜਮ੍ਹਾਂ ਹੋਣ ਲੱਗ ਪਏ। ਇਸ ਦੀ ਸਾਂਭ-ਸੰਭਾਲ ਲਈ 'ਕਮੇਟੀ' ਬਣਨ ਲੱਗ ਪਈ। ਬਹੁਤ ਸਾਰੇ ਲੋਕ ਆਪਣੀਆਂ ਕਾਰਾਂ ਉਤੇ ਸਵਾਰ ਹੋ ਕੇ ਆਉਣ ਲੱਗ ਪਏ ਤੇ ਉਨ੍ਹਾਂ ਨੇ ਰਾਮੂ ਨੂੰ ਆਖਿਆ ਕਿ, "ਤੂੰ ਇੱਥੇ 'ਪੁਜਾਰੀ' ਬਣ ਕੇ ਬੈਠ ਜਾ, ਆਪਾਂ ਰਲ਼ ਮਿਲ਼ ਕੇ ਇਥੇ ਨਾਗ ਦੇਵਤਾ ਦਾ ਇੱਕ ਬਹੁਤ ਵੱਡਾ 'ਮੰਦਰ' ਬਣਾਵਾਂਗੇ। ਇੱਥੇ ਮੰਦਰ ਵਾਸਤੇ ਆਪਾਂ ਆਲ਼ੇ-ਦੁਆਲੇ ਦੀ ਸਾਰੀ ਜ਼ਮੀਨ ਉੱਤੇ ਹੌਲ਼ੀ-ਹੌਲ਼ੀ ਕਬਜਾ ਕਰ ਲੈਣਾ ਆਂ।" ਰਾਮੂ ਪੂਰੀ ਤਰ੍ਹਾਂ ਉਨ੍ਹਾਂ ਨਾਲ ਸਹਿਮਤ ਹੋ ਗਿਆ।

ਅਖੌਤੀ ਨਾਗ ਦੇਵਤਾ ਦੇ ਪ੍ਰਗਟ ਹੋਣ ਦੀ ਖ਼ਬਰ ਤਾਂ ਮੈਨੂੰ ਵੀ ਕਈ ਦਿਨਾਂ ਤੋਂ ਪਤਾ ਸੀ ਕਿਉਂਕਿ ਇਸ ਦੇਵਤਾ ਨੂੰ ਮੈਂ ਕਈ ਵਾਰ ਦੇਖ ਵੀ ਚੁੱਕਾ ਸੀ। ਮੈਂ ਤਰਕਸ਼ੀਲ ਤੇ ਵਿਗਿਆਨਕ ਵਿਚਾਰਾਂ ਦਾ ਧਾਰਨੀ ਹੋਣ ਕਰਕੇ, ਇਸ ਦੇਵਤੇ ਦੇ ਪ੍ਰਗਟ ਹੋਣ ਦੀ ਪਰਖ ਕਰਕੇ ਸਾਰੀ 'ਸਚਾਈ' ਪੂਰੀ ਤਰ੍ਹਾਂ ਜਾਣਦਾ ਸੀ। ਪਰ ਮੈਨੂੰ ਇਹ ਨਹੀਂ ਸੀ ਪਤਾ ਕਿ ਇੱਥੇ ਹੁਣ 'ਮੰਦਰ' ਬਣਨ ਦੀ ਯੋਜਨਾ ਚੱਲ ਰਹੀ ਹੈ। ਜਦ ਮੈਨੂੰ ਇਸ ਬਾਰੇ ਪਤਾ ਲੱਗਿਆ ਤਾਂ ਮੈਂ ਇਸ ਲਾਈ ਲਗਤਾ ਤੇ ਮੂਰਖਤਾ ਕਾਰਨ ਪੈਦਾ ਹੋਏ ਵਹਿਮ-ਭਰਮ ਤੇ ਅੰਧਵਿਸ਼ਵਾਸ 'ਚ ਬੁਰੀ ਤਰ੍ਹਾਂ ਫਸੇ ਹੋਏ ਸ਼ਰਧਾਲੂ ਭਗਤਾਂ ਦੇ ਭਲੇ ਲਈ 'ਯੋਜਨਾ' ਬਣਾਉਣ ਲੱਗ ਪਿਆ ਤਾਂ ਜੋ ਇਸ ਅਖੌਤੀ ਮੰਦਰ ਨੂੰ ਕਿਸੇ ਤਰ੍ਹਾਂ ਬਣਨ ਤੋਂ ਰੋਕਿਆ ਜਾ ਸਕੇ। ਮੈਂ ਜਾਣਦਾ ਸੀ ਕਿ ਸੱਪ ਖੇਤਾਂ 'ਚ ਛਿੜਕੀ ਹੋਈ 'ਦਵਾਈ' ਨਾਲ ਹੀ ਬਿਮਾਰ ਹੋਇਆ ਹੈ ਤੇ ਹੁਣ ਉਹ ਏਨਾ ਬਿਮਾਰ ਤੇ ਕਮਜ਼ੋਰ ਹੋ ਚੁਕਾ ਹੈ ਕਿ ਥੋੜੇ ਹੀ ਦਿਨਾਂ ਤੱਕ ਆਪਣੇ-ਆਪ ਹੀ ਮਰ-ਮੁੱਕ ਜਾਵੇਗਾ। ਫਿਰ ਵਹਿਮੀ ਤੇ ਅੰਧਵਿਸ਼ਵਾਸੀ ਸ਼ਰਧਾਲੂ ਭਗਤਾਂ ਨੇ ਆਪਣੇ ਮਰੇ ਹੋਏ ਨਾਗ ਦੇਵਤਾ ਨੂੰ ਉਥੇ ਹੀ ਕਬਰ ਬਣਾ ਕੇ ਦੱਬ ਦੇਣਾ ਹੈ ਤੇ ਕਬਰ ਉੱਪਰ ਹੀ ਉਨ੍ਹਾਂ ਨੇ 'ਮੰਦਰ' ਬਣਾ ਦੇਣਾ ਹੈ। ਮੈਂ ਆਪਣੀ ਤੈਅ ਕੀਤੀ ਹੋਈ 'ਯੋਜਨਾ' ਅਨੁਸਾਰ ਇਸ ਮੰਦਰ ਨੂੰ ਬਣਨ ਤੋਂ ਰੋਕਣ ਲਈ, ਇੱਕ ਰਾਤ ਇਕੱਲਾ ਹੀ ਚੋਰੀ-ਛੁਪੇ, ਬਹੁਤ ਹਨੇਰੇ ਟਾਰਚ ਬੈਟਰੀ ਲੈ ਕੇ ਉਸ ਬਿਮਾਰ ਪਏ ਸੱਪ ਨੂੰ ਇੱਕ ਸੋਟੀ ਦੇ ਸਹਾਰੇ ਨਾਲ ਚੁੱਕ ਕੇ ਉਸ ਜਗਾ ਤੋਂ ਬਹੁਤ ਦੂਰ ਗੰਨੇ ਦੇ ਇੱਕ ਖੇਤ 'ਚ ਰੱਖ ਆਇਆ ਤੇ ਇਸ ਬਾਰੇ ਕਿਸੇ ਨੂੰ ਕੁੱਝ ਵੀ ਪਤਾ ਨਾ ਲੱਗਣ ਦਿੱਤਾ, ਨਹੀਂ ਤਾਂ ਮੂਰਖ ਤੇ ਲਾਈਲੱਗ 'ਅੰਧ ਵਿਸ਼ਵਾਸੀ ਸ਼ਰਧਾਲੂ-ਭਗਤਾਂ' ਨੇ ਮੇਰੇ ਨਾਲ ਲੜਾਈ-ਝਗੜਾ ਕਰਨ ਲੱਗ ਪੈਣਾ ਸੀ। ਅਗਲੇ ਦਿਨ ਸ਼ਰਧਾਲੂ ਭਗਤਾਂ ਦੀ ਭੀੜ ਆਪਣੇ ਨਾਗ ਦੇਵਤਾ ਦੇ ਦਰਸ਼ਣ ਕਰਨ ਆਉਣ ਲੱਗੀ। ਉਹ ਉੱਥੇ ਆਪਣੇ ਨਾਗ ਦੇਵਤਾ ਨੂੰ 'ਗਾਇਬ' ਦੇਖ ਕੇ ਹੈਰਾਨ-ਪ੍ਰੇਸ਼ਾਨ ਹੋ ਗਏ। ਜਦੋਂ ਕਈ ਦਿਨਾਂ ਤੱਕ ਦੇਵਤਾ ਦਾ ਕੋਈ ਪਤਾ ਨਾ ਲੱਗਿਆ ਤਾਂ ਉਨ੍ਹਾਂ ਸ਼ਰਧਾਲੂ-ਭਗਤਾਂ ਨੇ ਇਹ 'ਅਫਵਾਹ' ਫੈਲਾਹ ਦਿੱਤੀ ਕਿ ਨਾਗ ਦੇਵਤਾ ਆਪਣੀ ਚਮਤਕਾਰੀ ਸ਼ਕਤੀ ਨਾਲ ਅਲੋਪ ਹੋ ਗਏ ਹਨ। ਸ਼ਰਧਾਲੂ-ਭਗਤਾਂ ਨੇ ਫਿਰ ਵੀ ਇਹ ਜਿੱਦ ਫੜ ਲਈ ਕਿ ਇੱਥੇ ਨਾਗ ਦੇਵਤਾ ਦਾ ਮੰਦਰ ਜ਼ਰੂਰ ਹੀ ਬਣਨਾ ਚਾਹੀਦਾ ਹੈ। ਜਦ ਉਹ ਆਪਣੀ ਜਿੱਦ ਤੋਂ ਨਾ ਹਟੇ ਤਾਂ ਮੈਂ ਮੌਜੂਦਾ ਸਰਪੰਚ ਨੂੰ ਮਿਲ ਕੇ ਨਾਗ ਦੇਵਤਾ ਦੇ ਪ੍ਰਗਟ ਹੋਣ ਦੀ ਸਹੀ ਜਾਣਕਾਰੀ ਦੱਸਕੇ ਮੰਦਰ ਨੂੰ ਬਣਨ ਤੋਂ ਰੋਕਣ ਲਈ ਬੇਨਤੀ ਕੀਤੀ, ਕਿਉਂਕਿ ਇਸ ਮੰਦਰ ਦੇ ਬਣਨ ਨਾਲ ਕਈ ਸਦੀਆਂ ਤੱਕ ਲੋਕਾਂ ਨੇ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ 'ਚ ਫਸ ਕੇ ਹਰ ਰੋਜ 'ਲੁੱਟ' ਕਰਵਾਉਂਦੇ ਰਹਿਣਾ ਹੈ, ਤਾਂ ਜਾ ਕੇ ਸਰਪੰਚ ਨੇ ਪੁਜਾਰੀ ਰਾਮੂ ਅਤੇ ਬਾਕੀ ਮੁੱਖ ਸ਼ਰਧਾਲੂ-ਭਗਤਾਂ ਨੂੰ ਚੇਤਾਵਨੀ ਦਿੱਤੀ ਕਿ, "ਇੱਥੇ ਕੋਈ ਮੰਦਰ ਨਹੀਂ ਬਣੇਗਾ।" ਇਸ ਤਰ੍ਹਾਂ ਉਥੇ ਅਖੌਤੀ 'ਨਾਗ ਦੇਵਤਾ' ਦਾ ਮੰਦਰ ਬਣਨ 'ਤੇ ਰੋਕ ਲੱਗ ਪਈ ਤੇ ਹੌਲ਼ੀ-ਹੌਲ਼ੀ ਸਾਰੇ ਹੀ ਵਹਿਮੀ ਤੇ ਅੰਧਵਿਸ਼ਵਾਸੀ ਸ਼ਰਧਾਲੂ ਭਗਤ ਆਉਣੋ ਹਟ ਗਏ।

**ਵਿਆਖਿਆ** : ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ ਵਿੱਚ ਫਸੇ ਹੋਏ ਲੋਕ ਬਿਮਾਰ ਸੱਪ ਨੂੰ ਵੀ 'ਨਾਗ ਦੇਵਤਾ' ਹੀ ਸਮਝਣ ਲੱਗ ਪਏ ਸੀ। ਜਿਹੜਾ ਦੇਵਤਾ ਆਪਣੇ ਆਪ ਨੂੰ ਬਿਮਾਰ ਹੋਣ ਤੋਂ ਬਚਾ ਨਹੀਂ ਸਕਿਆ, ਉਹ ਦੂਜਿਆਂ ਦਾ ਚਮਤਕਾਰੀ ਢੰਗ ਨਾਲ ਕੀ ਸੁਆਰ ਸਕਦਾ ਸੀ। ਜੇਕਰ ਉਸ ਵਿੱਚ ਕੋਈ ਚਮਤਕਾਰੀ ਸ਼ਕਤੀ ਹੁੰਦੀ ਤਾਂ ਸਭ ਤੋਂ ਪਹਿਲਾਂ ਉਹ ਆਪਣੇ ਆਪ ਨੂੰ ਠੀਕ ਕਰਦਾ।

ਜੇਕਰ ਮੈਂ ਆਪਣੀ ਯੋਜਨਾ ਅਨੁਸਾਰ ਬਿਮਾਰ ਸੱਪ (ਨਾਗ ਦੇਵਤਾ) ਦਾ ਮੰਦਰ ਬਣਨ ਤੋਂ ਨਾ ਰੋਕਦਾ ਤਾਂ ਅੱਜ ਉਥੇ ਇੱਕ ਬਹੁਤ ਵੱਡਾ ਮੰਦਰ ਹੋਣਾ ਸੀ। ਉਸ ਮੰਦਰ ਦੇ ਅੰਦਰ ਛੱਤ ਨਾਲ ਲਟਕਦਾ ਇੱਕ 'ਟੱਲ' (ਘੰਟੀ) ਅਤੇ ਚਬੂਤਰੇ ਤੇ ਰੱਖੀ ਹੋਈ ਨਾਗ ਦੇਵਤਾ ਦੀ ਪੱਥਰ ਜਾਂ ਪਿੱਤਲ ਦੀ ਮੂਰਤੀ ਪਈ ਹੋਣੀ ਸੀ। ਇਸ ਮੰਦਰ ਦੇ ਅੰਦਰ ਅਤੇ ਬਾਹਰ ਸ਼ਰਧਾਲੂ-ਭਗਤਾਂ ਦੀਆਂ ਭੀੜਾਂ ਲੱਗੀਆਂ ਹੋਣੀਆਂ ਸੀ। ਜਿਨ੍ਹਾਂ ਨੇ ਟੱਲ ਖੜ੍ਹਕਾ ਕੇ ਨਾਗ ਦੇਵਤਾ ਦੀ ਮੂਰਤੀ ਨੂੰ ਮੱਥਾ ਟੇਕਦੇ ਹੋਏ 'ਚੜ੍ਹਾਵੇ' ਦੇ ਰੂਪ 'ਚ ਰੁਪਏ ਪੈਸਿਆਂ ਨਾਲ ਗੋਲਕ ਭਰ ਦੇਣੀ ਸੀ ਤੇ ਦੇਵਤੇ ਦੀ ਮੌਜੂਦਗੀ 'ਚ ਹੀ ਪ੍ਰਬੰਧਕਾਂ ਤੇ ਪੁਜਾਰੀ ਨੇ ਉਸ 'ਤੇ ਯਕੀਨ ਨਾ ਕਰਦਿਆਂ, ਗੱਲ੍ਹੇ ਨੂੰ ਮਜ਼ਬੂਤੀ ਨਾਲ 'ਜ਼ਿੰਦਰਾ' ਮਾਰ ਦੇਣਾ ਸੀ। ਬਾਦ ਵਿੱਚ ਉਨ੍ਹਾਂ ਨੇ 'ਚੜ੍ਹਾਵੇ' ਨਾਲ ਐਸ਼-ਪ੍ਰਸਤੀ ਕਰਦਿਆਂ ਕਾਲ਼ੀਆਂ ਕਰਤੂਤਾਂ ਕਰਨ ਲੱਗ ਪੈਣਾ ਸੀ। ਮੰਦਰ ਦੇ ਅੰਦਰ ਬੈਠਾ 'ਪੁਜਾਰੀ' ਆਏ ਹੋਏ ਸ਼ਰਧਾਲੂ ਭਗਤਾਂ ਨੂੰ ਪ੍ਰਸ਼ਾਦ ਦਿੰਦਾ ਹੋਇਆ, ਨਾਗ ਦੇਵਤਾ ਦੀਆਂ ਮਨਘੜਤ ਚਮਤਕਾਰੀ ਕਹਾਣੀਆਂ ਇਸ ਤਰ੍ਹਾਂ ਸੁਣ ਕੇ ਲੁੱਟ ਰਿਹਾ ਹੋਣਾ ਸੀ, ਜਿਵੇਂ ਬਾਕੀ ਜੋਤਸ਼ੀ, ਬਾਬੇ, ਸਾਧੂ ਸੰਤ, ਮਹੰਤ, ਤਾਂਤਰਿਕ, ਚੇਲੇ, ਸਿਆਣੇ, ਮਦਾਰੀ, ਮੌਲਵੀ ਅਤੇ ਈਸਾਈ ਪਾਦਰੀ ਲੁੱਟਦੇ ਹਨ।

## ਭਾਰਤ ਮਾਤਾ ਦੀ ਜੈ ?

ਇਕ ਗੱਲ ਸੁਣ ਲਵੋ ਕੰਨ ਖੋਲਕੇ
ਜੇ ਮੰਗੋਗੇ ਰੋਟੀ ਰੋਟੀ
ਅਸੀ ਕਰਦਿਆਂਗੇ ਬੋਟੀ ਬੋਟੀ
ਜੇ ਕਿਸੇ ਨੇ ਲਿਆ ਹੋਰ ਦਾ ਨਾਂ
ਗਾਂ ਹੈ ਤੁਹਾਡੀ ਸੱਕੀ ਮਾਂ ਸੱਕੀ ਮਾਂ
ਸਭ ਬੀਮਾਰੀਆਂ ਦਾ ਇਕੋ ਇਲਾਜ
ਸ਼ੁਧ ਗਊ ਮੂਤ ਦਾ ਇਕੋ ਗਿਲਾਸ
ਜੇ ਤੁਸੀਂ ਮੰਗੋਗੇ ਨਿਆਂ ਨਿਆਂ
ਅਸੀ ਕਰਦਿਆਂਗੇ ਠਾਂਹ ਠਾਂਹ
ਨਾਹਰੇ ਲਾਉਣੇ ਛੱਡ ਦਿਉ
ਨਹੀਂ ਅਸੀ ਦਿਆਂਗੇ ਚੀਰ
ਜਿਸ ਕਿਸੇ ਨੂੰ ਸ਼ੱਕ ਹੈ
ਵੇਖ ਲਵੋ ਜਾਕੇ ਕਸ਼ਮੀਰ

ਭਾਰਤ ਮਾਤਾ ਦੀ ਜੈ ?
ਗਊ ਮਾਤਾ ਦੀ ਜੈ ?
ਮੈਂ ਦੇਸ਼ਧਰੋਹੀ ਨਹੀ ਬੋਲ ਤਾਂ ਦਿੱਤਾ ਹੈ
ਭਾਰਤ ਮਾਤਾ ਦੀ ਜੈ



# ਪੰਜਵੀਂ ਉਦਾਸੀ

ਚੱਲ ਮਰਦਾਨਿਆ ਘੁੰਮਣ ਚੱਲੀਏ
ਧਰਤੀ ਦਾ ਮੁੱਖ ਚੁੰਮਣ ਚੱਲੀਏ।

ਛੱਡ ਰਬਾਬ ਤੇ ਫੜ ਲੈ ਕਾਸਾ
ਵੇਖਣ ਚੱਲੀਏ ਜਗਤ ਤਮਾਸ਼ਾ।

ਕਿਸ ਨੇ ਬੰਨ੍ਹ ਲਈ, ਮਾਰੀ ਗੰਢ
ਕੌਣ ਅਜੇ ਵੀ ਕਰੇ ਪਾਖੰਡ?

ਕਿਸ ਨੇ ਨਵੀਆਂ ਲੀਹਾਂ ਪਾਈਆਂ
ਕੌਣ ਅਜੇ ਵੀ ਸੰਗ ਕਸਾਈਆਂ?

ਇਹ ਨੇ ਕੌਣ ਛਲੇਊਆਂ ਵਾਲੇ
ਦਾੜ੍ਹੀਆਂ ਸੰਗ ਜਨੇਊਆਂ ਵਾਲੇ?

ਪੰਡਤ ਸ਼ੰਖ, ਮੁੱਲਾਣੇ ਬਾਂਗ
ਤੀਜਾ ਕੌਣ ਰਚਾਵੇ ਸਾਂਗ?

ਹਿੰਦੂ ਨਾ ਮੁਸਲਮਾਨ ਹੈ ਇਹ
ਕਿਸ ਖੋਲ੍ਹੀ ਨਵੀਂ ਦੁਕਾਨ ਹੈ ਇਹ?

ਸੰਗਮਰਮਰ ਤੇ ਸੋਨਾ ਝਾਲ
ਕਿਹੜਾ ਯੁੱਗ ਇਹ ਕਿਹੜਾ ਕਾਲ?

ਕਿਹੜੇ ਧਨ ਖਜਾਨਿਓਂ ਆਇਆ
ਕਿੱਥੋਂ ਆ ਗਈ ਏਨੀ ਮਾਇਆ?

ਲੋਕਾਂ ਦੇ ਜੋ ਲਹੂ ਪੀਂਦਾ ਹੈ
ਕੀ ਬਾਬਰ ਅੱਜ ਵੀ ਜਿਊਂਦਾ ਹੈ?

ਕੀ ਭੁੱਖਿਆਂ ਢਿੱਡ ਪਾਇਆ ਲੰਗਰ
ਜਿਸਨੇ ਵੀ ਇਹ ਲਾਇਆ ਲੰਗਰ?

ਕਿੱਥਿਓਂ ਚੱਲ ਕੇ ਆਇਆ ਲੰਗਰ
ਇਹ ਕਿਸ ਥਾਂ ਪੁਜਾਇਆ ਲੰਗਰ?

ਬਣਕੇ ਦੋਵੇਂ ਮਸਤ ਕਲੰਦਰ
ਆ ਚੱਲੀਏ ਇਸ ਮੰਦਰ ਅੰਦਰ।

ਅੰਦਰ ਕਾਹਤੋਂ ਜਾਣ ਨਹੀਂ ਦਿੰਦੇ
ਪੈਰ ਸਰੋਵਰ ਪਾਉਣ ਨਹੀਂ ਦਿੰਦੇ।

ਕੌਣ ਨੇ ਇਹ ਜੋ ਬਰਛਿਆਂਵਾਲੇ
ਤੋਰ-ਤਰੀਕੇ ਹਰਖਿਆਂ ਵਾਲੇ।

ਹੋਰ ਵੀ ਤਾਂ ਲੰਘ ਲੋਕ ਰਹੇ ਨੇ
ਸਾਨੂੰ ਹੀ ਕਿਉਂ ਟੋਕ ਰਹੇ ਨੇ?

ਕੌਣ ਨੇ ਇਹ ਜੋ ਗਾਉਂਦੇ ਪਏ ਨੇ
ਕਿਸ ਨੂੰ ਚੌਰ ਝੁਲਾਉਂਦੇ ਪਏ ਨੇ?

ਸਾਰੀ ਬਾਣੀ ਕਰ ਲਈ ਕੰਠ
ਮੂਹਰੇ ਧਰਿਆ ਕਿਉਂ ਗਰੰਥ?

ਇਹ ਤਾਂ ਗੱਲ ਸਮਝ ਵਿੱਚ ਆਵੇ
ਅਨਪੜ੍ਹਾਂ ਤਾਈਂ ਕੋਈ ਪੜ੍ਹ ਸਮਝਾਵੇ।

ਪਰ ਪੜ੍ਹੇ-ਲਿਖੇ ਖੁਦ ਪੜ੍ਹਦੇ ਕਿਉਂ ਨਹੀਂ
ਪੜ੍ਹਦੇ, ਅਮਲ ਫਿਰ ਕਰਦੇ ਕਿਉਂ ਨਹੀਂ।



ਮੁੜ-ਮੁੜ ਕਿਉਂ ਦੁਹਰਾਇਆ ਜਾਂਦਾ
ਜ਼ੋਰੀਂ ਕੰਨੀਂ ਪਾਇਆ ਜਾਂਦਾ।

ਇਹ ਕੀ ਵੇਖਾਂ ਘਾਲਾ-ਮਾਲਾ
ਬੀਬੀ ਦਾਹੜੀ ਹੱਥ 'ਚ ਮਾਲਾ?

ਅੱਲਾ ਜਾਂ ਕੋਈ ਪੀਰ ਭਲਾ ਹੈ
ਇਹ ਕਿਸਦੀ ਤਸਵੀਰ ਭਲਾ ਹੈ?

ਮਰਦਾਨੇ ਆਖਿਆ ਛੱਡੋ ਜਨਾਬ
ਕਾਹਨੂੰ ਕਰਨੈ ਮੂਡ ਖਰਾਬ?

ਏਥੇ ਉਤਿਆ ਫਿਰਦਾ ਆਵਾ
ਹਰ ਇੱਕ ਦਾ ਹੈ ਅਪਣਾ ਦਾਅਵਾ।

ਹਰ ਕੋਈ ਬਣਿਆ ਫਿਰੇ ਮਛੇਰਾ
ਮੈਂ ਨਾਨਕ ਦਾ ਨਾਨਕ ਮੇਰਾ।

ਕਾਹਨੂੰ ਪਾਉਣ ਨੂੰ ਪੰਗੇ ਫਿਰਦੇ
ਪੈਰ-ਪੈਰ ਔਰੰਗੇ ਫਿਰਦੇ।

ਜਿਹਨਾਂ ਨੂੰ ਤੇਰੇ ਅਕੀਦੇ ਭਾਅ ਗਏ
ਉਹ ਤਾਂ ਯਾਰ ਸ਼ਹੀਦੀਆਂ ਪਾ ਗਏ।

ਹੁਣ ਵੀ ਹੋਵੇ ਸੱਚ ਖੁਆਰ
ਕੂੜ-ਝੂਠ ਦੀ ਜੈ-ਜੈ ਕਾਰ।

ਤੇਰੇ ਨਾਂ ਤੇ ਹੋਣ ਵਪਾਰ
ਤੇਰੇ ਨਾਂ ਦੇ ਕਾਰੋਬਾਰ।

ਨਾਨਕ ਵਿਕਦੇ ਮੁੱਲ ਬਾਜ਼ਾਰ
ਟਕੇ-ਟਕੇ ਨੂੰ ਮਿਲਦੇ ਚਾਰ।

ਨਾਨਕ ਤੇਰਾ ਲਾਇਆ ਲੰਗਰ
ਹੁਣ ਨਹੀਂ ਜਾਂਦਾ ਖਾਇਆ ਲੰਗਰ।

ਢਿੱਡਾਂ ਵਿੱਚ ਵੱਧ-ਘੱਟ ਹੀ ਪੈਂਦਾ
ਜਾਂਦਾ ਭਾਂਡੇ ਪਾਇਆ ਲੰਗਰ।

ਲੁਕਾਉਣ ਲਈ ਕਾਲੀ ਮਾਇਆ ਲੰਗਰ
ਮਿਲਕੇ ਭਾਗੋਆਂ ਲਾਇਆ ਲੰਗਰ।

ਉਹ ਤਾਂ ਬਾਬਾ ਤੂੰ ਈ ਸੀ ਜਿਸ
ਭਾਗੋ ਦਾ ਠੁਕਰਾਇਆ ਲੰਗਰ।

ਮੁੱਲ ਦੇ ਸੇਵਾਦਾਰਾਂ ਥੀਂ ਹੁਣ
ਜਾਂਦਾ ਏ ਵਰਤਾਇਆ ਲੰਗਰ।

ਬੀਬੀਆਂ ਦਾਹੜੀਆਂ, ਕਛਹਿਰਿਆਂ ਵਾਲੇ
ਲੰਮੇ ਚੋਲ਼ੇ ਸੁਨਹਿਰਿਆਂ ਵਾਲੇ।

ਸੋਨੇ ਦੀਆਂ ਕ੍ਰਿਪਾਨਾਂ ਵਾਲੇ
ਇਹ ਨੇ ਸਭ ਦੁਕਾਨਾਂ ਵਾਲੇ।

ਇਹ ਭਾਗੋ ਹੈ ਹੰਢਿਆ ਹੋਇਆ
ਨਾਨਕ ਬੂਹੇ ਟੰਗਿਆ ਹੋਇਆ।

ਹਿੰਦੂ ਵੀ, ਮੁਸਲਮਾਨ ਹੈ ਇਹ
ਬਾਜ਼ਾਰ 'ਚ ਨਵੀਂ ਦੁਕਾਨ ਹੈ ਇਹ।

ਇਹਨੂੰ ਦਿੱਤਾ ਸਿੱਖੀ ਨਾਮ
ਉੱਚੀ ਦੁਕਾਨ, ਫਿੱਕਾ ਪਕਵਾਨ।

ਸਿੱਖੀ ਸਾਖੀਆਂ ਵਿੱਚ ਹੀ ਰਹਿ ਗਈ
ਇਹ ਵੀ ਰਾਹ ਕਬਰਾਂ ਦੇ ਪੈ ਗਈ।

ਕਦੇ ਇਹ ਸਿੱਖੀ ਜੋਗ ਹੁੰਦੀ ਸੀ
ਸਿਰਲੱਥਿਆਂ ਦੀ ਫੌਜ ਹੁੰਦੀ ਸੀ।

ਚਰਖੜੀਆਂ ਤੇ ਚੜ੍ਹਦੀ ਸਿੱਖੀ
ਗਊ-ਗਰੀਬ ਲਈ ਖੜ੍ਹਦੀ ਸਿੱਖੀ।

ਕੁਰਬਾਨੀਆਂ ਦੀ ਮਿਸਾਲ ਹੁੰਦੀ ਸੀ
ਸਿੱਖੀ ਕਦੇ ਖਿਆਲ ਹੁੰਦੀ ਸੀ।

ਹੁਣ ਸਿੱਖੀ ਪਹਿਰਾਵਾ ਹੋ ਗਈ
ਇਹ ਵੀ ਬੱਸ ਦਿਖਾਵਾ ਹੋ ਗਈ।

ਗੋਲ੍ਹਕਾਂ ਖਾਤਰ ਹੋਣ ਲੜਾਈਆਂ
ਚੋਰ, ਚੋਰਾਂ ਨੂੰ ਦੇਣ ਵਧਾਈਆਂ।

ਇਹਨਾਂ ਏਦਾਂ ਈ ਲੜਦੇ ਰਹਿਣਾ
ਛੱਡ ਨਾਨਕ ਆਪਾਂ ਕੀ ਲੈਣਾ?

ਅਪਣਾ ਕੰਮ ਹੈ ਦੇਣਾ ਹੋਕਾ
ਸਾਂਭ ਲਵੇ ਜਿਨ ਸਾਂਭਣਾ ਮੌਕਾ।

ਇਹ ਜੋ ਚੌਰ ਝੁਲਾਉਂਦੇ ਪਏ ਨੇ
ਉਹ ਜੋ ਬਹਿਕੇ ਗਾਉਂਦੇ ਪਏ ਨੇ।

ਸੇਵਾ-ਸੁਵਾ ਨਾ ਕਾਈ ਏ ਬਾਬਾ
ਇਹ ਤਾਂ ਸਭ ਤਨਖਾਹੀਏ ਬਾਬਾ।

ਨੰਗੇ ਸਿਰ ਇਸ ਮੰਦਰ ਜਾਕੇ
ਬਹਿ ਨਾ ਜਾਵੀਂ ਧੌਣ ਲੁਹਾ ਕੇ।

ਆਪ ਤਾਂ ਬਾਬੇ ਖਾਣ ਨੂੰ ਫਿਰਦਾ
ਮੇਰੇ ਕਾਹਤੋਂ ਪੁਆਉਣ ਨੂੰ ਫਿਰਦਾ?

ਤਰਕ ਨਾ ਕੋਈ ਦਲੀਲ ਹੀ ਚੱਲਣੀ
ਨਾ ਹੀ ਕੋਈ ਅਪੀਲ ਹੀ ਚੱਲਣੀ।

ਜਦ ਤੂੰ ਮੱਕੇ ਪੈਰ ਕਰੇ ਸੀ
ਸਮਝਣ ਵਾਲਿਆਂ ਪੈਰ ਫੜੇ ਸੀ।

ਏਥੇ ਇੰਝ ਦੀ ਆਸ ਨਾ ਰੱਖੀਂ
ਖਾਲੀ ਘੜੇ ਪਿਆਸ ਨਾ ਰੱਖੀਂ।

ਨਾਨਕ ਆਖਿਆ ਛੱਡ ਮਰਦਾਨੇ
ਏਥੋਂ ਚੱਲੀਏ ਚੁੱਕ ਸ਼ਮਿਆਨੇ।

-ਸੁਰਜੀਤ ਗੱਗ

# ਕਰਵਾ-ਚੌਥ

ਮੂਲ ਲੇਖ: ਸੁਰੇਸ਼ ਪ੍ਰਸ਼ਾਦ
ਅਨੁਵਾਦਕ : ਪਵਨ ਕੁਮਾਰ ਰੱਤੋਂ



ਇਸਤਰੀਆਂ ਵਿੱਚ ਕਰਵਾਚੌਥ ਮਨਾਉਣ ਦਾ ਫ਼ੈਸ਼ਨ ਜਿਹਾ ਚੱਲ ਪਿਆ ਹੈ। ਮੀਡੀਆ ਨੇ ਵੀ ਉਪਭੋਗਤਾ ਨੂੰ ਉਤਸ਼ਾਹ ਦੇਣ ਦੇ ਲਈ ਇਸ ਵਰਤ ਦੀ ਵੱਡਿਆਈ ਵਧਾ ਚੜ੍ਹਾ ਕੇ ਦੱਸਣੀ ਸ਼ੁਰੂ ਕਰ ਦਿੱਤੀ ਹੈ। ਇੱਕ ਪਾਸੇ ਇਸਤਰੀਆਂ ਆਦਮੀਆਂ ਨਾਲ ਬਰਾਬਰੀ ਦੀ ਗੱਲ ਕਰਦੀਆਂ ਹਨ ਤਾਂ ਦੂਜੇ ਪਾਸੇ ਪਤੀਆਂ ਦੇ ਲਈ ਇਹ ਵਰਤ ਰੱਖ ਕੇ ਉਹ ਕੀ ਆਪਣੇ ਆਪ ਨੂੰ ਆਦਮੀਆਂ ਤੋਂ ਘੱਟ ਨਹੀਂ ਸਮਝ ਰਹੀਆਂ?

ਇੱਕ ਅਖ਼ਬਾਰ ਵਿੱਚ ਕਰਵਾ ਚੌਥ ਨੂੰ ਰਾਸ਼ਟਰੀ ਤਿਉਹਾਰ ਦੇ ਰੂਪ ਵਿੱਚ ਦੱਸਿਆ ਗਿਆ ਸੀ। ਇਸ ਦੇ ਲਈ ਕੁੱਝ ਟੈਲੀਵਿਜ਼ਨ ਧਾਰਾਵਾਹਿਕਾਂ ਵਿੱਚ ਕਰਵਾ ਚੌਥ ਦੇ ਨਾਇਕ ਦੇ ਚਰਿੱਤਰ ਦਾ ਵਰਨਣ ਵਾਲੇ ਤਾਮਝਾਮ ਨੂੰ ਪ੍ਰਮੁੱਖ ਕਾਰਨ ਦੱਸਿਆ ਗਿਆ ਸੀ। ਕਾਰਨ ਤਾਂ ਖੈਰ ਠੀਕ ਹੈ, ਪਰ ਬਿਨਾਂ ਸੋਚੇ ਸਮਝੇ ਇੱਕ ਜੁੰਮੇਵਾਰ ਅਖ਼ਬਾਰ ਦੁਆਰਾ ਸਿਰਫ 'ਪ੍ਰਦਰਸ਼ਨ' ਦੇ ਆਧਾਰ ਉੱਤੇ ਕਰਵਾ ਚੌਥ ਨੂੰ ਰਾਸ਼ਟਰੀ ਤਿਉਹਾਰ (ਆਜ਼ਾਦੀ ਦਿਵਸ ਅਤੇ ਗਣਤੰਤਰ ਦਿਵਸ ਦੇ ਬਰਾਬਰ) ਦਾ ਦਰਜਾ ਦੇਣਾ ਅੰਧਵਿਸ਼ਵਾਸ ਨੂੰ ਹੱਲਾਸ਼ੇਰੀ ਦੇਣਾ ਨਹੀਂ ਤਾਂ ਹੋਰ ਕਯਾ ਹੈ?

ਸੱਚ ਤਾਂ ਇਹ ਹੈ ਕਿ ਕਰਵਾ ਚੌਥ ਆਦਮੀਆਂ ਦੀ ਗੁਲਾਮੀ ਅਤੇ ਅੰਧਵਿਸ਼ਵਾਸ ਦਾ ਪ੍ਰਗਟਾਵਾ ਕਰਨ ਨਾਲ ਜੁੜਿਆ ਤਿਉਹਾਰ ਹੈ। ਪਤਨੀਆਂ ਇਸ ਵਰਤ ਨੂੰ ਆਪਣੇ ਪਤੀਆਂ ਦੀ ਲੰਬੀ ਉਮਰ ਦੇ ਲਈ ਰੱਖਦੀਆਂ ਹਨ। ਕੀ ਇਸ ਨਾਲ ਉਹ ਆਪਣੇ ਆਪ ਨੂੰ ਆਪਣੇ ਪਤੀਆਂ ਦੇ ਮੁਕਾਬਲੇ ਘੱਟ ਜਾਂ ਹੀਣ ਸਾਬਤ ਨਹੀਂ ਕਰਦੀਆਂ? ਕੀ ਕੋਈ ਪਤੀ ਵੀ ਆਪਣੀ ਪਤਨੀ ਦੀ ਲੰਬੀ ਉਮਰ ਦੀ ਕਾਮਨਾ ਕਰਦੇ ਹੋਏ ਇਹ ਵਰਤ ਰੱਖਦਾ ਹੈ? ਸਵਾਲ ਉੱਠਦਾ ਹੈ ਕਿ ਪਤੀਆਂ ਦੀ ਉਮਰ ਹੀ ਲੰਬੀ ਕਿਉਂ ਹੋਵੇ? ਕੀ ਇਸ ਨਾਲ ਅਪ੍ਰੱਤਖ ਰੂਪ ਤੋਂ ਪਤੀਆਂ ਜਾਂ ਆਦਮੀਆਂ ਨੂੰ ਵੱਡਿਆਈ ਦਾ ਦਿਖਾਵਾ ਨਹੀਂ ਕੀਤਾ ਜਾ ਰਿਹਾ? ਉਹ ਵੀ ਆਪ ਇਸਤਰੀਆਂ ਦੁਆਰਾ, ਜੋ ਅਕਸਰ ਪਤੀਆਂ ਜਾਂ ਆਦਮੀਆਂ ਦੁਆਰਾ ਸਤਾਉਣ ਦਾ ਸ਼ਿਕਾਰ ਹੁੰਦੀਆਂ ਰਹਿੰਦੀਆਂ ਹਨ।

ਇੱਕ ਪਾਸੇ ਜਿੱਥੇ ਅਸੀਂ ਮਹਿਲਾ ਸਸ਼ਕਤੀਕਰਨ ਦੀਆਂ ਗੱਲਾਂ ਜ਼ੋਰਸ਼ੋਰ ਨਾਲ ਕਰ ਰਹੇ ਹਾਂ ਉਥੇ ਹੀ ਦੂਜੇ ਪਾਸੇ ਬੌਲੀਵੁੱਡ ਦੀਆਂ ਫਿਲਮਾਂ ਅਤੇ ਟੀ.ਵੀ. ਧਾਰਾਵਹਿਕਾਂ ਵਿੱਚ ਪਤਨੀਆਂ ਨੂੰ ਪਤੀ ਦੀ ਲੰਬੀ ਉਮਰ ਅਤੇ ਸਲਾਮਤੀ ਦੇ ਲਈ ਕਰਵਾ ਚੌਥ ਦਾ ਵਰਤ ਰੱਖਦੇ ਹੋਏ ਦਿਖਾਇਆ ਜਾਣਾ ਕੀ ਮਹਿਲਾ ਸਸ਼ਕਤੀਕਰਨ ਦਾ ਮਜ਼ਾਕ ਉਡਾਣਾ ਨਹੀਂ ਹੈ? ਇਸ ਤਿਉਹਾਰ ਦੇ ਇਸ ਕਥਿਤ ਖਿੱਚ ਜਾਂ ਅੰਧਵਿਸ਼ਵਾਸ ਨੇ ਖੇਤਰਵਾਦ ਦੀਆਂ ਬੰਦਸ਼ਾਂ ਨੂੰ ਤੋੜਦੇ ਹੋਏ ਉੱਤਰ ਭਾਰਤ ਵਿੱਚ ਇਸ ਨੂੰ ਅਖਿਲ ਭਾਰਤੀ ਸਵਰੂਪ ਦੇ ਦਿੱਤਾ ਹੈ। ਇਸ ਉੱਤੇ ਖ਼ੁਸ ਹੋਣ ਦੀ ਬਜਾਏ ਸਾਨੂੰ ਸ਼ਰਮ ਮਹਿਸੂਸ ਕਰਨੀ ਚਾਹੀਦੀ ਹੈ ਕਿ ਇਸਤਰੀ ਪੁਰਸ਼ ਸਮਾਨਤਾ ਦੇ ਇਸ ਦੌਰ ਵਿੱਚ ਵੀ ਅਸੀਂ ਭੇਦਭਾਵਪੂਰਨ ਤਿਉਹਾਰਾਂ ਨੂੰ ਏਨਾ ਮਹੱਤਵ ਦੇਂਦੇ ਹਾਂ ਜਿੰਨਾ ਆਪਣੇ ਬੱਚਿਆਂ ਦੀ ਪੜ੍ਹਾਈ ਲਿਖਾਈ ਨੂੰ ਵੀ ਨਹੀਂ ਦੇਂਦੇ।

ਕਰਵਾ ਚੌਥ ਦੇ ਬਾਰੇ ਵਿੱਚ 'ਦਿਲਵਾਲੇ ਦੁਲਹਣੀਆਂ ਲੇ ਜਾਏਂਗੇ', 'ਕਭੀ ਖ਼ੁਸ਼ੀ ਕਭੀ ਗ਼ਮ', 'ਬਾਗ਼ਬਾ', ਵਰਗੀਆਂ ਫ਼ਿਲਮਾਂ ਅਤੇ 'ਸਾਸ ਭੀ ਕਭੀ ਬਹੂ ਥੀ' 'ਕਹਾਣੀ ਘਰ ਘਰ ਕੀ' ਅਤੇ 'ਕਸੌਟੀ ਜ਼ਿੰਦਗੀ ਕੀ' ਵਰਗੇ ਟੈਲੀਵਿਜ਼ਨ ਧਾਰਾਵਾਹਿਕਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ, ਜਿਹਨਾਂ ਨੇ ਲਿੰਗਕ ਭੇਦਭਾਵ ਵਾਲੇ ਇਸ ਦੇਸ਼ ਵਿੱਚ ਪੁਰਸ਼ ਵਰਗ ਦੀ ਵੱਡਿਆਈ ਦਾ ਦਿਖਾਵਾ ਕਰਨ ਦਾ ਕੰਮ ਹੀ ਕੀਤਾ ਹੈ।

ਕਿਹਾ ਤਾਂ ਇਹ ਜਾਂਦਾ ਹੈ ਕਿ ਪਤਨੀਆਂ ਕਰਵਾ ਚੌਥ ਦਾ ਵਰਤ ਆਪਣੇ ਪਤੀਆਂ ਦੇ ਪ੍ਰਤੀ ਪ੍ਰੇਮ ਪ੍ਰਦਰਸ਼ਨ ਕਰਨ ਦੇ ਲਈ ਰੱਖਦੀਆਂ ਹਨ, ਪਰੰਤੂ ਸਵਾਲ ਹੈ ਕਿ ਇਹ ਪਿਆਰ ਪਤਨੀਆਂ ਹੀ ਪਤੀਆਂ ਦੇ ਪ੍ਰਤੀ ਕਿਉਂ ਪ੍ਰਦਰਸ਼ਿਤ ਕਰਨ? ਸ਼ਾਇਦ ਇਸ ਦਾ ਕਾਰਨ ਸਾਡਾ ਕਥਿਤ 'ਸੰਸਕਾਰ' ਹੈ ਜਿਸ ਦੇ ਤਹਿਤ ਪਤੀ ਨੂੰ ਦੇਵਤਾ ਮੰਨ ਕੇ 'ਪਤੀ ਦੇਵ' ਦਾ ਦਰਜਾ ਦਿੱਤਾ ਗਿਆ, ਪਰੰਤੂ ਪਤਨੀ ਨੂੰ ਦੇਵੀ ਮੰਨ ਕੇ 'ਪਤਨੀ ਦੇਵੀ' ਦਾ ਦਰਜਾ ਨਹੀਂ ਦਿੱਤਾ ਗਿਆ, ਸਗੋਂ ਉਸਨੂੰ 'ਦਾਸੀ' ਜਾਂ 'ਸੇਵਕਾ' ਮੰਨਿਆ ਗਿਆ ਅਤੇ ਇਸੇ ਕੁਸੰਸਕਾਰ ਦੀ ਪਰਿਣਤੀ (ਬਦਲਿਆ ਰੂਪ, ਅੰਤ) ਕਰਵਾ ਚੌਥ ਵਰਗੇ ਵਰਤਾਂ ਦੇ ਰੂਪ ਵਿੱਚ ਹੋਈ ਤਾਂ ਜੋ ਪਤੀਆਂ ਦਾ ਦਰਜਾ ਪਤਨੀਆਂ ਦੀ ਤੁਲਨਾ ਵਿੱਚ ਹਮੇਸ਼ਾ ਉੱਚਾ ਰਹੇ।

ਸਾਡਾ ਸਮਾਜ ਲੜਕੀਆਂ ਨੂੰ ਬਚਪਨ ਤੋਂ ਹੀ ਆਦਮੀਆਂ ਉੱਤੇ ਆਸ਼ਰਤ ਕਰ ਦੇਂਦਾ ਹੈ, ਜਿਸ ਦਾ ਭੈੜਾ ਨਤੀਜਾ ਪੁਰਸ਼ ਵੱਡਿਆਈ ਵਾਲੇ ਤਿਉਹਾਰ ਜਿਵੇਂ ਰੱਖੜੀ, ਭਾਈਦੂਜ, ਛਠ ਵਰਤ, ਜਿਉਤਿਆ, (ਅੱਸੂ ਮਹੀਨੇ ਦੇ ਹਨ੍ਹੇਰ ਪੱਖ ਦੀ ਪੰਚਮੀ ਨੂੰ ਹੋਣ ਵਾਲਾ ਵਰਤ) ਤੀਜ, ਹਲਦੀ ਕੁਮਕੁਮ, ਹਰਿਤਾਲਿਕਾ, ਨੌਮਬਸ, ਦੁਰਗਾਉਤਸਵ, ਕਰਵਾ ਚੌਥ ਆਦਿ ਰੂਪ ਵਿੱਚ ਦੇਖਣ ਨੂੰ ਮਿਲਦਾ ਹੈ।

ਕਰਵਾ ਚੌਥ ਇਹਨਾਂ ਸਾਰੇ ਵਰਤਾਂ ਦਾ 'ਸਰਤਾਜ' (ਸਿਰ ਉੱਤੇ ਪਹਿਨਣ ਵਾਲਾ ਤਾਜ; ਸਿਰ ਦਾ ਸਾਈਂ, ਮਾਲਕ, ਪਤੀ) ਹੈ ਅਤੇ ਇਸ ਤਰ੍ਹਾਂ ਇਹ ਲਿੰਗਕ ਭੇਦਭਾਵ ਦਾ ਜਿਉਂਦਾ ਜਾਗਦਾ ਨਮੂਨਾ ਹੈ। ਕੀ ਇਹ ਤਿਉਹਾਰ ਸਾਡੇ ਸੰਵਿਧਾਨ ਦੇ ਧਾਰਾ 14 (ਕਾਨੂੰਨ ਦੇ ਸਾਹਮਣੇ ਬਰਾਬਰੀ) ਦਾ ਉਲੰਘਣ ਨਹੀਂ ਕਰਦਾ? ਫੇਰ ਇਹ 'ਰਾਸ਼ਟਰੀ ਤਿਉਹਾਰ' ਕਿਵੇਂ ਹੋ ਗਿਆ? ਇਹ ਤਿਉਹਾਰ ਤਾਂ ਸਾਫ਼ ਤੌਰ ਉੱਤੇ 'ਰਾਸ਼ਟਰੀ ਅੰਧਵਿਸ਼ਵਾਸ' ਸਾਬਤ ਹੋ ਰਿਹਾ ਹੈ।

ਸਾਰੇ ਜਾਣਦੇ ਹਨ ਕਿ ਆਪਣੇ ਦੇਸ਼ ਵਿੱਚ ਜਿੰਨੇ ਵੀ ਤਿਉਹਾਰ ਮਨਾਏ ਜਾਂਦੇ ਹਨ ਉਹਨਾਂ ਵਿੱਚੋਂ ਜ਼ਿਆਦਾਤਰ ਦੇ ਕੇਂਦਰ (ਮੁੱਖ ਜਗ੍ਹਾ) ਵਿੱਚ ਇਸਤਰੀਆਂ ਹੀ ਰਹਿੰਦੀਆਂ ਹਨ, ਕਿਉਂਕਿ ਉਹ ਹੀ ਉਪਵਾਸ ਰੱਖਦੀਆਂ ਹਨ ਅਤੇ ਇਹ ਸਾਰੇ ਵਰਤ ਉਪਵਾਸ ਪੁੱਤਰਾਂ ਅਤੇ ਪਤੀਆਂ ਦੀ ਕੁਸ਼ਲਤਾ ਅਤੇ ਲੰਬੀ ਉਮਰ ਦੇ ਲਈ ਹੀ ਕੀਤੇ ਜਾਂਦੇ ਹਨ। ਸ਼ਰਧਾ ਦੇ ਨਾਂ ਉੱਤੇ ਪੁਰਸ਼ ਵਰਗ ਦੀ ਵੱਡਿਆਈ ਕਰਨ ਵਾਲੇ ਤਿਉਹਾਰਾਂ ਨੂੰ ਉਤਸ਼ਾਹਤ ਨਹੀਂ ਕੀਤਾ ਜਾ ਸਕਦਾ। ਕਰਵਾ ਚੌਥ ਵਰਗੇ ਤਿਉਹਾਰ ਨੂੰ ਮੀਡੀਆ ਦੁਆਰਾ ਉਤਸ਼ਾਹਿਤ ਕਰਨ ਦੇ ਕਾਰਨ ਤੋਂ ਹੀ ਸਮਾਜ ਵਿੱਚ ਲੜਕੇ ਦੀ ਇੱਛਾ ਰੱਖਣ ਦੀ ਰੁਚੀ ਵੱਧ ਰਹੀ ਹੈ ਜਿਸ ਦਾ ਅੰਤ ਕੰਨਿਆਂ ਭਰੂਣ ਹੱਤਿਆ ਦੇ ਰੂਪ ਵਿੱਚ ਹੋ ਰਿਹਾ ਹੈ। ਲੜਕੇ ਦੀ ਇੱਛਾ ਰੱਖਣ ਦੀ ਸਾਡੀ ਪ੍ਰਾਚੀਨ ਸੰਸਕ੍ਰਿਤੀ ਅਤੇ ਪਰੰਪਰਾ ਹੀ ਗਲਤ ਹੈ ਅਤੇ ਅਸੀਂ ਇਸੇ ਗਲਤ ਪਰੰਪਰਾ ਨੂੰ ਬਦਲਣਾ ਹੈ।

ਇਸ ਕੁਸੰਸਕਾਰ ਨੂੰ ਜਾਰੀ ਨਹੀਂ ਰੱਖਿਆ ਜਾ ਸਕਦਾ ਪਰੰਤੂ ਇਸ ਦੇ ਰਸਤੇ ਵਿੱਚ ਪੁਰੋਹਿਤ ਗੀਰੀ ਸਭ ਤੋਂ ਵੱਡਾ ਰੋੜਾ ਹੈ। ਸੱਚਾਈ ਤਾਂ ਇਹ ਹੈ, ਜਦ ਤੱਕ 'ਪ੍ਰੋਹਿਤਗੀਰੀ' ਉੱਤੇ ਰੋਕ ਨਹੀਂ ਲਗਾਈ ਜਾਂਦੀ ਤੱਦ ਤੱਕ ਕਰਵਾ ਚੌਥ ਵਰਗੇ ਵਰਤਾਂ ਉੱਤੇ ਲਗਾਮ ਜਾਂ ਰੋਕ ਨਹੀਂ ਲਗਾਈ ਜਾ ਸਕਦੀ।

ਸੋਚ-ਵਿਚਾਰ ਵਾਲੀ ਗੱਲ ਹੈ ਕਿ ਅੱਜ ਕੱਲ੍ਹ ਪਰਵਤਿਉਹਾਰਾਂ ਦਾ ਵੀ ਵਪਾਰੀਕਰਨ ਕਰ ਦਿੱਤਾ ਗਿਆ ਹੈ ਅਤੇ ਕੰਪਨੀਆਂ ਆਪਣੇ ਉਤਪਾਦਾਂ ਦੀ ਵਿਕਰੀ ਵਧਾਉਣ ਦੇ ਲਈ ਇਹਨਾਂ ਕੁਪ੍ਰਥਾਵਾਂ ਨੂੰ ਵਿਗਿਆਪਤ ਕਰਨ ਲੱਗੀਆਂ ਹਨ। ਉਹਨਾਂ ਨੂੰ ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਇਸ ਲੜੀ ਵਿੱਚ ਉਹ ਪਹਿਲਾਂ ਤੋਂ ਹੀ ਅੰਧਵਿਸ਼ਵਾਸਾਂ ਨਾਲ ਪੀੜਤ ਇਸ ਸਮਾਜ ਨੂੰ ਹੋਰ ਜ਼ਿਆਦਾ ਦਕਿਯਾਨੂਸੀ (ਪੁਰਾਣੇ ਘਟੀਆ ਖਿਆਲਾਂ ਦਾ ਮੁੱਦਈ) ਬਣਾ ਰਹੀਆਂ ਹਨ। ਕਰਵਾਚੌਥ ਨੂੰ ਭਿੰਨ-ਭਿੰਨ ਟੀ.ਵੀ. ਚੈਨਲ ਆਪਣੀ ਦੁਕਾਨਦਾਰੀ ਨੂੰ ਵਧਾਉਣ ਦਾ ਜ਼ਰੀਆ ਬਣਾ ਬੈਠੇ ਹਨ। ਇਸ ਦਾ ਭੈੜਾ ਨਤੀਜਾ ਇਹ ਹੋ ਰਿਹਾ ਹੈ ਕਿ ਇਸਤਰੀਆਂ ਇਸ ਉਤਸਵ ਨੂੰ ਹੂ-ਬ-ਹੂ ਉਸੇ ਤਰ੍ਹਾਂ ਮਨਾਉਂਦੀਆਂ ਹਨ, ਜਿਹੋ ਜਿਹਾ ਕਿ ਟੈਲੀਵਿਜਨ ਉੱਤੇ ਦਿਖਾਇਆ ਜਾਂਦਾ ਹੈ।

ਇਸ ਦਾ ਦੁਖੀ ਪਹਿਲੂ ਇਹ ਵੀ ਹੈ ਕਿ ਫਿਜੀ, ਆਸਟ੍ਰੇਲੀਆ, ਬ੍ਰਿਟੇਨ ਅਤੇ ਅਮਰੀਕਾ ਵਿੱਚ ਰਹਿਣ ਵਾਲੀਆਂ ਭਾਰਤੀ ਮੂਲ ਦੀਆਂ ਇਸਤਰੀਆਂ ਜਿਹਨਾਂ ਵਿੱਚ ਜ਼ਿਆਦਾਤਰ ਉੱਚ ਸਿੱਖਿਅਤ ਅਤੇ ਪੇਸ਼ੇਵਰ ਹਨ, ਕਰਵਾ ਚੌਥ ਨੂੰ ਉਸੀ ਢਾਂਚੇ ਅਤੇ ਤਾਮਝਾਮ ਦੇ ਨਾਲ ਮਨਾਉਂਦੀਆਂ ਹਨ ਜਿਹੋ ਜਿਹਾ ਕਿ ਫਿਲਮਾਂ ਅਤੇ ਧਾਰਾਵਾਹਿਕਾਂ ਵਿੱਚ ਇਸ ਨੂੰ ਚਿਤਰਿਤ ਕੀਤਾ ਜਾਂਦਾ ਹੈ। ਕਯਾ ਇਹ ਭਾਰਤੀ ਅੰਧਵਿਸ਼ਵਾਸ ਅਤੇ ਲਿੰਗਕ ਭੇਦਭਾਵ ਦਾ ਭੂਮੰਡਲੀਕਰਨ ਨਹੀਂ ਹੈ? ਇਸ ਉੱਤੇ ਸ਼ਰਮਿੰਦਾ ਹੋਣ ਦੀ ਬਜਾਏ ਅਸੀਂ ਖੁਸ਼ ਹੋ ਰਹੇ ਹਾਂ। ਮੰਨ ਲਉ ਭਾਰਤ ਨੇ ਓਲੰਪਿਕ ਵਿੱਚ ਸੋਨੇ ਦਾ ਤਮਗਾ ਪ੍ਰਾਪਤ ਕਰ ਲਿਆ ਹੋਵੇ। ਕੀ ਇਹ ਆਪਣੇ ਆਪ ਵਿੱਚ ਇੱਕ ਦੁਖਦਾਈ ਹਾਲਤ ਨਹੀਂ ਹੈ?

ਜੇਕਰ ਉੱਚ ਸਿੱਖਿਅਤ ਹੋਣ ਦੇ ਇਹੀ ਅਰਥ ਹਨ ਤਾਂ ਬਿਹਤਰ ਹੈ ਅਸੀਂ ਘੱਟ ਸਿੱਖਿਅਤ ਹੀ ਰਹੀਏ। ਅਨਪੜ੍ਹਤਾ ਅਤੇ ਰੂੜੀਵਾਦਿਤਾ ਤਾਂ ਚੋਲੀਦਾਮਨ ਦਾ ਪੱਕਾ ਸਾਥ ਰਿਹਾ ਹੈ, ਪਰੰਤੂ ਕੋਈ ਸਮਾਜ ਉੱਚ ਸਿੱਖਿਅਤ ਹੋਣ ਦੇ ਨਾਲ ਨਾਲ ਦਕਿਆਨੂਸੀ ਵੀ ਹੋਵੇ, ਜਿਹੋ ਜਿਹਾ ਕਿ ਵਿਦੇਸ਼ਾਂ ਵਿੱਚ ਵਸਣ ਵਾਲੇ ਭਾਰਤੀ ਪਰਿਵਾਰ, ਤਾਂ ਇਹ ਗੱਲ ਗਲੇ ਨਹੀਂ ਉਤਰਦੀ।

ਇਸੇ ਤਰਤੀਬ ਵਿੱਚ ਉਕਤ ਅਖ਼ਬਾਰ ਨੇ ਇਹ ਲਿਖਿਆ ਹੈ ਕਿ 'ਮਰਾਠੀ ਇਸਤਰੀਆਂ ਜਿਹੜੇ ਮੰਗਲਸੂਤਰ ਨੂੰ ਧਾਰਨ ਕਰਦੀਆਂ ਹਨ ਉਹ ਸਮੁੱਚੇ ਭਾਰਤ ਵਿੱਚ ਸ਼ਾਦੀਸ਼ੁਦਾ ਇਸਤਰੀਆਂ ਦੇ ਲਈ ਇੱਕ ਰਾਸ਼ਟਰੀ ਚਿੰਨ੍ਹ ਬਣ ਚੁੱਕਾ ਹੈ।' ਜੇਕਰ ਅਸੀਂ ਸ਼ਬਦਾਂ ਦੀ ਚੋਣ ਉੱਤੇ ਧਿਆਨ ਦੇਈਏ ਤਾਂ ਉਪਰੋਕਤ ਸਮਾਚਾਰ ਪੱਤਰ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ 'ਅਸ਼ੋਕ ਸਤੰਭ' ਨੂੰ ਭਾਰਤ ਦਾ 'ਰਾਸ਼ਟਰੀ ਚਿੰਨ੍ਹ' ਮੰਨਿਆ ਜਾਂਦਾ ਹੈ। ਮੰਗਲ ਸੂਤਰ ਨਾਲ ਇਸ ਦੀ ਤੁਲਨਾ ਕੀਤਾ ਜਾਣਾ ਬਿਲਕੁੱਲ ਬੇਤੁਕੀ ਗੱਲ ਹੈ। ਮੰਗਲਸੂਤਰ ਨੂੰ ਰਾਸ਼ਟਰੀ ਚਿੰਨ੍ਹ ਦੇ ਰੂਪ ਵਿੱਚ ਚਿਤਰਨ ਕਰਕੇ ਅਪ੍ਰੱਤਖ ਰੂਪ ਤੋਂ ਪਤੀਆਂ ਨੂੰ ਮਹਿਮਾਮੰਡਿਤ ਹੀ ਕੀਤਾ ਗਿਆ ਹੈ।

ਸਵਾਲ ਇਹ ਵੀ ਹੈ ਕਿ ਵਿਅਹੁਤਾ ਇਸਤਰੀਆਂ ਜਿਸ ਤਰ੍ਹਾਂ ਨਾਲ ਆਪਣੀ 'ਪਛਾਣ' ਦੇ ਤੌਰ ਉੱਤੇ ਕਥਿਤ 'ਰਾਸ਼ਟਰੀ ਚਿੰਨ੍ਹ' ਮੰਗਲਸੂਤਰ ਨੂੰ ਧਾਰਨ ਕਰਦੀਆਂ ਹਨ ਉਸੇ ਤਰ੍ਹਾਂ ਸ਼ਾਦੀਸ਼ੁਦਾ ਪੁਰਸ਼ ਆਪਣੀ 'ਪਛਾਣ' ਦੇ ਤੌਰ ਉੱਤੇ ਕਿਹੜੇ 'ਰਾਸ਼ਟਰੀ ਚਿੰਨ੍ਹ' ਨੂੰ ਧਾਰਨ ਕਰਦੇ ਹਨ? ਕਹਿਣ ਦਾ ਮਤਲਬ ਇਹ ਹੈ ਕਿ ਇਹ ਕਥਿਤ 'ਰਾਸ਼ਟਰੀ ਚਿੰਨ੍ਹ' ਇਸਤਰੀਆਂ ਦੇ ਲਈ ਹੀ ਜ਼ਰੂਰੀ ਕਿਉਂ? ਸ਼ਾਇਦ ਆਦਮੀ ਰਾਸ਼ਟਰਵਿਰੋਧੀ ਹੁੰਦੇ ਹਨ, ਤਦੇ ਤਾਂ ਉਹ 'ਰਾਸ਼ਟਰੀ ਚਿੰਨ੍ਹ' ਧਾਰਨ ਨਹੀਂ ਕਰਦੇ, ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਅਜਿਹੇ ਅਖ਼ਬਾਰ ਅੰਧਵਿਸ਼ਵਾਸ ਦੂਰ ਕਰਨ ਦੀ ਬਜਾਏ ਉਹਨਾਂ ਨੂੰ ਵਧਾਉਣ ਲਈ ਹੱਲਾਸ਼ੇਰੀ ਦੇ ਰਹੇ ਹਨ।

ਇਹ ਅਫ਼ਸੋਸ ਦੀ ਗੱਲ ਹੈ ਕਿ ਅੱਜ ਮੀਡੀਆ ਨੇ 'ਪ੍ਰੋਹਿਤਗੀਰੀ' ਦੀ ਥਾਂ ਲੈ ਲਈ ਹੈ। ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ ਅਤੇ ਸਿਨੇਮਾ ਅਤੇ ਟੈਲੀਜਿਨ ਸਾਹਿਤ ਦੇ ਪ੍ਰਗਟਾਵੇ ਦਾ ਹੀ ਆਧੁਨਿਕਤਮ ਸਾਧਨ ਹੈ। ਇਸ ਲਈ ਸਪੱਸ਼ਟ ਹੈ ਕਿ ਨੌਜਵਾਨ ਵਰਗ (ਧਾਰਮਿਕ ਮਾਮਲਿਆਂ ਵਿੱਚ ਇਸਤਰੀ ਵਰਗ) ਫ਼ਿਲਮਾਂ ਅਤੇ ਟੈਲੀਵਿਜਨ ਧਾਰਾਵਾਹਿਕਾਂ ਵਿੱਚ ਜੋ ਦੇਖਣਗੇ ਉਸੇ ਦੀ ਰੀਸ ਕਰਨਗੇ, ਫੇਰ ਭਾਵੇਂ ਉਹ ਸਿਗਰਟ ਪੀਣਾ ਹੋਵੇ, ਪੂਜਾਪਾਠ ਹੋਵੇ ਜਾਂ ਵਰਤ ਉਪਵਾਸ। ਇਹ ਦੁੱਖ ਹੈ ਕਿ ਸਿਨੇਮਾ ਅਤੇ ਟੈਲੀਵਿਜਨ ਨੂੰ ਜਿੱਥੇ ਸਮਾਜਿਕ ਤਬਦੀਲੀ ਦਾ ਜ਼ਰੀਆ ਬਣਾਇਆ ਜਾਣਾ ਚਾਹੀਦਾ ਸੀ ਉਥੇ ਇਹਨਾਂ ਨੂੰ ਸਮਾਜਿਕ ਬੁਰਾਈਆਂ ਨੂੰ ਸ਼ਹਿ ਦੇਣ ਦਾ ਅਖਾੜਾ ਬਣਾ ਦਿੱਤਾ ਗਿਆ ਹੈ।

ਅਜਿਹਾ ਵੀ ਨਹੀਂ ਹੈ ਕਿ ਸਾਰੀਆਂ ਫਿਲਮੀ ਹੀਰੋਇਨਾਂ ਅੰਧਵਿਸ਼ਵਾਸ ਨੂੰ ਉਤਸਾਹ ਹੀ ਦੇਂਦੀਆਂ ਹਨ। ਅਪਵਾਦ ਸਵਰੂਪ ਹੀ ਸਹੀ, ਕੁੱਝ ਅਜਿਹੀਆਂ ਵੀ ਹੀਰੋਇਨਾਂ ਹਨ ਜੋ ਵਿਅਕਤੀਗਤ ਪੱਧਰ ਉੱਤੇ ਹੀ ਸਹੀ, ਬੜੀ ਨਿਡਰਤਾ ਨਾਲ ਅੰਧਵਿਸ਼ਵਾਸਾਂ ਦੇ ਖਿਲਾਫ਼ ਮੁਹਿੰਮ ਚਲਾ ਰਹੀਆਂ ਹਨ। 'ਤੀਨ ਬਹੂ ਰਾਣੀਆਂ' ਵਿੱਚ ਪਾਰੰਪਰਿਕ ਬਹੂ ਜਾਨਕੀ ਦੀ ਭੂਮਿਕਾ ਨਾਲ ਹਰਮਨ ਪਿਆਰੀ ਹੋਈ ਅਦਾਕਾਰਾ ਕਾਦੰਬਰੀ ਕਦਮ ਦੇ ਸ਼ਬਦਾਂ ਵਿੱਚ, "ਕਿਸੇ ਵੀ ਤਿਉਹਾਰ ਵਿੱਚ ਵਰਤ ਰੱਖਣਾ ਮੈਨੂੰ ਚੰਗਾ ਨਹੀਂ ਲੱਗਦਾ ਹੈ। ਮੈਂ ਉਪਵਾਸ ਰੱਖਣ ਵਿੱਚ ਵਿਸ਼ਵਾਸ ਵੀ ਨਹੀਂ ਕਰਦੀ ਹਾਂ। ਪਤੀ ਦੇ ਨਾਲ ਸੱਤ ਜਨਮਾਂ ਦੇ ਨਾਲ ਦੀ ਜੋ ਗੱਲ ਲੋਕ ਕਰਦੇ ਹਨ, ਉਸ ਵਿੱਚ ਵੀ ਮੇਰਾ ਵਿਸ਼ਵਾਸ ਨਹੀਂ ਹੈ। ਮੇਰੇ ਖਿਆਲ ਨਾਲ ਸਾਨੂੰ ਇੱਕ ਹੀ ਜਨਮ ਮਿਲਦਾ ਹੈ, ਜਿਸ ਵਿੱਚ ਇੱਕ ਦੂਜੇ ਦਾ ਸਾਥ ਨਿਭਾਉਣਾ ਚਾਹੀਦਾ ਹੈ। ਜੇਕਰ ਤੁਹਾਡੇ ਰਿਸ਼ਤੇ ਵਿੱਚ ਗੂੜ੍ਹਾਪਣ ਅਤੇ ਪਿਆਰ ਹੈ ਤਾਂ ਸਾਰੀਆਂ ਖ਼ੁਸ਼ੀਆਂ ਆਪ ਤੁਹਾਡੇ ਕਦਮਾਂ ਵਿੱਚ ਆ ਜਾਣਗੀਆਂ।

ਮੈਂ ਕਰਵਾ ਚੌਥ ਦਾ ਉਪਵਾਸ ਨਹੀਂ ਰੱਖਦੀ ਹਾਂ, ਪਰ ਜਿਹੜੀਆਂ ਇਸਤਰੀਆਂ ਕਰਵਾ ਚੌਥ ਮਨਾਉਂਦੀਆਂ ਹਨ ਉਹਨਾਂ ਨੂੰ ਇਹੀ ਕਹਿਣਾ ਚਾਹਾਂਗੀ ਕਿ ਪਰੰਪਰਾਵਾਂ ਉੱਤੇ ਅੱਖਾਂ ਬੰਦ ਕਰਕੇ ਵਿਸ਼ਵਾਸ ਨਹੀਂ ਕਰਨਾ ਚਾਹੀਦਾ। ਤੁਸੀਂ ਸਿਰਫ਼ ਇਸ ਲਈ ਕਰਵਾ ਚੌਥ ਨਾ ਮਨਾਓ, ਕਿਉਂਕਿ ਤੁਹਾਡੀ ਮਾਂ ਨੇ ਮਨਾਇਆ ਸੀ ਜਾਂ ਤੁਹਾਡੀ ਸੱਸ ਮਨਾਉਂਦੀ ਹੈ। ਆਪਣੇ ਪਤੀ ਦੇ ਮਨ ਵਿੱਚ ਝਾਂਕਣਾ ਸਿੱਖੋ, ਉਹਨਾ ਨੂੰ ਪਿਆਰ ਕਰੋ। ਇਹੀ ਸਭ ਤੋਂ ਵੱਡੀ ਗੱਲ ਹੈ।"

ਅਸਲ ਵਿੱਚ ਕਿਸੇ ਵੀ ਤਿਉਹਾਰ ਨੂੰ ਮਨਾਉਣ ਤੋਂ ਪਹਿਲਾਂ ਭੀੜ ਰੂਪੀ ਸਮਾਜ ਦੀ ਰੀਸ ਨਾ ਕਰਕੇ ਆਪਣੇ ਬੁੱਧੀਵਿਵੇਕ ਤੋਂ ਫ਼ੈਸਲਾ ਲੈਣਾ ਚਾਹੀਦਾ ਹੈ ਕਿ ਜੱਜ ਦੇ ਘੇਰੇ ਵਿੱਚ, ਜਿੱਥੇ ਅਸੀਂ ਮੋਬਾਇਲ ਨਾਲ ਗੱਲਾਂ ਕਰਦੇ ਹਾਂ ਅਤੇ 'ਮਿਸ਼ਨ ਚੰਦਰਯਾਨ' ਦੀ ਤਿਆਰੀ ਵਿੱਚ ਹਾਂ, ਅਜਿਹੇ ਸਮੇਂ ਵਿੱਚ ਸਿਰਫ਼ ਉਹਨਾਂ ਤਿਉਹਾਰਾਂ ਨੂੰ ਮਨਾਉ ਅਤੇ ਤਰਜੀਹ ਦਿਓ ਜੋ ਅਸਲ ਵਿੱਚ ਤਰਕਸੰਗਤ ਹੋਣ ਅਤੇ ਲਿੰਗਕ ਭੇਦਭਾਵ ਉੱਤੇ ਆਧਾਰਿਤ ਨਾ ਹੋਣ। ਉਂਜ ਇਹ ਵੀ ਇੱਕ ਕੌੜਾ ਸੱਚ ਹੈ ਕਿ ਸਾਡੇ ਜ਼ਿਆਦਾਤਰ ਪਰਵਤਿਉਹਾਰ (ਹੋਲੀ, ਦੀਵਾਲੀ) ਲਿੰਗਕ ਭੇਦਭਾਵ ਨੂੰ ਹੱਲਾਸ਼ੇਰੀ ਹੀ ਦੇਂਦੇ ਹਨ ਜਿਵੇਂ ਕੁੱਝ ਅਪਵਾਦਾਂ ਨੂੰ ਛੱਡ ਕੇ। ਇਸ ਲਈ ਪੁਰਸ਼ ਵਰਗ ਨੂੰ ਦੀ ਮਹਿਮਾਮੰਡਿਤ ਕਰਨ ਵਾਲੇ 'ਕਰਵਾ ਚੌਥ' ਨੂੰ ਸਿਰੇ ਤੋਂ ਤਿਲਾਂਜਲੀ ਦੇ ਦੇਣਾ ਹੀ ਇਸਤਰੀਆਂ ਦੇ ਹਿੱਤ ਵਿੱਚ ਹੋਵੇਗਾ।

ਮੀਡੀਆ ਨੂੰ ਵੀ ਚਾਹੀਦਾ ਹੈ ਕਿ ਉਹ 'ਲਿੰਗਕ ਭੇਦਭਾਵ' ਨੂੰ ਉਤਸ਼ਾਹ ਦੇਣ ਵਾਲੇ ਕਿਸੇ ਪਰਵ ਨੂੰ 'ਰਾਸ਼ਟਰੀ ਪਰਵ' ਐਲਾਨ ਨਾ ਕਰੇ। ਹਕੀਕਤ ਵਿੱਚ ਐਸਾ ਕਰਨਾ 'ਰਾਸ਼ਟਰੀ ਅੰਧਵਿਸ਼ਵਾਸ' ਹੀ ਅਖਵਾਏਗਾ ਅਤੇ ਇਸ ਨਾਲ ਰਾਸ਼ਟਰ ਦੀ ਬੇਇੱਜ਼ਤੀ ਹੋਵੇਗੀ।



# ਸਮਾਧੀਆਂ ਦੀ ਅਨੋਖੀ ਘਟਨਾ

**ਰਾਕੇਸ਼ ਨਾਥ**

ਅਧਿਆਤਮਕ ਸ਼ਕਤੀ ਦੇ ਨਾਂ ਉੱਤੇ ਪਾਇਲਟ ਬਾਬੇ ਦਾ ਜ਼ਬਰਦਸਤ ਫਰੇਬ ਜਦ ਲੋਕਾਂ ਦੇ ਸਾਹਮਣੇ ਆਇਆ ਬਾਬੇ ਨੇ ਕਿਸੇ ਵੀ ਸਵਾਲ ਦੇ ਜਵਾਬ ਤੋਂ ਨਾਂਹ ਕਰ ਦਿੱਤੀ।

ਸਮਾਧੀਆਂ ਵਾਕਈ ਲੋਕਾਂ ਨੂੰ ਮੂਰਖ ਬਣਾਉਣ ਦੀ ਸ਼ਕਤੀ ਪ੍ਰਦਰਸ਼ਿਤ ਕਰਨ ਦਾ ਇੱਕ ਵਧੀਆ ਜ਼ਰੀਆ ਹੁੰਦੀਆਂ ਹਨ, ਕਥਿਤ ਰੂਪ ਤੋਂ 63 ਵਾਰ ਸਮਾਧੀ ਲਗਾਉਣ ਵਾਲਾ ਮਹਾਂਰਿਸ਼ੀ ਕਪਿਲ ਅਦਵੈਤ ਉਰਫ਼ ਪਾਇਲਟ ਬਾਬਾ ਇਕ ਵਾਰ ਫੇਰ ਇਕ ਸਮਾਧੀ ਨਾਲ ਭਗਤਾਂ ਨੂੰ ਮੂਰਖ ਬਣਾਉਣ ਵਿੱਚ ਸਫਲ ਹੋ ਗਿਆ ਹੈ। ਉਸ ਨੇ 4 ਨਵੰਬਰ ਨੂੰ ਦਿੱਲੀ ਦੇ ਵਿਕਾਸਪੁਰੀ ਇਲਾਕੇ ਵਿੱਚ ਨਗਰ ਪਾਲਿਕਾ ਦੇ ਪਾਰਕ ਵਿੱਚ ਦੁਪਹਿਰ 1 ਵਜੇ ਤੋਂ 72 ਘੰਟੇ ਦੀ ਜਲ ਸਮਾਧੀ ਲਗਾਈ ਸੀ। ਨਗਰ ਨਿਗਮ ਅਤੇ ਉਸ ਦੇ ਕੁੱਝ ਆਹਲਾ ਅਫ਼ਸਰਾਂ ਨੇ ਸਾਰੀਆਂ ਸਹੂਲਤਾਂ ਦੇ ਕੇ ਪਾਇਲਟ ਬਾਬੇ ਦੀ ਉਸ ਸਮਾਧੀ ਨੂੰ ਇਕ ਤਰ੍ਹਾਂ ਤੋਂ ਨਗਰ ਨਿਗਮ ਦੁਆਰਾ ਆਯੋਜਿਤ ਇੱਕ ਪ੍ਰੋਗਰਾਮ ਬਣਾ ਦਿੱਤਾ ਸੀ।

ਪਾਖੰਡੀਆਂ ਦੀ ਪੋਲ ਖੋਲਣ ਵਾਲੀ ਸੰਸਥਾ ' ਇੰਡੀਅਨ ਰੈਸ਼ਨਲਿਸਟ-ਐਸੋਸੀਏਸ਼ਨ' ਨੇ ਉਸ ਸਮਾਧੀ ਨੂੰ ਲਗਾਉਣ ਵਾਲੇ ਪਾਇਲਟ ਬਾਬੇ ਨੂੰ ਤਕੜੀ ਚੁਣੌਤੀ ਦੇ ਦਿੱਤੀ। ਚੁਣੌਤੀ ਵਿੱਚ ਕਿਹਾ ਗਿਆ ਕਿ ਉਹ ਪਾਣੀ ਦੇ ਭਰੇ ਹੋਏ ਕਮਰੇ ਵਿੱਚ ਸਿਰਫ਼ 2 ਘੰਟੇ ਦੀ ਸਮਾਧੀ ਲਗਾ ਕੇ ਵਿਖਾ ਦੇਵੇ, ਤਾਂ ਸਮਝਿਆ ਜਾਵੇਗਾ ਕਿ ਉਸ ਵਿੱਚ ਕੋਈ ਆਧਿਆਤਮਕ ਸ਼ਕਤੀ ਹੈ। ਐਸੋਸੀਏਸ਼ਨ ਦੇ ਉੱਚ ਪ੍ਰਧਾਨ ਦੇ ਅਨੁਸਾਰ, 'ਪਾਇਲਟ ਬਾਬਾ ਤਾਂ ਕੀ ਕੋਈ ਵੀ ਬੰਦਾ ਬਗੈਰ ਸਾਹ ਲਏ ਜ਼ਿੰਦਾ ਨਹੀਂ ਰਹਿ ਸਕਦਾ। ਜੇਕਰ ਇਸਦੇ ਬਾਵਜੂਦ ਪਾਇਲਟ ਬਾਬਾ 72 ਘੰਟੇ ਦੀ ਜਲ ਸਮਾਧੀ ਲੈਣ ਦਾ ਦਾਅਵਾ ਕਰਦਾ ਹੈ ਤਾਂ ਉਹ ਸਰਾਸਰ ਝੂਠ ਬੋਲਦਾ ਹੈ, ਉਸ ਦੀ ਜਲ ਸਮਾਧੀ ਵੀ ਨਿਰੀ ਧੋਖਾਧੜੀ ਅਤੇ ਜਾਲਸਾਜੀ ਹੈ।' ਐਸੋਸੀਏਸ਼ਨ ਨੇ ਤਾਂ ਇਹ ਵੀ ਮੰਗ ਕੀਤੀ ਕਿ ਜੇਕਰ ਉਹ ਸ਼ੀਸ਼ੇ ਦੇ ਕਮਰੇ ਵਿੱਚ ਜਲ ਸਮਾਧੀ ਲਗਾ ਕੇ ਆਪਣੇ ਦਾਅਵੇ ਨੂੰ ਸਿੱਧ ਨਹੀਂ ਕਰ ਪਾਂਦਾ ਤਾਂ ਉਸਨੂੰ ਗ੍ਰਿਫ਼ਤਾਰ ਕਰ ਲਿਆ ਜਾਣਾ ਚਾਹੀਦਾ ਹੈ। ਪਾਇਲਟ ਬਾਬੇ ਨੇ ਸੰਸਥਾ ਦੀ ਚੁਣੌਤੀ ਦਾ ਜਵਾਬ ਗਾਲੀ ਗਲੋਚ ਨਾਲ ਹੀ ਦਿੱਤਾ।

**ਸਮਾਧੀ ਇੱਕ ਵੱਡਾ ਧੋਖਾ :** 5 ਨਵੰਬਰ ਨੂੰ ਦੁਪਹਿਰ 1 ਵਜੇ ਜਿਸ ਟੋਏ ਭਾਵ ਖੱਡੇ ਵਿੱਚ 72 ਘੰਟਿਆਂ ਦੀ ਜਲ ਸਮਾਧੀ ਲਗਾਉਣ ਦੇ ਲਈ ਪਾਇਲਟ ਬਾਬਾ ਉਤਰਿਆ ਸੀ, ਉਸਦੀ ਕੁੱਲ ਡੂੰਘਾਈ 2-3 ਮੀਟਰ ਸੀ। ਉਸ ਦੇ ਸਮਾਧੀ ਵਿੱਚ ਉਤਰਨ ਦੇ ਬਾਦ ਉਸ ਟੋਏ ਨੂੰ ਇਕਦਮ ਤਿਰਪਾਲ ਨਾਲ ਢੱਕ ਦਿੱਤਾ ਗਿਆ ਸੀ। ਇਸ ਹਾਲਤ ਵਿੱਚ ਜਦ ਖੱਡੇ ਦਾ ਸਾਰਾ ਦ੍ਰਿਸ਼ ਅਦ੍ਰਿਸ਼ ਹੋ ਗਿਆ ਤਾਂ ਉਸ ਵਿੱਚ ਪਾਣੀ ਪਾਇਆ ਗਿਆ। ਪਾਣੀ ਪਾਉਣ ਦੇ ਲਈ ਨਾਲੀਆਂ ਦੀ ਵਰਤੋਂ ਕੀਤੀ ਗਈ ਸੀ। ਖੱਡੇ ਦੇ ਅੰਦਰ ਬਾਬੇ ਨੂੰ ਬੈਠਣ ਦੇ ਲਈ ਨਾਇਲੋਨ ਦੀਆਂ ਰੱਸੀਆਂ ਨਾਲ ਲਿਪਟਿਆ ਹੋਇਆ ਲੱਕੜੀ ਦਾ ਇਕ ਆਸਨ ਅਤੇ ਲਗਭਗ 3 ਮੀਟਰ ਦੀ ਦੂਰੀ ਉੱਤੇ ਹੀ ਸਮਾਧੀ ਦੇਖਣ ਵਾਲਿਆਂ ਨੂੰ ਰੋਕ ਦਿੱਤਾ ਜਾਂਦਾ ਸੀ। ਪਾਇਲਟ ਬਾਬਾ ਜੀ ਸਮਾਧੀ ਵਿੱਚ ਹੀ ਹਨ, ਇਸ ਦਾ ਪਤਾ ਸਿਰਫ਼ ਇਸ ਗੱਲ ਤੋਂ ਚੱਲਦਾ ਸੀ ਕਿ ਉਥੇ ਉਸ ਦੀਆਂ ਮਾਲਾਵਾਂ ਨਾਲ ਲਿਪਟੀ ਹੋਈ ਇਕ ਫੋਟੋ ਰੱਖੀ ਹੋਈ ਸੀ, ਸਭ ਕੁੱਝ ਸ਼ੱਕਾਂ ਦੇ ਕੋਹਰੇ ਨਾਲ ਢਕਿਆ ਹੋਇਆ ਸੀ।

**ਸਮਾਧੀ ਨੂੰ ਢਕਣਾ ਇਕ ਝੂਠ ਦਾ ਕਦਮ ਹੈ :** ਸਮਾਧੀ ਦੇ ਸੰਦਰਭ ਵਿੱਚ ਸ਼ੱਕ ਦਾ ਪਹਿਲਾ ਸਵਾਲ ਇਹ ਉੱਠਿਆ ਕਿ ਟੋਏ ਨੂੰ ਤਿਰਪਾਲ ਨਾਲ ਕਿਉਂ ਢਕਿਆ ਗਿਆ? ਜੇਕਰ ਬਾਬਾ ਸੱਚਮੁੱਚ ਵਿੱਚ ਜਲ ਸਮਾਧੀ ਲਗਾ ਰਿਹਾ ਸੀ ਤਾਂ ਉਹ ਆਪਣੀ ਆਧਿਆਤਮਕ ਜਾਂ ਯੌਗਿਕ ਸ਼ਕਤੀ ਦੇ ਸਹਾਰੇ ਬਗੈਰ ਤਿਰਪਾਲ ਨਾਲ ਢਕੇ ਖੱਡੇ ਵਿੱਚ ਵੀ ਬੈਠ ਕੇ ਦਿਖਾ ਸਕਦਾ ਸੀ। ਘੱਟੋ ਘੱਟ ਜਗਿਆਸੂ ਸਮਾਧੀ ਵਿੱਚ ਉਸਨੂੰ ਅਤੇ ਉਸ ਦੇ ਕਰਤਬ ਨੂੰ ਆਪਣੀਆਂ ਖੁੱਲ੍ਹੀਆਂ ਅੱਖਾਂ ਨਾਲ ਤਾਂ ਦੇਖ ਸਕਦੇ ਸੀ। ਇਹ ਵੀ ਤਾਂ ਹੋ ਸਕਦਾ ਹੈ ਕਿ ਪ੍ਰਬੰਧਕਾਂ ਅਤੇ ਚੇਲਿਆਂ ਦੁਆਰਾ ਖੱਡੇ ਨੂੰ ਤਿਰਪਾਲ ਨਾਲ ਢੱਕਣ ਦੇ ਨਾਟਕ ਦੇ ਦੌਰਾਨ ਪਾਇਲਟ ਬਾਬਾ ਟੋਏ ਵਿੱਚੋਂ ਨਿਕਲ ਕੇ ਕਿਸੇ ਹੋਰ ਸੁਰੱਖਿਅਤ ਥਾਂ ਉੱਤੇ ਚਲਾ ਗਿਆ ਹੋਵੇ। ਹਾਲ ਦੀ ਘੜੀ ਟੋਏ ਵਿੱਚ ਬਾਬੇ ਦੀ ਸਥਿਤੀ ਕੀ ਸੀ, ਪ੍ਰਬੰਧਕਾਂ ਜਾਂ ਖ਼ੁਦ ਉਸ ਦੇ ਸਿਵਾਏ ਕਿਸੇ ਨੂੰ ਨਹੀਂ ਪਤਾ ਸੀ।

ਇਸੇ ਸੰਦਰਭ ਵਿੱਚ ਕੀਤੇ ਜਾਣ ਵਾਲੇ ਇਕ ਦੂਜੇ ਸ਼ੱਕ ਦਾ ਵੀ ਖਾਸ ਮਤਲਬ ਹੈ। ਸਮਾਧੀ ਵਿੱਚ ਜਲ ਭਰਨ ਦੇ ਲਈ ਨਾਲੀਆਂ ਤਾਂ ਜ਼ਰੂਰ ਸਨ, ਪਰ ਉਹਨਾਂ ਦੇ ਨਾਲ ਦੋਹਰੀਆਂ ਨਾਲੀਆਂ ਹੋਣ ਦੇ ਕਾਰਨ ਪਾਣੀ ਦੀ ਸਮੁੱਚੀ ਨਿਕਾਸੀ ਦਾ ਪ੍ਰਬੰਧ ਵੀ ਮਹਿਸੂਸ ਹੁੰਦਾ ਸੀ। ਇਸੇ ਪ੍ਰਕਾਰ ਜਦ ਪਾਇਲਟ ਬਾਬਾ ਸਮਾਧੀ ਲਗਾਉਣ ਦੇ ਲਈ ਖੱਡੇ ਵਿੱਚ ਉੱਤਰਿਆ ਤਾਂ ਤਿਰਪਾਲ ਨਾਲ ਢਕਣ ਦੇ ਬਾਦ ਕੋਈ ਇਹ ਨਹੀਂ ਦੇਖ ਸਕਦਾ ਸੀ ਕਿ ਟੋਏ ਵਿੱਚ ਪਾਣੀ ਭਰਿਆ ਗਿਆ ਜਾਂ ਨਹੀਂ ਅਤੇ ਭਰਿਆ ਗਿਆ ਤਾਂ ਕਿੰਨਾ ਭਰਿਆ ਗਿਆ। ਇਹ ਸੰਭਵ ਸੀ ਕਿ ਪਾਣੀ ਭਰਨ ਦੇ ਦੌਰਾਨ ਹੀ ਬਾਬਾ ਪੌੜੀ ਦੇ ਉੱਪਰਲੇ ਪਾਇਦਾਨ ਉੱਤੇ ਆ ਬੈਠਿਆ ਹੋਵੇ ਜਾਂ ਰੱਸੀਆਂ ਦੇ ਦੁਆਰਾ ਉਸ ਦਾ ਆਸਨ ਹੀ ਉੱਪਰ ਖਿਚ ਲਿਆ ਹੋਵੇ।

ਸ਼ੱਕ ਦਾ ਰੰਗ ਉਸ ਸਮੇਂ ਹੋਰ ਗੂੜਾ ਹੋ ਗਿਆ, ਜਦ ਜਾਗਰੂਕ ਕਿਸਮ ਦੇ ਲੋਕਾਂ ਦੁਆਰਾ ਸਮਾਧੀ ਨੇੜੇ ਤੋਂ ਦੇਖਣ ਦੀ ਇੱਛਾ ਜ਼ਾਹਿਰ ਕਰਨ ਦੇ ਬਾਵਜੂਦ ਉਨ੍ਹਾਂ ਨੂੰ ਸਮਾਧੀ ਦੇ ਪਾਸ ਤੱਕ ਫਟਕਣ ਨਹੀਂ ਦਿੱਤਾ ਗਿਆ ਅਤੇ ਚੇਲਿਆਂ ਨੂੰ ਸਖਤ ਰੁਕਾਵਟ ਤੋਂ ਲੰਘਣਾ ਪਿਆ। ਇੱਧਰ 72 ਘੰਟੇ ਬਾਦ ਯਾਨੀ 8 ਨਵੰਬਰ ਨੂੰ ਦੁਪਹਿਰ ਇੱਕ ਵਜੇ ਜਦ ਬਾਬਾ ਸਮਾਧੀ ਤੋਂ ਬਾਹਰ ਆਇਆ ਤਾਂ ਆਉਂਦੇ ਸਾਰ ਬਰਸ ਪਿਆ। ਉਸਨੇ ਆਲੋਚਨਾ ਕਰਨ ਵਾਲਿਆਂ ਨੂੰ ਸ਼ਰੇਆਮ ਗਾਲ੍ਹਾਂ ਬਕਦੇ ਹੋਏ ਸਾਹਮਣੇ ਆ ਕੇ ਬੋਲਣ ਦੀ ਚੁਣੌਤੀ ਦੇ ਦਿੱਤੀ, ਉਸ ਦਾ ਕਹਿਣਾ ਸੀ ਮਾਂ ਜਦ ਗਰਭ ਧਾਰਨ ਕਰਦੀ ਹੈ, ਤਾਂ ਕੀ ਉਹ ਕਿਸੇ ਦੇ ਚੁਣੌਤੀ ਦੇਣ ਉੱਤੇ ਗਰਭ ਖੋਲ੍ਹ ਕੇ ਦਿਖਾ ਲੈਂਦੀ ਹੈ?

**ਡਾਕਟਰੀ ਚੈੱਕਅਪ ਉੱਤੇ ਬੌਖਲਾਏ ਕਿਉਂ? :** ਪਾਇਲਟ ਬਾਬੇ ਦਾ ਸਮਾਧੀ ਵਿੱਚ ਜਾਣ ਦਾ ਤੌਰ ਤਰੀਕਾ ਜਿੰਨਾ ਸ਼ੱਕੀ ਸੀ, ਉਸ ਤੋਂ ਵੀ ਕਿਤੇ ਜ਼ਿਆਦਾ ਸ਼ੱਕ ਸਮਾਧੀ ਤੋਂ ਨਿਕਲਣ ਦੇ ਦੌਰਾਨ ਉਸ ਦੀਆਂ ਗਤੀਵਿਧੀਆਂ ਨੂੰ ਲੈ ਕੇ ਪੈਦਾ ਹੋਇਆ। ਨਿਸ਼ਚਿਤ ਸਮੇਂ 8 ਨਵੰਬਰ ਦੀ ਦੁਪਹਿਰ 1 ਵਜੇ ਜਦ ਬਾਬਾ ਬਾਲਕਨਾਥ ਸੁਸਾਇਟੀ ਦੇ ਹਰੀਸ਼ਚੰਦਰ ਜੋਸ਼ੀ ਨੇ ਇਸ਼ਾਰਾ ਕੀਤਾ, ਤਦ ਸਮਾਧੀ ਦੇ ਉੱਪਰ ਰੱਖਿਆ ਗਿਆ ਤਿਰਪਾਲ ਹਟਾ ਲਿਆ ਗਿਆ। ਤਿਰਪਾਲ ਹਟਦੇ ਸਾਰ ਸਮਾਧੀ ਦੀ ਅੰਦਰੂਨੀ ਝਲਕ ਮਿਲੀ

ਅਤੇ ਪਤਾ ਚੱਲਿਆ ਕਿ ਉਸ 3-4 ਮੀਟਰ ਡੂੰਘੇ ਖੱਡੇ ਵਿੱਚ 2 ਮੀਟਰ ਤੋਂ ਵੀ ਘੱਟ ਪਾਣੀ ਸੀ। 3 ਮੀਟਰ ਲੰਬੀ ਪੌੜੀ ਪਾਣੀ ਦੀ ਸਤਹ ਤੋਂ ਉੱਚੀ ਉੱਚੀ ਸਾਫ਼ ਦਿਖਾਈ ਪੈ ਰਹੀ ਸੀ।

ਤਿਰਪਾਲ ਹਟਦੇ ਸਾਰ ਪਾਣੀ ਵਿੱਚ ਇਕ ਹਲਚਲ ਜਿਹੀ ਹੋਈ ਅਤੇ ਕਿਸੇ ਮਾਹਰ ਗੋਤਾਖੋਰ ਵਾਂਗ ਪਾਇਲਟ ਬਾਬਾ ਪਾਣੀ ਦੀ ਸਤਹ ਤਲ ਦੇ ਉੱਪਰ ਉੱਠ ਆਇਆ। ਸਮਾਧੀ ਲਗਾਉਣ ਦੇ ਦਿਨ ਉਸ ਦੇ ਆਸਨ ਉੱਤੇ ਨਾਇਲੋਨ ਦੀਆਂ ਜਿਹੜੀਆਂ ਰੱਸੀਆਂ ਲਪੇਟੀਆਂ ਗਈਆਂ ਸਨ, ਉਹਨਾਂ ਦਾ ਕਿਤੇ ਪਤਾ ਨਹੀਂ ਸੀ। ਪਾਣੀ ਦੀ ਸਤਹ ਉੱਤੇ ਆਉਣ ਦੇ ਬਾਦ ਬਾਬੇ ਨੇ ਹੌਜ ਉੱਤੇ ਰੱਖੀ ਲੱਕੜੀ ਨੂੰ ਫੜ੍ਹਿਆ ਅਤੇ ਉਸ ਦੇ ਸਹਾਰੇ ਸਮਾਧੀ ਤੋਂ ਬਾਹਰ ਨਿਕਲ ਆਇਆ।

ਜਲ ਸਮਾਧੀ (ਇਕਾਗਰ ਬਿਰਤੀ ਵਾਲੀ ਅਵਸਥਾ) ਤੋਂ ਬਾਹਰ ਆਉਣ ਦੇ ਬਾਦ ਉਸ ਦੇ ਸਰੀਰ ਤੋਂ ਅਜਿਹਾ ਕੋਈ ਲੱਛਣ ਵੀ ਨਹੀਂ ਦਿਖਾਈ ਪਿਆ, ਜਿਸ ਤੋਂ ਇਹ ਅੰਦਾਜ਼ਾ ਲਗਾਇਆ ਜਾ ਸਕੇ ਕਿ ਉਹ 72 ਘੰਟੇ ਨਾ ਸਹੀ, 2-4 ਘੰਟੇ ਹੀ ਪਾਣੀ ਦੇ ਅੰਦਰ ਰਿਹਾ ਹੋਵੇ। ਪਾਣੀ ਤੋਂ ਬਾਹਰ ਨਿਕਲਿਆ ਤਾਂ ਉਸ ਦੇ ਹੱਥ ਅਤੇ ਪੈਰ ਦੇ ਪੰਜਿਆਂ ਦੀ ਚਮੜੀ ਸਿਰਫ ਥੋੜ੍ਹੀ ਸਫ਼ੈਦ ਸੀ। ਕਿਸੇ ਵੀ ਬੰਦੇ ਦੇ ਹੱਥ-ਪੈਰ ਥੋੜ੍ਹੇ ਸਮੇਂ ਤੱਕ ਪਾਣੀ ਵਿੱਚ ਡੁੱਬੇ ਰਹਿਣ ਤਾਂ ਉਹਨਾਂ ਦਾ ਰੰਗ ਅਜਿਹਾ ਹੀ ਹੋ ਜਾਂਦਾ ਹੈ।

72 ਘੰਟੇ ਪਾਣੀ ਵਿੱਚ ਰਹਿਣ ਦੇ ਬਾਦ ਤਾਂ ਸਰੀਰ ਦੀ ਸਾਰੀ ਚਮੜੀ ਦਾ ਰੰਗ ਤਬਦੀਲ ਹੋ ਜਾਣਾ ਚਾਹੀਦਾ ਸੀ। ਕੁੱਝ ਲੋਕਾਂ ਨੇ ਇਸ ਸੰਦਰਭ ਵਿੱਚ ਡਾਕਟਰੀ ਜਾਂਚ ਕਰਾਉਣ ਦੀ ਵੀ ਗੱਲ ਆਖੀ, ਪਰ ਬਾਬੇ ਦੇ ਚੇਲਿਆਂ ਦੇ ਗਰਮ ਤੇਵਰ ਦੇਖ ਕੇ ਉਹਨਾਂ ਨੂੰ ਚੁੱਪ ਹੋ ਜਾਣਾ ਪਿਆ। ਪਾਇਲਟ ਬਾਬੇ ਦੁਆਰਾ ਲਗਾਈਆਂ ਅਤੇ ਲਗਵਾਈਆਂ ਗਈਆਂ ਕੁੱਝ ਸਮਾਧੀਆਂ ਦਾ ਪੋਸਟਮਾਰਟਮ ਕੀਤਾ ਜਾਵੇ ਤਾਂ ਇਹੀ ਤੱਥ ਮਿਲੇਗਾ ਕਿ ਉਸ ਨੇ ਇਸ ਦੇ ਜ਼ਰੀਏ ਕਰੋੜਾਂ ਰੁਪਏ ਦੀ ਰਕਮ ਠੱਗ ਕੇ ਧਰਮਭੀਰੂ ਲੋਕਾਂ ਨੂੰ ਉੱਲੂ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡੀ ਹੈ।

1985 ਵਿੱਚ ਨਾਗਪੁਰ ਦੇ ਯਸ਼ਵੰਤ ਸਟੇਡੀਅਮ ਵਿੱਚ ਸਮਾਧੀ (ਧਿਆਨ ਵਿੱਚ ਲੀਨ ਹੋਣ ਦੀ ਅਵਸਥਾ) ਲਗਾਈ ਗਈ ਸੀ। ਉਸ ਸਮਾਧੀ ਦੇ ਦੌਰਾਨ ਉਥੋਂ ਦੀ ਇੱਕ ਸਥਾਨਕ ਰੈਸ਼ਨਲਿਸਟ ਸੰਸਥਾ 'ਅੰਧਸ਼ਰਧਾ ਨਿਰਮੂਲਨ ਸਮਿਤੀ' ਨੇ ਦਿੱਲੀ ਦੀ ਸੰਸਥਾ ਵਾਂਗ ਉਸਨੂੰ ਚੁਣੌਤੀ ਦੇਂਦੇ ਹੋਏ ਸ਼ੀਸ਼ੇ ਦੇ ਕਮਰੇ ਵਿੱਚ ਸਮਾਧੀ ਲਗਾਉਣ ਦੀ ਬੇਨਤੀ ਕੀਤੀ ਸੀ, ਜਿਸਨੂੰ ਬਾਬੇ ਨੇ ਅਸਵੀਕਾਰ ਕਰ ਦਿੱਤਾ।

**ਜਾਲ੍ਹਸਾਜ਼ੀ ਮਾਨਵਤਾ ਦੇ ਨਾਂ ਉੱਤੇ ਕਲੰਕ :** 20 ਅਕਤੂਬਰ 1980 ਦੀ ਗੋਰਖਪੁਰ ਵਿੱਚ ਲਗਾਈ ਗਈ ਸਮਾਧੀ ਨੇ ਤਾਂ ਇੱਥੋਂ ਤੱਕ ਸਿੱਧ ਕਰ ਦਿੱਤਾ ਕਿ ਪਾਇਲਟ ਬਾਬਾ ਸਿਰਫ਼ ਪਖੰਡੀ ਹੀ ਨਹੀਂ, ਜਾਲ੍ਹਸਾਜ਼ ਅਤੇ ਮਾਨਵਤਾ ਦੇ ਨਾਂ ਉੱਤੇ ਕਲੰਕ ਵੀ ਹੈ, 'ਇੰਡੀਅਨ ਕਮੇਟੀ ਫਾਰ ਦਾ ਸਾਇੰਟੀਫਿਕ ਇਨਵੇਸਟੀਗੇਸ਼ਨ ਆਫ਼ ਕਲੇਮਸ ਆਫ਼ ਦੀ ਪੈਰਾਨਾਰਮਲ ਦੇ ਸਭਾਪਤੀ ਬੀ. ਪ੍ਰੇਮਾਨੰਦ ਜੀ ਦੇ ਅਨੁਸਾਰ, "ਉਸ ਸਮਾਧੀ ਅਤੇ ਉਸ ਦੇ ਨਾਲ ਹੋਣ ਵਾਲੇ 'ਪੰਚਖੰਡੀ ਗਾਇਤਰੀ ਮਹਾਂਯੋਗ' ਦੇ ਨਾਂ ਉੱਤੇ ਲੱਖਾਂ ਰੁਪਏ ਦਾ ਚੰਦਾ ਇਕੱਠਾ ਕੀਤਾ ਗਿਆ (ਇਕ ਹੋਰ ਸੂਤਰ ਦੇ ਮੁਤਾਬਕ ਲਗਭਗ 10 ਲੱਖ ਰੁਪਏ) ਉਹ ਸਮਾਧੀ ਪਾਇਲਟ ਬਾਬੇ ਨੇ ਖੜ੍ਹੇਸ਼ਵਰੀ ਬਾਬਾ ਨਾਂ ਦੇ ਇਕ ਸਾਧੂ ਦੁਆਰਾ ਲਗਵਾਈ ਸੀ। 45 ਸਾਲਾਂ ਦਾ ਖੜ੍ਹੇਸ਼ਵਰੀ ਬਾਬਾ ਜਨਮਜਾਤ ਅੰਨ੍ਹਾ ਅਤੇ ਬਹਿਰਾ ਸੀ। ਪਾਇਲਟ ਬਾਬੇ ਦੇ ਝਾਂਸੇ ਵਿੱਚ ਆ ਕੇ ਉਸਨੇ ਸ਼ੋਹਰਤ ਪ੍ਰਾਪਤ ਕਰਨ ਦੇ ਲਾਲਚ ਵਿੱਚ ਸਮਾਧੀ ਲਗਾਉਣ ਦੀ ਗੱਲ ਮੰਨ ਲਈ ਸੀ।"

**ਬਾਬਾ ਮਰਿਆ ਦੇਖਿਆ ਗਿਆ :** ਆਮ ਤੌਰ ਉੱਤੇ ਪਾਇਲਟ ਬਾਬਾ ਆਪਣੀਆਂ ਸਮਾਧੀਆਂ ਦੇ ਲਈ 3×3×3 (27 ਘਣ ਮੀਟਰ) ਟੋਏ ਦੀ ਵਰਤੋਂ ਕਰਦਾ ਹੈ, ਪਰੰਤੂ ਉਸਨੇ ਖੜ੍ਹੇਸ਼ਵਰੀ ਨੂੰ ਸਮਾਧੀ ਲਗਾਉਣ ਹੇਤੂ ਜਿਸ ਖੱਡੇ ਵਿੱਚ ਉਤਾਰਿਆ ਸੀ ਉਸ ਦੀ ਡੂੰਘਾਈ ਅਤੇ ਚੌੜਾਈ 1 ਅਤੇ 2 ਮੀਟਰ ਸੀ, ਜੋ ਖੜ੍ਹੇਸ਼ਵਰੀ ਨੂੰ ਸਾਹ ਲੈਣ ਦੇ ਲਈ ਨਾਕਾਫ਼ੀ ਸੀ। ਇਸ ਹਾਲ ਵਿੱਚ ਜਦ ਨਿਸ਼ਚਤ ਸਮੇਂ ਤੋਂ ਪਹਿਲਾਂ ਹੀ ਸਮਾਧੀ ਨੂੰ ਖੋਲ੍ਹਿਆ ਗਿਆ ਤਾਂ ਖੜ੍ਹੇਸ਼ਵਰੀ ਬਾਬਾ ਮਰਿਆ ਹੋਇਆ ਦੇਖਿਆ ਗਿਆ।"

ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਇਹਨਾਂ ਛਲ ਕਪਟ ਪੂਰਨ ਸਮਾਧੀਆਂ ਤੋਂ ਲੱਖਾਂ ਰੁਪਏ ਇਕੱਠੇ ਕਰਨੇ, ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਅਤੇ ਅੱਜ ਵੀ ਬੇਰੋਕ ਟੋਕ ਸਮਾਧੀਆਂ ਲਗਾਉਣ ਦਾ ਕਿੱਸਾ ਰੁਕਣ ਦਾ ਨਾਂ ਨਹੀਂ ਲੈ ਰਿਹਾ ਹੈ। ਜਦ ਕਿ ਧਰਮ ਦੇ ਨਾਂ ਉੱਤੇ ਅਜਿਹਾ ਤਮਾਸ਼ਾ ਲਗਾਉਣ ਦੀ ਇਸ ਪ੍ਰਵਿੱਤੀ ਉੱਤੇ ਰੋਕ ਲੱਗਣੀ ਹੀ ਚਾਹੀਦੀ ਹੈ, ਕਿਉਂਕਿ ਇਹ ਸਮਾਧੀਆਂ ਯੋਗ ਜਾਂ ਅਧਿਆਤਮ ਦੀ ਸਮਰੱਥਾ ਦਿਖਾਉਣ ਦਾ ਜ਼ਰੀਆ ਨਹੀਂ, ਇੱਕ ਛਲਾਵੇ ਹਨ ਅਤੇ ਇਹਨਾਂ ਨਾਲ 'ਆਤਮਾ ਪਰਮਾਤਮਾ' ਨਾਂ ਦੀ ਕਿਸੇ ਚੀਜ਼ ਦਾ ਅਨੁਭਵ ਕਰਨ ਦੀ ਕੋਈ ਤੁੱਕ ਨਹੀਂ ਹੈ।

**ਪਾਇਲਟ ਬਾਬੇ ਦੇ ਖੋਖਲੇ ਦਾਅਵੇ :** ਸਮਾਧੀਆਂ ਲਗਾਉਣ ਤੋਂ ਪਹਿਲਾਂ ਜਾਂ ਬਾਦ ਵਿੱਚ ਕਪਿਲ ਅਦਵੈਤ ਉਰਫ ਪਾਇਲਟ ਬਾਬਾ ਆਪਣੀ ਅਧਿਆਤਮਕ ਸ਼ਕਤੀ ਅਤੇ ਯੋਗ ਸਾਧਨਾ ਦਾ ਕੁੱਝ ਇਸ ਤਰ੍ਹਾਂ ਨਾਲ ਵੱਧ ਚੜ੍ਹਕੇ ਪ੍ਰਚਾਰ ਕਰਦਾ ਹੈ ਜਿਵੇਂ ਉਹ ਤਥਾਕਥਿਤ ਭਗਵਾਨ ਦਾ ਕਲਜੁੱਗੀ ਅਵਤਾਰ ਹੋਵੇ ਅਤੇ ਉਸ ਕੋਲ ਮਨੁੱਖ ਦੇ ਸਾਰੇ ਦੁੱਖਾਂ ਨੂੰ ਦੂਰ ਕਰਨ ਦੀ ਅਪਾਰ ਸ਼ਕਤੀ ਹੋਵੇ। ਉਸਦੇ ਅਜਿਹੇ ਹੀ ਬਹੁਤ ਵਧਾ ਚੜ੍ਹਾਕੇ ਕਹੇ ਹੋਏ ਦਾਅਵਿਆਂ ਨੂੰ ਉਦੇਸ਼ ਬਣਾ ਕੇ ਉਸ ਤੋਂ ਲਗਾਤਾਰ ਸਪਸ਼ਟੀਕਰਨ ਮੰਗਿਆ ਜਾਂਦਾ ਹੈ। ਸਪਸ਼ਟੀਕਰਨ ਮੰਗਣ ਵਾਲਿਆਂ ਵਿੱਚ 'ਇੰਡੀਅਨ ਕਮਿਟੀ ਫਾਰ ਦੀ ਸਾਇਟਿਫਿਕ ਇੰਵੇਸ਼ਟੀਗ੍ਰੇਸਨ ਆਫ਼ ਕਲੇਮਸ ਆਫ਼ ਦੀ ਪੈਰਾਨਾਰਮਲ' ਸੰਸਥਾ ਦੇ ਮੁੱਖੀ ਬੀ. ਪ੍ਰੇਮਾਨੰਦ ਜੀ ਦਾ ਨਾਂ ਮੁੱਖ ਹੈ। ਕੌੜੀ ਸਚਾਈ ਇਹ ਹੈ ਕਿ ਵੱਡੇ ਵੱਡੇ ਦਾਅਵੇ ਕਰਨ ਵਾਲਾ ਪਾਇਲਟ ਇਹਨਾਂ ਜਲਦੇ ਸਵਾਲਾਂ ਦਾ ਅੱਜ ਤੱਕ ਕੋਈ ਜਵਾਬ ਨਹੀਂ ਦੇ ਸਕਿਆ ਹੈ। ਆਓ ਦੇਖਦੇ ਹਾਂ ਕਿ ਉਸ ਦੇ ਦਾਅਵੇ ਅਤੇ ਉਸ ਉੱਤੇ ਉੱਠਣ ਵਾਲੇ ਸਵਾਲ ਕਿਹੜੇ ਅਤੇ ਕਿਵੇਂ ਦੇ ਹਨ :

ਦਾਅਵਾ : ਮਾਨਵ ਜਾਤੀ ਦੇ ਸਾਹਮਣੇ ਜੋ ਅਸੰਖਿਆ ਸਮੱਸਿਆਵਾਂ ਹਨ, ਉਹਨਾਂ ਨੂੰ ਆਧਿਆਤਮਕ ਸ਼ਕਤੀ ਦੇ ਜ਼ਰੀਏ ਖਤਮ ਕੀਤਾ ਜਾ ਸਕਦਾ ਹੈ।

ਪ੍ਰਸ਼ਨ : ਕੀ ਤੁਸੀਂ ਆਪਣੇ ਇਸ ਵਾਕ ਦੀ ਵਿਆਖਿਆ ਕਰਕੇ ਇਸ ਨੂੰ ਸਿੱਧ ਕਰ ਸਕਦੇ ਹੋ?

ਦਾਅਵਾ : ਮੈਂ ਸਾਧਨਾ ਅਰਚਨਾ ਦੇ ਜ਼ਰੀਏ ਇਹ ਆਧਿਆਤਮਕ ਸ਼ਕਤੀ ਪ੍ਰਾਪਤ ਕੀਤੀ ਹੈ।

ਪ੍ਰਸ਼ਨ : ਕੀ ਤੁਸੀਂ ਦੱਸੋਗੇ ਕਿ ਉਹ ਸਾਧਨਾਂ ਕਿਹੜੀ ਹੈ, ਜਿਸ ਦੇ ਦੁਆਰਾ ਇਹ ਸ਼ਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ?

ਦਾਅਵਾ : ਮੇਰਾ ਕਹਿਣਾ ਹੈ ਕਿ ਮੈਂ ਆਪਣੀ ਸਮਾਧੀ ਦੇ ਦੌਰਾਨ ਆਪਣੀ ਸੰਚੇਤਨਾ ਨੂੰ ਸਰੀਰ ਜਾਂ ਬਗੈਰ ਸਰੀਰ ਦੇ ਸੁਰੱਖਿਅਤ ਰੱਖ ਲੈਂਦਾ ਹਾਂ, ਪਾਣੀ ਉੱਤੇ ਟਹਿਲਦੇ ਹੋਏ ਜਾਂ ਬਲਦੀ ਹੋਈ ਅੱਗ ਜਾਂ ਜਲ ਸਮਾਧੀ ਦੇ ਦੌਰਾਨ ਦਿਲ ਦੀਆਂ ਧੜਕਣਾਂ, ਨਾੜੀਆਂ ਅਤੇ ਸਰੀਰ ਦੀਆਂ ਸਾਰੀਆਂ ਕਿਰਿਆਵਾਂ ਨੂੰ ਕੰਟਰੋਲ ਕਰ ਲੈਂਦਾ ਹਾਂ।

ਪ੍ਰਸ਼ਨ : ਤੁਹਾਡੇ ਦਾਅਵੇ ਦੇ ਅਨੁਸਾਰ, ਜਦ ਦਿਲ ਕੰਮ ਕਰਨਾ ਬੰਦ ਕਰ ਦੇਂਦਾ ਹੈ, ਖ਼ੂਨ ਚੱਲਣਾ ਰੁੱਕ ਜਾਂਦਾ ਹੈ ਅਤੇ ਚਿਕਿਤਸਾ ਵਿਗਿਆਨ ਦੇ ਸਿਧਾਂਤ ਦੇ ਅਨੁਸਾਰ ਤੁਸੀਂ ਪੂਰਨ ਤੌਰ ਤੇ ਮ੍ਰਿਤਕ ਬਣ ਜਾਂਦੇ ਹੋ। ਇਸ ਦੇ ਬਾਵਜੂਦ ਤੁਹਾਡਾ ਕਹਿਣਾ ਹੈ ਕਿ ਤੁਸੀਂ ਆਪਣੀ ਸੰਚੇਤਨਾ ਨੂੰ ਬਗੈਰ ਸਰੀਰ ਜਾਂ ਸਰੀਰ ਕਿਰਿਆਸ਼ੀਲ ਰੱਖ ਲੈਂਦੇ ਹੋ ਜੇ ਅਸਲੀ ਤੌਰ ਤੇ ਇਹ ਸਹੀ ਹੈ ਤਾਂ ਤੁਸੀਂ ਆਪਣੀ ਸਮਾਧੀ 3×3×3 ਮੀਟਰ ਦੇ ਖੱਡੇ ਵਿੱਚ ਹੀ ਕਿਉਂ ਲਗਾਉਂਦੇ ਹੋ? ਅਜਿਹਾ ਇਸ ਲਈ ਕਿ ਉਸ

ਨਾਲ ਸਾਹ ਦੇ ਲਈ ਹਵਾ ਦੀ ਸਮੱਸਿਆ ਨਹੀਂ ਰਹਿੰਦੀ। ਜੇਕਰ ਤੁਹਾਡੇ ਵਿੱਚ ਦਮਖਮ ਅਤੇ ਸਿੱਧੀ ਹੈ ਤਾਂ ਤੁਸੀਂ ਆਪਣੇ ਸਰੀਰ ਦੇ ਨਾਪ ਦਾ ਹੀ ਖੱਡਾ ਪੁੱਟਵਾ ਕੇ ਅਤੇ ਮਿੱਟੀ ਨਾਲ ਢਕ ਕੇ ਸਮਾਧੀ ਕਿਉਂ ਨਹੀਂ ਲਗਾਉਂਦੇ? ਕੀ ਚਿਕਿਤਸਕਾਂ ਦੀ ਹਾਜ਼ਰੀ ਵਿੱਚ ਤੁਸੀਂ 10 ਮਿੰਟ ਵੀ ਅਜਿਹਾ ਕਰਕੇ ਦਿਖਾ ਸਕਦੇ ਹੋ? ਫੇਰ ਸ਼ੀਸ਼ੇ ਦੇ ਕਮਰੇ ਵਿੱਚ ਸਮਾਧੀ ਲਗਾਉਣ ਦੀ ਚੁਣੌਤੀ ਕਿਉਂ ਨਹੀਂ ਸਵੀਕਾਰ ਕਰਦੇ?

ਇਹ ਦੱਸਣਯੋਗ ਹੈ ਕਿ ਬੀ. ਪ੍ਰੇਮਾਨੰਦ ਜੀ ਦੀ ਸੰਸਥਾ ਦੁਆਰਾ ਅਜਿਹੀਆਂ ਸਮਾਧੀਆਂ ਦੇ ਪਖੰਡਾਂ ਨੂੰ ਉਜਾਗਰ ਕਰਨ ਦੇ ਲਈ 2×1×1 ਮੀਟਰ ਯਾਨੀ ਕੁਲ 2 ਘਣ ਮੀਟਰ ਦਾ ਇੱਕ ਖੱਡਾ ਪੁੱਟਵਾਇਆ ਗਿਆ ਸੀ ਅਤੇ ਉਸ ਵਿੱਚ ਸੈਂਕੜੇ ਮਾਹਰਾਂ ਦੀ ਹਾਜ਼ਰੀ ਵਿੱਚ ਸੰਸਥਾ ਦੇ ਇਕ ਬੰਦੇ ਨੇ ਸਮਾਧੀ ਲਗਾ ਕੇ ਇਹ ਸਾਬਤ ਕੀਤਾ ਸੀ ਕਿ ਅਜਿਹੀ ਸਮਾਧੀ ਇੱਕ ਧੋਖਾ ਹੈ ਅਤੇ ਇਸ ਦਾ ਯੋਗ ਅਧਿਆਤਮ ਨਾਲ ਕੋਈ ਸੰਬੰਧ ਨਹੀਂ ਹੈ। ਤਕਨੀਕੀ ਰੂਪ ਤੋਂ ਉਸ ਖੱਡੇ ਵਿੱਚ ਉਨੀ ਹਵਾ ਸੀ, ਜਿੰਨੀ ਕਿਸੇ ਬੰਦੇ ਦੇ ਲਈ ਲਗਭਗ 6 ਘੰਟੇ ਲਈ ਕਾਫੀ ਹੁੰਦੀ ਹੈ। ਪਰ ਸੰਸਥਾ ਦੇ ਬੰਦੇ ਨੇ ਸਿਰਫ 3 ਘੰਟੇ ਦੀ ਸਮਾਧੀ ਲਈ। ਸਮਾਧੀ ਲੈਣ ਤੋਂ ਪਹਿਲਾਂ ਸਾਰਾ ਪ੍ਰਦਰਸ਼ਨ ਉਸੀ ਤਰ੍ਹਾਂ ਕੀਤਾ ਗਿਆ, ਜਿਹੋ ਜਿਹਾ ਪਾਇਲਟ ਬਾਬਾ ਸਮਾਧੀਆਂ ਲਗਾਉਣ ਦੇ ਦੌਰਾਨ ਕਰਦਾ ਹੈ। ਪਹਿਲਾਂ ਉਸ ਸਮਾਧੀ ਲੈਣ ਵਾਲੇ ਬੰਦੇ ਦੀ ਨਾੜੀ ਨੂੰ ਕੰਟਰੋਲ ਕੀਤਾ ਗਿਆ ਅਤੇ ਫੇਰ ਹੌਲੀ ਹੌਲੀ ਰੋਕ ਦਿੱਤਾ ਗਿਆ। ਇਸ ਦੇ ਬਾਦ ਉਹ ਬੰਦਾ ਸੌਂ ਗਿਆ ਅਤੇ ਉਸ ਦਾ ਸਰੀਰ ਕਿਸੇ ਮ੍ਰਿਤਕ ਦੇ ਵਾਂਗ ਸਖ਼ਤ ਹੋ ਗਿਆ। ਹੁਣ ਤਿੰਨ ਲੋਕਾਂ ਨੇ ਉਸਨੂੰ ਚੁੱਕਿਆ ਅਤੇ ਖੱਡੇ ਵਿੱਚ ਲਿਟਾ ਦਿੱਤਾ। ਫੇਰ ਉਸ ਦੇ ਉੱਪਰ ਪਹਿਲਾਂ ਲੱਕੜੀ ਦਾ ਤਖਤਾ ਅਤੇ ਫੇਰ ਲੋਹੇ ਦੀ ਚਾਦਰ ਰੱਖ ਕੇ ਮਿੱਟੀ ਨਾਲ ਢਕ ਦਿੱਤਾ ਗਿਆ।

ਤਿੰਨ ਘੰਟੇ ਬਾਦ ਜਦ ਸਮਾਧੀ ਖੋਲ੍ਹੀ ਗਈ, ਤਦ ਵੀ ਉਹ ਬੰਦਾ ਉਸੇ ਹਾਲਤ ਵਿੱਚ ਸੀ। ਡਾਕਟਰਾਂ ਨੇ ਉਸ ਦੀ ਜਾਂਚ ਕੀਤੀ ਅਤੇ ਨਾੜੀ ਬੰਦ ਹੋਣ ਦੀ ਪੁਸ਼ਟੀ ਕੀਤੀ। ਪਰੰਤੂ ਜਦ ਉਸ ਦੇ ਸਰੀਰ ਅਤੇ ਦਿੱਲ ਦੀ ਮਾਲਸ਼ ਕੀਤੀ ਗਈ ਤਾਂ ਉਹ ਬੰਦਾ ਉੱਛਲ ਕੇ ਖੜ੍ਹਾ ਹੋ ਗਿਆ। ਧਿਆਨ ਰਹੇ ਉਹ ਇਕ ਵਿਗਿਆਨਕ ਪ੍ਰਯੋਗ ਸੀ, ਜੋ ਸਮਾਧੀ ਲਗਾਉਣ ਦੀ ਤਕਨੀਕ ਦਾ ਖੁਲਾਸਾ ਕਰਦਾ ਹੈ।

ਦਾਅਵਾ : ਤੁਸੀਂ ਕਹਿੰਦੇ ਹੋ ਕਿ ਤੁਹਾਨੂੰ ਭਾਰਤੀ ਹਵਾਈ ਸੈਨਾ ਵਿੱਚ ਸੇਵਾ ਦੇ ਦੌਰਾਨ ਵੀਰਤਾਪੂਰਨ ਕੰਮਾਂ ਲਈ ਤਗ਼ਮਾ ਮਿਲਿਆ ਹੈ ਕਿਹਾ ਜਾਂਦਾ ਹੈ ਕਿ ਸਵਾਮੀ ਬਣਨ ਤੋਂ ਪਹਿਲਾਂ ਉਹ ਹਵਾਈ ਸੈਨਾ ਵਿੱਚ ਪਾਇਲਟ ਰਿਹਾ ਹੈ। ਇਸ ਲਈ ਉਸਨੂੰ ਹੁਣ ਪਾਇਲਟ ਬਾਬਾ ਦੇ ਨਾਂ ਨਾਲ ਬੁਲਾਇਆ ਜਾਂਦਾ ਹੈ।

ਪ੍ਰਸ਼ਨ : ਤੁਹਾਨੂੰ ਭਾਰਤੀ ਹਵਾਈਸੈਨਾ ਵਿੱਚ ਕਿਹੜੇ ਸਾਲ ਕਿਹੜੇ ਕੰਮ ਦੇ ਕਾਰਨ ਬਹਾਦਰੀ ਦਾ ਤਗ਼ਮਾ ਮਿਲਿਆ ਸੀ, ਤੁਸੀਂ ਦੱਸੋਗੇ?

ਸਵਾਲਾਂ ਤੋਂ ਬੌਖਲਾਏ (ਗੁੱਸੇ ਵਿੱਚ ਪਾਗਲਾਂ ਵਾਂਗ ਮਾਨਸਕ ਸੰਤੁਲਨ ਗੁਆਕੇ) ਬਾਬੇ ਨੇ ਕਿਹਾ, "ਮੈਂ ਅਜਿਹੀਆਂ ਚੁਣੌਤੀਆਂ ਦੀ ਪਰਵਾਹ ਨਹੀਂ ਕਰਦਾ।" ਪਾਇਲਟ ਬਾਬਾ ਦਿੱਲੀ ਵਿੱਚ ਸਮਾਧੀ ਲਗਾਉਣ ਦੇ ਬਾਦ ਜਦ ਪਾਇਲਟ ਬਾਬਾ ਸਮਾਧੀ ਤੋਂ ਬਾਹਰ ਆਇਆ ਤਾਂ ਅੱਗ ਬਬੂਲਾ ਸੀ। ਉਸਨੇ ਕਿਸੇ ਨਾਲ ਵੀ ਗੱਲਬਾਤ ਕਰਨੀ ਮੁਨਾਸਿਬ ਨਹੀਂ ਸਮਝੀ, ਪ੍ਰਬੰਧਕਾਂ ਨੇ ਵੀ ਪ੍ਰਸ਼ਨ ਪੁੱਛਣ ਵਾਲਿਆਂ ਤੋਂ ਦੂਰੀ ਬਣਾਈ ਰੱਖੀ, ਇਸ ਲਈ ਸਮਾਧੀ ਦੇ ਬਾਰੇ ਵਿੱਚ ਕੁੱਝ ਸਵਾਲ ਜਵਾਬ ਕਰਨਾ ਸੰਭਵ ਨਹੀਂ ਹੋਇਆ, 14 ਫਰਵਰੀ ਨੂੰ ਲਗਾਈ ਗਈ ਸਮਾਧੀ ਦੇ ਦੌਰਾਨ ਉਸ ਤੋਂ ਕੁੱਝ ਸਵਾਲ ਕੀਤੇ ਗਏ। ਪਾਠਕਾਂ ਦੀ ਜਾਣਕਾਰੀ ਦੇ ਲਈ ਉਹੀ ਸਵਾਲ ਜਵਾਬ ਪੇਸ਼ ਹਨ–

ਸਵਾਲ : ਸਮਾਧੀ ਵਿੱਚੋਂ ਨਿਕਲਣ ਦੇ ਬਾਦ ਤੁਹਾਡੇ ਵਜਨ ਵਿੱਚ ਵਾਧਾ ਹੋ ਗਿਆ। ਆਖਿਰ ਇਹ ਕਿਵੇਂ ਸੰਭਵ ਹੋਇਆ?

ਜਵਾਬ : ਮੈਂ ਇਸ ਦੇ ਬਾਰੇ ਵਿੱਚ ਕੀ ਕਹਿ ਸਕਦਾ ਹਾਂ।

ਸਵਾਲ : ਕੀ ਇਸ ਦਾ ਮਤਲਬ ਇਹ ਨਹੀਂ ਕਿ ਸਮਾਧੀ ਵਿੱਚ ਤੁਸੀਂ ਖਾਣ ਪੀਣ ਦੀਆਂ ਕੁੱਝ ਚੀਜ਼ਾਂ ਵੀ ਲੈ ਗਏ ਸੀ?

ਜਵਾਬ : ਕੌਣ ਅਜਿਹਾ ਕਹਿੰਦਾ ਹੈ? ਮੈਂ ਸੈਂਕੜੇ ਲੋਕਾਂ ਦੇ ਸਾਹਮਣੇ ਸਿਰਫ ਇੱਕ ਲੁੰਗੀ ਵਿੱਚ ਸਮਾਧੀ ਵਿੱਚ ਪ੍ਰਵੇਸ਼ ਕੀਤਾ ਸੀ।

ਸਵਾਲ : ਚਿਕਿਤਸਾਂ ਦੇ ਅਨੁਸਾਰ ਬਗੈਰ ਕੁੱਝ ਖਾਏ ਪੀਏ ਵਜਨ ਵਿੱਚ ਵਾਧਾ ਹੋਣਾ ਨਾ ਮੁਮਕਿਨ ਹੈ? ਜੇਕਰ ਸਮਾਧੀ ਵਿੱਚ ਵਜ਼ਨ ਵਧਿਆ ਤਾਂ ਉਸ ਦਾ ਕੀ ਕਾਰਨ ਹੋ ਸਕਦਾ ਹੈ?

ਜਵਾਬ : ਸਮਾਧੀ ਵਿੱਚ ਮੈਂ ਆਪਣੇ ਬਾਹਰ ਅਤੇ ਅੰਦਰੂਨੀ ਸਰੀਰਕ ਅੰਗਾਂ ਉੱਤੇ ਪੂਰੀ ਤਰ੍ਹਾਂ ਕੰਟਰੋਲ ਕੀਤੇ ਹੋਏ ਸਨ। ਇਸ ਹਾਲਤ ਵਿੱਚ ਜਾਂ ਤਾਂ ਵਜਨ ਘੱਟ ਸਕਦਾ ਹੈ ਜਾਂ ਵੱਧ ਸਕਦਾ ਸੀ।

ਸਵਾਲ : ਅੰਧ ਸ਼ਰਧਾ ਨਿਰਮੂਲਨ ਸਮਿਤੀ ਦੀ ਚੁਣੌਤੀ ਦੇ ਬਾਰੇ ਵਿੱਚ ਤੁਹਾਡਾ ਕੀ ਕਹਿਣਾ ਹੈ?

ਜਵਾਬ : ਮੈਂ ਅਜਿਹੀਆਂ ਚੁਣੌਤੀਆਂ ਦੀ ਪਰਵਾਹ ਨਹੀਂ ਕਰਦਾ।

ਸਵਾਲ : ਦਿਲ ਦੀਆਂ ਧੜਕਣਾਂ ਨੂੰ ਬੰਦ ਕਰਨਾ ਵਿਗਿਆਨ ਦੇ ਲਈ ਚੁਣੌਤੀ ਹੈ। ਕੀ ਤੁਸੀਂ ਧੜਕਣਾਂ ਬੰਦ ਕਰਕੇ ਫਿਰ ਚਾਲੂ ਕਰ ਸਕਦੇ ਹੋ?

ਜਵਾਬ : ਮੈਂ ਅਜਿਹਾ ਕਰਨਾ ਜ਼ਰੂਰੀ ਨਹੀਂ ਸਮਝਦਾ।


## ਵਿਗਿਆਨ ਜੋਤ

**ਨੂੰ ਘਰ ਘਰ ਪਹੁੰਚਾਉਣ ਲਈ ਇੱਕ ਵਿਸ਼ੇਸ਼ ਸਕੀਮ ਸ਼ੁਰੂ ਕੀਤੀ ਗਈ ਹੈ।**

'ਵਿਗਿਆਨ ਜੋਤ' ਦੀ ਦੋ ਸਾਲਾਂ ਦੀ ਮੈਂਬਰਸ਼ਿਪ 150 ਰੁਪਏ ਹੈ। ਜਿਹੜਾ ਸਹਿਯੋਗੀ ਇਸਦੇ ਨਵੇਂ ਪਾਠਕ ਬਣਾਏਗਾ ਉਹਨਾਂ ਨੂੰ ਹੇਠ ਲਿਖੇ ਇਨਾਮ ਦਿੱਤੇ ਜਾਣਗੇ।

**ਪੰਜ ਪਾਠਕ ਬਣਾਉਣ ਵਾਲੇ ਨੂੰ**

*70 ਰੁਪਏ ਮੁੱਲ ਦੀਆਂ ਕਿਤਾਬਾਂ*
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਦਸ ਪਾਠਕ ਬਣਾਉਣ ਵਾਲੇ ਨੂੰ**

*160 ਰੁਪਏ ਮੁੱਲ ਦੀਆਂ ਕਿਤਾਬਾਂ*
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਵੀਹ ਪਾਠਕ ਬਣਾਉਣ ਵਾਲੇ ਨੂੰ**

*340 ਰੁਪਏ ਮੁੱਲ ਦੀਆਂ ਕਿਤਾਬਾਂ*
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਪੰਜਾਹ ਪਾਠਕ ਬਣਾਉਣ ਵਾਲੇ ਨੂੰ**

*1000 ਰੁਪਏ ਮੁੱਲ ਦੀਆਂ ਕਿਤਾਬਾਂ ਅਤੇ ਇੱਕ ਪ੍ਰਸ਼ੰਸਾ ਪੱਤਰ*
ਇਨਾਮ ਵਜੋਂ ਭੇਜੇ ਜਾਣਗੇ।

ਪਾਠਕਾਂ ਦੀ ਇਕੱਠੀ ਲਿਸਟ ਪੂਰੇ ਪਤਿਆਂ ਅਤੇ ਬੈਂਕ ਡਰਾਫ਼ਟ ਸਮੇਤ ਹੇਠ ਲਿਖੇ ਪਤੇ 'ਤੇ ਭੇਜੀ ਜਾਵੇ :

**ਅਮਿੱਤ ਮਿੱਤਰ**
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਬਰਨਾਲਾ - 148101 (ਪੰਜਾਬ)

ਨੋਟ ✪ ਇਨਾਮ ਵਿਚਲੀਆਂ ਕਿਤਾਬਾਂ ਤੁਹਾਡੀ ਚੋਣ ਅਨੁਸਾਰ ਮੈਗਜ਼ੀਨ ਵਿੱਚ ਛਪੀ ਲਿਸਟ, ਸਿਰਫ਼ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਵਿੱਚੋਂ ਹੀ ਉਪਲੱਬਧ ਹੋਣਗੀਆਂ ਤੇ ਮਿਲਣਗੀਆਂ।
✪ ਕਿਤਾਬਾਂ ਨੂੰ ਭੇਜਣ ਦਾ ਡਾਕ ਖਰਚ ਅਦਾਰਾ 'ਵਿਗਿਆਨ ਜੋਤ' ਦਾ ਹੋਵੇਗਾ।
✪ ਸਾਰੇ ਚੰਦੇ ਇੱਕੋ ਵੇਲੇ ਹੀ ਭੇਜੇ ਜਾਣ।

# ਸ਼ੰਕਾ ਨਿਵਿਰਤੀ

## ਮੇਘ ਰਾਜ ਮਿੱਤਰ

**1. ਸਵਾਲ : ਕੀ ਡਾਇਨੋਸੋਰ ਉੱਡ ਸਕਦੇ ਹਨ?**
**ਜਵਾਬ** : ਨਹੀਂ ਡਾਇਨੋਸੋਰਜ ਉੱਡ ਨਹੀਂ ਸਕਦੇ ਸਨ। ਕਿਉਂਕਿ ਇਹਨਾਂ ਦੇ ਖੰਭ ਨਹੀਂ ਸਨ ਹੁੰਦੇ ਪਰ ਇਹਨਾਂ ਦੇ ਹੀ ਰਿਸ਼ਤੇਦਾਰ ਟੈਰੋਸੋਰਜ ਉੱਡ ਸਕਦੇ ਸਨ ਕਿਉਂਕਿ ਇਹ ਖੰਭਾਂ ਵਾਲੇ ਹੁੰਦੇ ਸਨ। ਇਹ ਧਰਤੀ ਦੇ ਅਸਮਾਨ ਤੇ ਸਮੁੰਦਰਾਂ ਨਦੀਆਂ ਨਾਲਿਆਂ ਦੇ ਉਪਰ ਉੱਡ ਸਕਦੇ ਸਨ। ਟੈਰੋਸੋਰਜ ਅਤੇ ਡਾਇਨੋਸੋਰਾਂ ਦਾ ਇੱਕ ਗੁਣ ਸਾਂਝਾ ਹੈ। ਕਿ ਇਹ ਦੋਵੇ ਜਾਤੀਆਂ ਦੇ ਡਾਇਨਾਸੋਰਜ ਦੀਆਂ ਹੋਰ ਸਾਰੀਆਂ ਜਾਤਾਂ ਦਾ ਖਾਤਮਾ ਸਾਢੇ ਛੇ ਕਰੋੜ ਵਰ੍ਹੇ ਪਹਿਲਾਂ ਇੱਕ ਪੂਛਲ ਤਾਰੇ ਦੇ ਧਰਤੀ ਨਾਲ ਟਕਰਾਉਣ ਕਾਰਨ ਹੋਇਆ ਸੀ।

**2. ਸਵਾਲ : ਖੁੰਬਾਂ ਦਾ ਵਾਧਾ ਐਨਾ ਛੇਤੀ ਕਿਉਂ ਹੁੰਦਾ ਹੈ?**
**ਜਵਾਬ** : ਇਹ ਉੱਲੀ ਦੀ ਹੀ ਇੱਕ ਕਿਸਮ ਹੈ। ਉੱਲੀਆਂ ਕਦੇ ਆਪਣੀ ਖੁਰਾਕ ਤਿਆਰ ਨਹੀਂ ਕਰਦੀਆਂ। ਸਗੋਂ ਇਹਨਾਂ ਦੀਆਂ ਵਾਲ ਨੁਮਾ ਰਚਨਾਂਵਾਂ ਜੋ ਜਮੀਨ ਦੇ ਅੰਦਰ ਹੁੰਦੀਆਂ ਹਨ ਵਿਚੋਂ ਇੱਕ ਰਸ ਨਿਕਲਦਾ ਹੈ ਜੋ ਜਮੀਨ ਵਿਚ ਮੌਜੂਦ ਪਦਾਰਥਾਂ ਨੂੰ ਹਜ਼ਮ ਯੋਗ ਬਣਾਉਂਦਾ ਹੈ। ਇਹਨਾਂ ਦੇ ਬਾਹਰ ਨਿਕਲਣ ਵਾਲੇ ਅੰਗ ਤਾਂ ਫੁੱਲ ਤੇ ਬੀਜ ਹੁੰਦੇ ਹਨ ਜਿਹਨਾਂ ਦਾ ਕੰਮ ਬੰਸ ਵਧਾਉਣਾ ਹੁੰਦਾ ਹੈ। ਇਸ ਲਈ ਜਮੀਨ ਤੋਂ ਬਾਹਰ ਇਹ ਤੇਜੀ ਨਾਲ ਵੱਧਦੀਆਂ ਨਜ਼ਰ ਆਉਂਦੀਆਂ ਹਨ।

**3. ਸਵਾਲ : ਹਵਾਵਾਂ ਕਿਉਂ ਵੱਗਦੀਆਂ ਹਨ?**
**ਜਵਾਬ** : ਸੂਰਜ ਦੀ ਗਰਮੀ ਦਾ ਪ੍ਰਭਾਵ ਸਾਡੇ ਵਾਯੂਮੰਡਲ ਤੇ ਪੈਂਦਾ ਹੈ। ਉਹ ਵੀ ਗਰਮ ਹੋ ਜਾਂਦਾ ਹੈ। ਗਰਮ ਹਵਾ ਹਲਕੀ ਹੋ ਕੇ ਉਪਰ ਉੱਠਦੀ ਹੈ ਤੇ ਠੰਡੀ ਹਵਾ ਉਸਦਾ ਥਾਂ ਲੈਣ ਲਈ ਆਉਂਦੀ ਹੈ। ਗਰਮੀ ਕਾਰਨ ਸਮੁੰਦਰਾਂ ਤੇ ਝੀਲਾਂ ਦਾ ਪਾਣੀ ਵਾਸ਼ਪ ਬਣਕੇ ਉਡਦਾ ਹੈ। ਇਸ ਲਈ ਹਵਾਵਾਂ ਵਿਰਲੇ ਥਾਵਾਂ ਵੱਲ ਨੂੰ ਚੜ੍ਹਦੀਆਂ ਹਨ।

**4. ਸਵਾਲ : ਡਾਇਨੋਸੋਰਜ ਦੇ ਖਾਤਮੇ ਤੋਂ ਬਾਅਦ ਕਿਹੜੇ ਜੀਵਾਂ ਦੀ ਧਰਤੀ ਤੇ ਸਰਦਾਰੀ ਰਹੀ ਹੈ?**
**ਜਵਾਬ** : ਡਾਇਨੋਸੋਰਜ ਦੇ ਸਮੇਂ ਦੁੱਧ ਚੁੰਘਾਉਣ ਵਾਲੇ ਜੀਵ ਮੱਝਾਂ, ਗਾਵਾਂ, ਹਾਥੀ, ਬੱਕਰੀਆਂ ਤੇ ਹਿਰਨ ਆਦਿ ਮੌਜੂਦ ਸਨ। ਸਾਢੇ ਛੇ ਕਰੋੜ ਵਰ੍ਹੇ ਪਹਿਲਾਂ ਡਾਇਨੋਸੋਰਜ ਦੀ ਮੌਜੂਦਗੀ ਤੱਕ ਇਹਨਾਂ ਜੀਵਾਂ ਕੋਲ ਖਾਣ ਪੀਣ ਲਈ ਘਾਹ ਆਦਿ ਦੀ ਕਮੀ ਸੀ। ਕਿਉਂਕਿ ਡਾਇਨੋਸੋਰਜ ਤਾਕਤਵਾਰ ਹੋਣ ਕਾਰਨ ਜਿਆਦਾ ਖੁਰਾਕ ਖਾ ਜਾਂਦੇ ਸਨ। ਇਸ ਲਈ ਇਹਨਾਂ ਜੀਵਾਂ ਦੇ ਆਕਾਰ ਛੋਟੇ ਸਨ। ਉਦਾਹਰਣ ਲਈ ਘੋੜਾ ਬਿੱਲੀ ਜਿੱਡੇ ਆਕਾਰ ਦਾ ਹੀ ਹੁੰਦਾ ਸੀ। ਪਰ ਡਾਇਨੋਸੋਰਜ ਦੇ ਖਾਤਮੇ ਤੋਂ ਬਾਅਦ ਦੁੱਧ ਚੁੰਘਾਉਣ ਵਾਲੇ ਜੀਵਾਂ ਦਾ ਆਕਾਰ ਵੱਧਣਾ ਸ਼ੁਰੂ ਹੋ ਗਿਆ। ਕਿਉਂਕਿ ਖੁਰਾਕ ਦੀ ਬਹੁਤਾਤ ਹੋ ਗਈ। ਇਸ ਲਈ ਦੁੱਧ ਚੁੰਘਾਉਣ ਵਾਲੇ ਜੀਵਾਂ ਦੀ ਸਰਦਾਰੀ ਹੋ ਗਈ।

**5. ਸਵਾਲ : ਕੀ ਸਾਰੇ ਤਾਰੇ ਇੱਕੋ ਜਿਹੇ ਹੁੰਦੇ ਹਨ?**
**ਜਵਾਬ** : ਸਾਰੇ ਤਾਰੇ ਵੇਖਣ ਨੂੰ ਇਕੋ ਜਿਹੇ ਨਜ਼ਰ ਆਉਂਦੇ ਹਨ। ਪਰ ਇਹ ਬਹੁਤ ਸਾਰੀਆਂ ਗੱਲਾਂ ਵਿੱਚ ਭਿੰਨ ਹੁੰਦੇ ਹਨ। ਕਿਸੇ ਦਾ ਤਾਪਮਾਨਾ ਜਿਆਦਾ ਹੁੰਦਾ ਹੈ। ਕਿਸੇ ਦਾ ਘੱਟ। ਕੋਈ ਘੁੰਮਦਾ ਤੇਜ ਹੈ ਕੋਈ ਹੌਲੀ। ਕਿਸੇ ਤੇ ਹਾਈਡ੍ਰੋਜਨ ਪੈਦਾ ਹੁੰਦੀ ਹੈ, ਕਿਸੇ ਤੇ ਕਾਰਬਨ, ਕਿਸੇ ਹੋਰ ਤੇ ਸੋਨਾ ਪੈਦਾ ਹੁੰਦਾ ਹੈ। ਇਹਨਾਂ ਦੀ ਦੂਰੀ ਬਹੁਤ ਜਿਆਦਾ ਹੁੰਦੀ ਹੈ। ਅਲਫਾ ਸੈਂਚੁਰੀ ਧਰਤੀ ਦੇ ਸਭ ਤੋਂ ਨੇੜੇ ਵਾਲਾ ਤਾਰਾ ਹੈ। ਇਸ ਦੀ ਦੂਰੀ ਵੀ 4.2 ਪ੍ਰਕਾਸ਼ ਵਰ੍ਹੇ ਹੈ। ਪ੍ਰਕਾਸ਼ ਤਿੰਨ ਲੱਖ ਕਿਲੋਮੀਟਰ ਪ੍ਰਤੀ ਸੈਕਿੰਡ ਦੀ ਰਫ਼ਤਾਰ ਨਾਲ ਚਲਦਾ ਹੋਇਆ ਵੀ 4.2 ਵਰ੍ਹਿਆਂ ਵਿੱਚ ਇਸ ਤਾਰੇ ਤੇ ਪਹੁੰਚਦਾ ਹੈ।

**6. ਸਵਾਲ : ਕੀ ਹਵਾ ਵੇਖੀ ਜਾ ਸਕਦੀ ਹੈ? ਕੀ ਦੁੱਧ ਘਿਉ ਵੇਖਿਆ ਜਾ ਸਕਦਾ ਹੈ? ਕੀ ਫੁੱਲਾਂ ਦੀ ਸੁਗੰਧ ਵੇਖੀ ਜਾ ਸਕਦੀ ਹੈ? ਕੀ ਬਿਜਲੀ ਵੇਖੀ ਜਾ ਸਕਦੀ ਹੈ?**
**ਜਵਾਬ** : ਅਜਿਹੇ ਸੁਆਲ ਅਕਸਰ ਹੀ ਰੱਬ ਦੀ ਹੋਂਦ ਸਿੱਧ ਕਰਨ ਲਈ ਧਾਰਮਿਕ ਵਿਅਕਤੀਆਂ ਵਲੋਂ ਕੀਤੇ ਜਾਂਦੇ ਹਨ। ਹਵਾ ਵੇਖੀ ਜਾ ਸਕਦੀ ਹੈ। ਦੁੱਧ ਵਿੱਚ ਘਿਉ ਵੀ ਮਾਪਿਆ ਜਾ ਸਕਦਾ ਹੈ। ਫੁੱਲਾਂ ਦੀ ਸੁਗੰਧ ਵੀ ਮਾਪੀ ਜਾ ਸਕਦੀ ਹੈ। ਹਵਾ ਦੀਆਂ ਹਨੇਰੀਆਂ ਤੇ ਵਾਵਰੋਲਿਆਂ ਕਿਸ ਨੇ ਵੇਖੇ ਨਹੀਂ। ਟਾਇਰ ਤੇ ਗੁਬਾਰੇ ਹਰੇਕ ਨੇ ਫੁਲਾ ਕੇ ਵੇਖੇ ਹੁੰਦੇ ਹਨ। ਦੁੱਧ ਵਿੱਚ ਘਿਉ ਦੀ ਮਾਤਰਾ ਤਾਂ ਹਰੇਕ ਪਿੰਡ ਵਿੱਚ ਦੁੱਧ ਦੀਆਂ ਡਾਇਰੀਆਂ ਤੇ ਚੈਕ ਕੀਤੀ ਜਾ ਸਕਦੀ ਹੈ। ਘਰਾਂ ਵਿੱਚ ਸਾਰੀਆਂ ਇਸਤਰੀਆਂ ਹੀ ਦੁੱਧ ਤੇ ਆਈ ਮਲਾਈ ਤੋਂ ਘਿਉ ਬਣਾਉਂਦੀਆਂ ਵੇਖੀਆਂ ਜਾ ਸਕਦੀਆਂ ਹਨ। ਸੁਗੰਧ ਜਾਂ ਬਦਬੂ ਵੀ ਮਾਪੀ ਤੇ ਇਕੱਠੀ ਕੀਤੀ ਜਾ ਸਕਦੀ ਹੈ। ਫੁੱਲਾਂ ਦੀ ਸੁਗੰਧ ਨੂੰ ਇਕੱਠੀ ਕਰਕੇ ਹੀ ਇੱਤਰ ਜਾਂ ਫੁਲੇਲ ਬਣਾਏ ਜਾਂਦੇ ਹਨ। ਘਰਾਂ ਵਿੱਚ ਮਿਲਣ ਵਾਲੇ ਬੋਡੀ ਸਪਰੇਆਂ ਵਿਚੋਂ ਬਹੁਤੇ ਫੁੱਲਾਂ ਦੀ ਸੁਗੰਧ ਹੀ ਹੁੰਦੇ ਹਨ।

ਬਿਜਲੀ ਦੀਆਂ ਤਾਰਾਂ ਵਿਚੋਂ ਨਿਕਲਦੇ ਚੰਗਿਆੜੇ ਤੇ ਅਸਮਾਨੀ ਬਿਜਲੀ ਦੀ ਚਮਕ ਕਿਸਨੇ ਵੇਖੀ ਨਹੀਂ। ਇਹਨਾਂ ਚੀਜਾਂ ਨੂੰ ਹਰੇਕ ਨੇ ਵੇਖਿਆ ਜਾਂ ਮਹਿਸੂਸ ਕੀਤਾ ਹੈ। ਰੱਬ ਦੀ ਹੋਂਦ ਜਾਂ ਅਣਹੋਂਦ ਬਾਰੇ ਇਹਨਾਂ ਗੱਲਾਂ ਦਾ ਸਹਾਰਾ ਲੈਣਾ, ਜਾਣਦੇ ਹੋਏ ਵੀ ਅਣਜਾਣ ਬਣਨਾ ਹੈ।

**7. ਸਵਾਲ : ਦੁਨੀਆਂ ਵਿੱਚ ਸਭ ਤੋਂ ਵੱਡਾ ਬੋਹੜ ਦਾ ਦਰੱਖਤ ਕਿੱਥੇ ਹੈ? ਇਹ ਕਿੰਨੇ ਖੇਤਰ ਵਿੱਚ ਫੈਲਿਆ ਹੈ ਤੇ ਉਸਦੀ ਉਮਰ ਕਿੰਨੀ ਹੈ?**
**ਜਵਾਬ** : ਕਿਹਾ ਜਾਂਦਾ ਸੀ ਕਿ ਕਲਕੱਤਾ ਦੇ ਬੋਟੈਨੀਕਲ ਗਾਰਡਨ ਵਿੱਚ ਇੱਕ ਬੋਹੜ ਦਾ ਦਰੱਖਤ ਹੈ ਜੋ ਸਭ ਤੋਂ ਵੱਡਾ ਹੈ। ਪਰ ਇਸ ਤੋਂ ਵੱਡਾ ਤੇ ਪੁਰਾਣਾ ਦਰੱਖਤ ਆਂਧਰਾ ਪ੍ਰਦੇਸ਼ ਦੇ ਜਿਲ੍ਹੇ ਆਨੰਤਨਾਗ ਦੇ ਪਿੰਡ ਗੋਟੇ ਬਿਆਲੂ ਵਿੱਚ ਇੱਕ ਬੋਹੜ ਦਾ ਦਰੱਖਤ ਹੈ। ਇਹ ਦਰੱਖਤ ਐਡਾ ਵੱਡਾ ਹੈ ਕਿ 20000 ਵਿਅਕਤੀ ਇਸਦੀ ਛਾਂ ਵਿੱਚ ਇਕੋ ਸਮੇਂ ਬੈਠ ਸਕਦੇ ਹਨ। ਇਹ ਦਰੱਖਤ ਚਾਰ ਏਕੜ ਵਿੱਚ ਫੈਲਿਆ ਹੋਇਆ ਹੈ ਤੇ ਵਿਗਿਆਨਕਾਂ ਅਨੁਸਾਰ ਇਸਦੀ ਉਮਰ 200 ਵਰ੍ਹੇ ਹੈ। ਅਸਲ ਵਿੱਚ ਬੋਹੜ ਦੇ ਦਰੱਖਤ ਵਿੱਚ ਇਹ ਗੁਣ ਹੁੰਦਾ ਹੈ ਕਿ ਇਸਦੀਆਂ ਜੜ੍ਹਾਂ ਦੀਆਂ ਲਗਰਾਂ ਇਸਦੀ ਟਹਿਣੀਆਂ ਵਿਚੋਂ ਨਿਕਲਦੀਆਂ ਰਹਿੰਦੀਆਂ ਹਨ। ਕਈ ਦਰੱਖਤਾਂ ਦੀਆਂ ਟਾਹਣੀਆਂ ਵਿਚੋਂ ਨਿਕਲਦੀਆਂ ਇਹ ਜੜ੍ਹਾਂ ਧਰਤੀ ਵਿੱਚ ਚਲੀਆਂ ਜਾਂਦੀਆਂ ਹਨ। ਜਿੱਥੋਂ ਇਹ ਖੁਰਾਕ ਲੈਣੀ ਸ਼ੁਰੂ ਕਰ ਦਿੰਦੀਆਂ ਹਨ ਤੇ ਇਸ ਤਰ੍ਹਾਂ ਦਰੱਖਤ ਫੈਲਦਾ ਜਾਂਦਾ ਹੈ।

**8. ਸਵਾਲ : ਕਾਮਰੇਡਾਂ ਵਲੋਂ ਲੈਨਿਨ ਦੇ ਸਰੀਰ ਦੀ ਸਾਂਭ ਸੰਭਾਲ ਅਤੇ ਆਸੂਤੋਸ਼ ਦੇ ਚੇਲਿਆਂ ਵਲੋਂ ਉਸਦਾ ਮ੍ਰਿਤਕ ਸਰੀਰ ਦੀ ਸੰਭਾਲ ਵਿੱਚ ਕੀ ਫਰਕ ਹੈ?**
**ਜਵਾਬ** : ਦੋਹਾਂ ਗੱਲਾਂ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੈ। ਕਾਮਰੇਡਾਂ ਨੇ ਲੈਨਿਨ ਦੇ ਮ੍ਰਿਤਕ ਸਰੀਰ ਨੂੰ ਇਸ ਲਈ ਸੰਭਾਲਿਆ ਹੋਇਆ ਹੈ ਕਿ ਲੈਨਿਨ ਦਾ ਜੀਵਨ ਸੰਘਰਸ਼ ਉਹਨਾਂ ਲਈ ਸਿਖਿਆਦਾਇਕ ਹੈ।

ਉਹਨਾਂ ਨੂੰ ਇਸ ਗੱਲ ਵਿੱਚ ਭੋਰਾ ਭਰ ਵੀ ਯਕੀਨ ਨਹੀਂ ਕਿ ਉਸਦਾ ਸਰੀਰ ਕਦੇ ਵੀ ਮੁੜ ਜੀਵਤ ਹੋ ਪਵੇਗਾ। ਪਰ ਆਸ਼ੂਤੋਸ਼ ਦੇ ਚੇਲੇ ਸਿਰਫ ਇਹ ਸੋਚਦੇ ਹਨ ਕਿ ਉਸਦਾ ਸਰੀਰ ਸਮਾਧੀ ਹੈ ਤੇ ਕਿਸੇ ਵੇਲੇ ਵੀ ਉਹ ਜੀਵਿਤ ਹੋ ਉੱਠੇਗਾ।



**9. ਸਵਾਲ : ਵਿਗਿਆਨਕਾਂ ਦੀ ਇਸ ਗੱਲ ਵਿੱਚ ਕਿੰਨੀ ਕੁ ਸਚਾਈ ਹੈ ਕਿ ਬ੍ਰਹਿਮੰਡ ਦੀ ਸ਼ੁਰੂਆਤ ਇੱਕ ਬਿੰਦੂ ਆਕਾਰ ਤੋਂ 1300 ਕਰੋੜ ਵਰ੍ਹੇ ਪਹਿਲਾਂ ਹੋਈ ਸੀ ?**

**ਜਵਾਬ** : ਅਸਲ ਵਿੱਚ ਮੈਂ ਵੀ ਇਸ ਗੱਲ ਨੂੰ ਅੱਜ ਤੱਕ ਸਮਝ ਨਹੀਂ ਸਕਿਆ ਹਾਂ। ਮੈਂ ਇਹ ਤਾਂ ਸਮਝਦਾ ਹਾਂ ਕਿ ਮਾਦਾ ਨਾ ਪੈਦਾ ਨਾ ਹੀ ਨਸ਼ਟ ਕੀਤਾ ਜਾ ਸਕਦਾ ਹੈ। ਇਸ ਦਾ ਮਤਲਬ ਪਦਾਰਥ ਸਦਾ ਸੀ ਤੇ ਸਦਾ ਰਹੇਗਾ। ਇਸ ਲਈ 1300 ਕਰੋੜ ਵਰ੍ਹੇ ਪਹਿਲਾਂ ਮੌਜੂਦਾ ਬ੍ਰਹਿਮੰਡ ਦੀ ਪੈਦਾਇਸ਼ ਕਿਸੇ ਹੋਰ ਪਦਾਰਥ ਤੋਂ ਹੀ ਹੋ ਸਕਦੀ ਹੈ। ਇਹ ਪਦਾਰਥ ਤਾਪ ਊਰਜਾ ਦੇ ਰੂਪ ਵਿੱਚ ਖਿਲਰਿਆ ਹੋਇਆ ਸੀ। ਬ੍ਰਹਿਮੰਡ ਦੇ ਸ਼ੁਰੂਆਤੀ ਬਿੰਦੂ ਤੋਂ ਇਸਨੇ ਪਦਾਰਥੀ ਰੂਪ ਵਿੱਚ ਇਕੱਠਾ ਹੋਣਾ ਸ਼ੁਰੂ ਕਰ ਦਿੱਤਾ।

**10. ਸਵਾਲ : ਮਦਰ ਟਰੇਸਾ ਨੂੰ ਸੰਤ ਦੀ ਉਪਾਧੀ ਦਿੱਤੀ ਗਈ ਹੈ। ਇਸ ਬਾਰੇ ਤੁਹਾਡੇ ਕੀ ਖਿਆਲ ਹਨ ?**

**ਜਵਾਬ** : ਸਾਧਾਂ ਸੰਤਾਂ ਨੂੰ 108, 1008 ਜਾਂ 10008 ਦੀ ਉਪਾਧੀ ਦੇਣਾ ਧਾਰਮਿਕ ਅਦਾਰਿਆਂ ਦਾ ਧਰਮ ਦੇ ਧੰਦੇ ਨੂੰ ਵਧਾਉਣ ਦਾ ਹੀ ਇਕ ਢੰਗ ਹੈ। ਦੁਨੀਆਂ ਪੱਧਰ ਤੇ ਆਪਣੇ ਆਪਣੇ ਵਿਉਪਾਰ ਨੂੰ ਵਧਾਉਣ ਲਈ ਵੱਖ ਵੱਖ ਤਰ੍ਹਾਂ ਦੇ ਇਨਾਮ ਤੇ ਸਨਮਾਨ ਦਿੱਤੇ ਜਾਂਦੇ ਹਨ। ਇਸਦੀ ਧਰਮ ਦੇ ਸਭ ਤੋਂ ਵੱਡੇ ਪੋਪ ਵਲੋਂ ਵੀ ਵੱਖ ਵੱਖ ਅਜਿਹੀਆਂ ਸ਼ਖਸ਼ੀਅਤਾਂ ਨੂੰ ਉਪਾਧੀਆਂ ਦਿੱਤੀਆਂ ਜਾਂਦੀਆਂ ਹਨ। ਮਦਰ ਟਰੇਸਾ ਨੂੰ ਵੀ ਅਜਿਹੀ ਉਪਾਧੀ ਹੀ ਦਿੱਤੀ ਗਈ ਹੈ। ਸੰਤ ਦੀ ਉਪਾਧੀ ਲਈ ਜਰੂਰੀ ਸ਼ਰਤ ਚਮਤਕਾਰੀ ਹੋਣ ਕਰਕੇ ਦਿੱਤੀ ਜਾਂਦੀ ਹੈ। ਚਮਤਕਾਰ ਅਜਿਹਾ ਸ਼ਬਦ ਹੈ ਜੋ ਨਾ ਤਾਂ ਕਦੇ ਹੋਇਆ ਹੈ ਅਤੇ ਨਾ ਹੀ ਕਦੇ ਹੋਵੇਗਾ। ਕਿਉਂਕਿ ਸੰਸਾਰ ਵਿੱਚ ਵਾਪਰਨ ਵਾਲੀ ਹਰੇਕ ਘਟਨਾ ਦੇ ਪਿੱਛੇ ਕੋਈ ਨਾ ਕੋਈ ਵਿਗਿਆਨਕ ਨਿਯਮ ਹੁੰਦਾ ਹੈ।

**11. ਸਵਾਲ : ਕੀ ਚਿਕਨਗੁਣੀਆਂ ਦਾ ਚਿਕਨ ਨਾਲ ਕੋਈ ਸੰਬੰਧ ਹੈ।**

**ਜਵਾਬ** : ਸਤੰਬਰ ਮਹੀਨੇ ਵਿਚ ਬੀ ਜੇ ਪੀ ਦੀ ਕੌਮੀ ਕਾਨਫਰੰਸ ਕੇਰਲ ਦੇ ਸ਼ਹਿਰ ਕੋਜੀਵਾੜਾ ਵਿਖੇ ਹੋਈ। ਵਰੁਣ ਗਾਂਧੀ ਬੀ ਜੇ ਪੀ ਦਾ ਮੈਂਬਰ ਪਾਰਲੀਮੈਂਟ ਹੈ। ਇਸ ਲਈ ਉਸਦਾ ਉੱਥੇ ਜਾਣਾ ਬਣਦਾ ਸੀ। ਇੱਕ ਬੀ ਜੇ ਪੀ ਦਾ ਆਗੂ ਉਸਨੂੰ ਕਹਿਣ ਲੱਗਿਆ ਕਿ ਤੁਸੀਂ ਕੇਜੀਵਾੜਾ ਵਿੱਖੇ ਕਿਉਂ ਨਹੀਂ ਆਏ ? ਉਹ ਕਹਿਣ ਲੱਗਿਆ "ਮੈਨੂੰ ਚਿਕਨ ਗੁਣੀਆਂ ਹੋ ਗਿਆ ਸੀ ਇਸ ਲਈ ਮੈਂ ਕਾਨਫਰੰਸ ਅਟੈਂਡ ਨਹੀਂ ਕਰ ਸਕਿਆ ਹਾਂ।" ਆਗੂ ਕਹਿਣ ਲੱਗਿਆ "ਤੂੰ ਤਾਂ ਚਿਕਨ ਖਾਂਦਾ ਨਹੀਂ ਤੈਨੂੰ ਚਿਕਨਗੁਣੀਆਂ ਕਿਵੇਂ ਹੋ ਜਾਵੇਗਾ।" ਅਸਲ ਵਿੱਚ ਮੇਰੇ ਦੇਸ਼ ਦੇ ਬਹੁਤੇ ਲੋਕਾਂ ਨੂੰ ਇਹ ਜਾਣਕਾਰੀ ਹੀ ਨਹੀਂ ਕਿ ਚਿਕਨਗੁਣੀਆਂ ਦਾ ਸਬੰਧ ਚਿਕਨ ਨਾਲ ਨਹੀਂ ਹੁੰਦਾ। ਚਿਕਨਗੁਣੀਆਂ ਡੇਂਗੂ ਫੈਲਾਉਣ ਵਾਲੇ ਮੱਛਰਾਂ ਵਿੱਚ ਹੀ ਰਹਿਣ ਵਾਲੇ ਇਕ ਐਂਡੀਜ ਨਾਂ ਦੇ ਵਾਇਰਸ ਨਾਲ ਫੈਲਣ ਵਾਲੀ ਬੀਮਾਰੀ ਹੈ।

**12. ਸਵਾਲ : ਜੰਮੂ ਕਸ਼ਮੀਰ ਦੇ ਇਲਾਕੇ ਲੇਹ ਵਿਚ ਇੱਕ ਅਜਿਹੀ ਸੜਕ ਹੈ ਜਿਸ ਤੇ ਬੰਦ ਕਾਰ ਆਪਣੇ ਆਪ ਚੜ੍ਹਾਈ ਤੇ ਚੜ੍ਹ ਜਾਂਦੀ ਹੈ ? ਅਸੀਂ ਅੱਖੀਂ ਵੇਖਿਆ ਹੈ ਅਜਿਹਾ ਕਿਉਂ ਹੁੰਦਾ ਹੈ ?**

**ਜਵਾਬ** : ਇਹ ਇਕ ਆਮ ਵਰਤਾਰਾ ਹੈ। ਦੁਨੀਆਂ ਦੇ ਬਹੁਤ ਸਾਰੇ ਪਹਾੜੀ ਇਲਾਕਿਆਂ ਵਿੱਚ ਅਜਿਹਾ ਵਾਪਰਦਾ ਹੈ। ਇਹ ਇੱਕ ਵਿਖਾਈ ਦੇਣ ਵਾਲਾ ਮਨੋ ਭਰਮ ਹੈ। ਜਿਵੇਂ ਰੇਗਿਸਤਾਨਾਂ ਵਿੱਚ ਕਈ ਸੜਕਾਂ ਉਪਰ ਦਰਖਤਾਂ ਦੇ ਪਰਛਾਵੇਂ ਪੁੱਠੇ ਵਿਖਾਈ ਦਿੰਦੇ ਹਨ। ਲੋਕਾਂ ਨੂੰ ਪਾਣੀ ਦਾ ਭੁਲੇਖਾ ਪੈ ਜਾਂਦਾ ਹੈ। ਪਰ ਪਾਣੀ ਹੁੰਦਾ ਨਹੀਂ। ਇਸਨੂੰ ਮ੍ਰਿਗਤ੍ਰਿਸ਼ਨਾ ਕਹਿੰਦੇ ਹਨ। ਪਹਾੜਾਂ ਵਿਚ ਵੀ ਕਈ ਸੜਕਾਂ ਦੀ ਸਥਿਤੀ ਅਜਿਹੀ ਹੁੰਦੀ ਹੈ। ਸੜਕ ਤੇ ਚੜ੍ਹਾਈ ਨਜ਼ਰ ਆਉਂਦੀ ਹੈ। ਪਰ ਅਸਲ ਵਿਚ ਇਹ ਨੀਵੀਂ ਹੁੰਦੀ ਹੈ। ਕਿਉਂਕਿ ਇਸੇ ਚੜ੍ਹਾਈ ਦਾ ਜਾਂ ਨਿਵਾਣ ਦਾ ਅੰਦਾਜ਼ਾ ਆਲੇ-ਦੁਆਲੇ ਅਨੁਸਾਰ ਕਰਦੇ ਹਾਂ। ਆਲੇ-ਦੁਆਲੇ ਪਹਾੜਾਂ ਦੀ ਸਥਿਤੀ ਅਜਿਹੀ ਬਣ ਜਾਂਦੀ ਹੈ ਕਿ ਸੜਕ ਨੀਵੀਂ ਹੁੰਦੀ ਹੈ ਤੇ ਕਾਰ ਉਚਾਈ ਤੇ ਚੜ੍ਹਦੀ ਪ੍ਰਤੀਤ ਹੁੰਦੀ ਹੈ। ਅਸੀਂ ਕੁਝ ਸਾਥੀ ਜਿਨ੍ਹਾਂ ਵਿੱਚ ਅਵਤਾਰ ਗਿੱਲ, ਮਲਕੀਤ ਸਵੈਚ ਸ਼ਾਮਿਲ ਸਨ, ਅਜਿਹੀ ਇਕ ਪੜਤਾਲ ਤੇ ਗਏ ਸਾਂ। ਪਾਣੀ ਵੀ ਨਿਵਾਣ ਤੋਂ ਉਚਾਈ ਵੱਲ ਜਾਂਦਾ ਨਜ਼ਰ ਆ ਰਿਹਾ ਸੀ। ਪਰ ਸਾਡਾ ਇਲੈਕਟ੍ਰਾਨਿਕ ਲੇਵਲ ਆਪਣਾ ਮਾਪ ਨਿਵਾਣ ਵੱਲ ਦਿਖਾ ਰਿਹਾ ਸੀ। ਇਹ ਸਰੀ ਦੀ ਘਟਨਾ ਹੈ।

**13. ਸਵਾਲ : ਜੇਕਰ ਕਿਸੇ ਬਾਹਰਲੇ ਗ੍ਰਹਿ ਦੀ ਸੱਭਿਅਤਾ ਨਾਲ ਸਾਡਾ ਸੰਪਰਕ ਹੁੰਦਾ ਹੈ ਤਾਂ ਕੀ ਸਾਡੇ ਧਰਤੀ ਵਾਸੀਆਂ ਨੂੰ ਉਹਨਾਂ ਨਾਲ ਸੰਪਰਕ ਕਰ ਲੈਣਾ ਚਾਹੀਦਾ ਹੈ ?**

**ਜਵਾਬ** : ਜੇ ਸਾਡੇ ਸੂਰਜ ਮੰਡਲ ਦੇ ਨੌਂ ਗ੍ਰਹਿਆਂ ਵਿਚੋਂ ਇਕ ਗ੍ਰਹਿ ਧਰਤੀ ਉਤੇ ਜੀਵਨ ਹੋ ਸਕਦਾ ਹੈ ਤਾਂ ਅਜਿਹੇ ਅਰਬਾਂ ਸੂਰਜ ਮੰਡਲ ਹੋਰ ਹਨ। ਇਹਨਾਂ ਦੇ ਅਰਬਾਂ ਗ੍ਰਹਿਆਂ ਤੇ ਜੀਵਨ ਹੋ ਸਕਦਾ ਹੈ। ਇਸ ਲਈ ਏਲੀਅਨਜ਼ ਦੀ ਹੋਂਦ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪਰ 1492 ਵਿਚ ਕੋਲੰਬਸ ਨੇ ਅਮਰੀਕਾ ਦੀ ਖੋਜ ਕੀਤੀ। ਅੱਜ ਅਮਰੀਕਾ ਦੇ ਮੂਲ ਨਿਵਾਸੀ ਖ਼ਤਮ ਹੋ ਚੁੱਕੇ ਹਨ। ਅਸਟ੍ਰੇਲੀਆ ਦੀ ਖੋਜ ਕੈਪਟਨ ਕੁੱਕ ਨੇ ਕੀਤੀ। ਅੱਜ ਉਥੋਂ ਦੇ ਅਸਲੀ ਵਸਨੀਕਾਂ ਨੂੰ ਐਬੋਰੀਜਨ ਕਹਿੰਦੇ ਹਨ। ਇਹ ਵੀ ਨਾ ਮਾਤਰ ਰਹਿ ਗਏ ਹਨ। ਇਸ ਲਈ ਬਾਹਰਲੇ ਗ੍ਰਹਿਆਂ ਦੇ ਵਸਨੀਕਾਂ ਨਾਲ ਸੰਪਰਕ ਮਹਿੰਗਾ ਵੀ ਪੈ ਸਕਦਾ ਹੈ। ਉਹ ਜਾਂ ਤਾਂ ਸਾਡੀ ਧਰਤੀ ਦੀ ਸੱਭਿਅਤਾ ਨੂੰ ਖਤਮ ਕਰ ਦੇਣਗੇ ਜਾਂ ਅਸੀਂ ਉਹਨਾਂ ਦੀ ਸੱਭਿਅਤਾ ਹੜੱਪ ਕਰ ਜਾਵਾਂਗੇ। ਸਿੱਖਣ-ਸਿਖਾਉਣ ਲਈ ਤਾਂ ਦੋਹਾਂ ਸੱਭਿਅਤਾਵਾਂ ਦਾ ਮੇਲ ਜੋਲ ਲਾਹੇਵੰਦ ਹੋ ਸਕਦਾ ਹੈ। ਇਸ ਲਈ ਸੰਪਰਕ, ਸੰਪਰਕ ਹੀ ਰਹਿਣਾ ਚਾਹੀਦਾ ਹੈ। ਜਾਣ ਆਉਣ ਨਹੀਂ।

**14. ਸਵਾਲ : ਕੀ ਗੁਟਕਾ ਖਾਣ ਨਾਲ ਬਿਜਲੀ ਦਾ ਝਟਕਾ ਲੱਗ ਸਕਦਾ ਹੈ ?**

**ਜਵਾਬ** : ਅਖ਼ਬਾਰ ਵਿੱਚ ਇਕ ਖ਼ਬਰ ਦੀ ਕਟਿੰਗ ਮੇਰੇ ਕੋਲ ਭੇਜੀ ਗਈ ਹੈ। ਜਿਸ ਵਿਚ ਲਿਖਿਆ ਹੈ ਕਿ ਮਾਲੇ ਗਾਉਂ ਦਾ ਇਕ 21 ਸਾਲਾ ਨੌਜਵਾਨ ਮੁਹੰਮਦ ਜਾਸੀਨ ਆਪਣੇ ਭਰਾ ਨੂੰ ਮਿਲਣ ਗਿਆ। ਉਸਦੇ ਭਰਾ ਦਾ ਘਰ ਪਹਿਲੀ ਮੰਜ਼ਿਲ ਤੇ ਸੀ। ਉਸਨੇ ਖਾਣ ਵਾਲਾ ਗੁਟਕਾ ਮੂੰਹ ਰਾਹੀਂ ਸੁੱਟਣ ਲਈ ਖਿੜਕੀ ਖੋਲ੍ਹੀ। ਉਸਦੇ ਕਰੰਟ ਲੱਗਿਆ। ਜਿਸ ਨਾਲ ਉਸਦੀ ਮੌਤ ਹੋ ਗਈ। ਇਸ ਖ਼ਬਰ ਦੀ ਜਾਣਕਾਰੀ ਅਧੂਰੀ ਹੈ। ਜ਼ਰੂਰ ਹੀ ਖਿੜਕੀ ਦੇ ਕੋਲ ਦੀ ਹਾਈਵੋਲਟੇਜ ਦੀਆਂ ਤਾਰਾਂ ਲੰਘਦੀਆਂ ਹੋਣਗੀਆਂ। ਮੂੰਹ ਵਿੱਚੋਂ ਥੁੱਕ ਸੁੱਟਣ ਸਮੇਂ ਜਾਂ ਉਲਟੀ ਕਰਨ ਸਮੇਂ ਉਸਦਾ ਸੰਪਰਕ ਬਿਜਲੀ ਦੀਆਂ ਤਾਰਾਂ ਨਾਲ ਹੋ ਗਿਆ ਹੋਵੇਗਾ। ਜਿਸ ਨਾਲ ਮੌਤ ਸੰਭਵ ਹੀ ਹੈ।

# ਕੀ ਅਕਾਲੀ ਭਾਜਪਾ ਪਾਰਟੀ ਰਾਜ ਕਰਨ ਦੇ ਯੋਗ ਹੈ ?

1. ਅੱਜ ਪੰਜਾਬ ਵਿੱਚ ਇੱਕ ਵੀ ਪੁਲੀਸ ਅਧਿਕਾਰੀ ਅਜਿਹਾ ਹੈ ਜਿਹੜਾ ਆਪਣੀ ਮਰਜੀ ਨਾਲ ਐਫ. ਆਈ. ਆਰ. ਦਰਜ ਜਾਂ ਖਾਰਜ ਕਰ ਸਕਦਾ ਹੋਵੇ?

2. ਕੀ ਅਜਿਹਾ ਇੱਕ ਵੀ ਪੁਲੀਸ ਅਧਿਕਾਰੀ ਹੈ ਜਿੱਥੇ ਦਲਿਤਾਂ ਤੇ ਗਰੀਬਾਂ ਨਾਲ ਇਨਸਾਫ਼ ਕੀਤਾ ਜਾਂਦਾ ਹੋਵੇ?

3. ਕੀ ਪੰਜਾਬ ਵਿੱਚ ਅਜਿਹੀ ਇੱਕ ਵੀ ਤਹਿਸੀਲ ਹੈ ਜਿੱਥੇ ਬਗੈਰ ਰਿਸ਼ਵਤ ਤੋਂ ਕੰਮ ਹੁੰਦਾ ਹੋਵੇ?

4. ਕੀ ਹੱਕੀ ਪਲਾਟਾਂ ਦੀ ਮੰਗ ਕਰ ਰਹੇ ਗਰੀਬ ਦਲਿਤ ਮਜ਼ਦੂਰਾਂ ਅਤੇ ਉਨ੍ਹਾਂ ਦੇ ਆਗੂਆਂ, ਜਾਂ ਸਿਆਸੀ ਵਿਰੋਧੀ ਆਮ ਆਦਮੀ ਪਾਰਟੀ, ਦੇ ਮੈਂਬਰਾਂ ਉਪਰ ਝੂਠੇ ਕੇਸ ਦਰਜ਼ ਨਹੀਂ ਕੀਤੇ ਜਾ ਰਹੇ? ਕੀ ਅਕਾਲੀ ਪਾਰਟੀ ਜਾਂ ਭਾਜਪਾ ਦੇ ਕਸੂਰਵਾਰ ਆਗੂਆਂ ਨੂੰ ਬਖਸ਼ਿਆ ਨਹੀਂ ਜਾ ਰਿਹਾ ਹੈ।

5. ਕੀ ਬਾਦਲ ਸਾਹਿਬ ਨੇ ਆਪਣੇ ਸਪੁੱਤਰ, ਨੂੰਹ, ਪੁੱਤਰ ਦੇ ਸਾਲੇ ਅਤੇ ਆਪਣੇ ਜੁਆਈ ਨੂੰ ਵਜੀਰੀਆ ਨਹੀਂ ਦਿੱਤੀਆਂ ਹੋਈਆਂ ਹਨ?

6. ਕੀ ਅੱਜ ਪੰਜਾਬ ਸਰਕਾਰ ਆਪਣੇ ਪ੍ਰਭਾਵ ਰਾਹੀਂ ਫਾਸਟ ਵੇਅ ਕੇਬਲ ਨੈੱਟ ਵਰਕ ਤੇ ਕਬਜ਼ਾ ਕਰਕੇ ਬਾਕੀ ਦੂਸਰੇ ਚੈਨਲਾਂ ਦੀਆਂ ਆਜ਼ਾਦ ਖਬਰਾਂ ਨੂੰ ਰੋਕਿਆ ਹੋਇਆ ਨਹੀਂ?

7. ਕੀ ਪੰਜਾਬ ਸਰਕਾਰ ਪੰਜਾਬ ਵਿਚੋਂ ਪ੍ਰਕਾਸ਼ਤ ਹੁੰਦੇ ਅਖ਼ਬਾਰਾਂ ਤੇ ਆਪਣੇ ਪ੍ਰਭਾਵ ਰਾਹੀਂ ਖ਼ਬਰਾਂ ਰੋਕਣ ਦਾ ਯਤਨ ਨਹੀਂ ਕਰਦੀ?

8. ਕੀ ਪੰਜਾਬ ਸਰਕਾਰ ਕਦੇ ਡੇਰਿਆਂ ਦੇ ਵਿਰੁੱਧ ਅਤੇ ਕਦੇ ਹੱਕ ਵਿੱਚ ਸ਼੍ਰੋਮਣੀ ਕਮੇਟੀ ਦਾ ਇਸਤੇਮਾਲ ਕਰਕੇ ਲੋਕਾਂ ਨੂੰ ਗੁੰਮਰਾਹ ਕਰਨ ਦਾ ਯਤਨ ਨਹੀਂ ਕਰ ਰਹੀ ਹੈ?

9. ਕੀ ਪੰਜਾਬ ਸਰਕਾਰ ਨੇ ਲੋਕਾਂ ਦੀ ਸੋਚ ਵਿਗਿਆਨਕ ਬਣਾਉਣ ਲਈ ਕੋਈ ਯਤਨ ਕੀਤਾ ਹੈ? ਜਾਂ ਅਜਿਹੇ ਯਤਨ ਕਾਫੀ ਸਨ?

10. ਕੀ ਪੰਜਾਬ ਸਰਕਾਰ ਨੇ ਜੋਤਸ਼ੀ, ਕਾਲੇ ਇਲਮ ਵਾਲਿਆਂ ਅਤੇ ਪਾਖੰਡੀ ਸਾਧਾਂ ਸੰਤਾਂ ਨੂੰ ਰੋਕਣ ਦਾ ਕੋਈ ਯਤਨ ਕੀਤਾ?

11. ਕੀ ਪੰਜਾਬ ਸਰਕਾਰ ਨੇ ਚਿੱਟੇ ਦਾ ਨਸ਼ਾ ਰੋਕਣ ਵਿੱਚ ਕੋਈ ਸਫਲਤਾ ਪ੍ਰਾਪਤ ਕੀਤੀ?

12. ਕੀ ਪੰਜਾਬ ਸਰਕਾਰ ਨੇ ਨਰਮੇ ਦੀ ਸੁੰਡੀ ਮਾਰਨ ਲਈ ਕਿਸਾਨੀ ਨੂੰ ਨਕਲੀ ਦਵਾਈ ਦੀ ਸਪਲਾਈ ਨਹੀਂ ਕੀਤੀ?

13. ਕੀ ਪੰਜਾਬ ਸਰਕਾਰ ਨੇ ਹੱਕ ਮੰਗਦੇ ਅਧਿਆਪਕਾਂ, ਬੇਰੁਜ਼ਗਾਰਾਂ ਆਂਗਨਵਾੜੀ ਵਰਕਰਾਂ ਨੂੰ ਲਾਠੀਆਂ ਨਾਲ ਨਹੀਂ ਨਿਵਾਜਿਆ?

14. ਕੀ ਪੰਜਾਬ ਸਰਕਾਰ ਨੇ ਆਪਣੇ ਸਤਾ ਤੇ ਕਾਬਜੀ ਨੂੰ ਆਪਣੇ ਵਿਉਪਾਰ ਨੂੰ ਵਧਾਉਣ ਲਈ ਇਸਤੇਮਾਲ ਨਹੀਂ ਕੀਤਾ ਹੈ?

15 ਕੀ ਬਾਦਲ ਸਾਹਿਬ ਨੇ ਵਿਦੇਸ਼ਾਂ ਵਿੱਚ ਆਪਣੀ ਜਾਇਦਾਦ ਨਹੀਂ ਬਣਾਈ?

## 68 ਵਰ੍ਹਿਆਂ ਦੀ ਕਾਂਗਰਸ ਦੀ ਦੇਣ-ਗਰੀਬੀ

1. ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ 1984 ਵਿੱਚ ਦਿੱਲੀ ਤੇ ਭਾਰਤ ਦੇ ਹੋਰ ਭਾਗਾਂ ਵਿੱਚ 3000 ਬੇਕਸੂਰ ਵਿਅਕਤੀ ਕਤਲ ਨਹੀਂ ਕਰਵਾਏ ਗਏ ਸੀ। ਕੀ ਇਸਦੀ ਕਸੂਰਵਾਰ ਕਾਂਗਰਸ ਨਹੀਂ ਹੈ?

2. ਗਰੀਬਾਂ ਤੇ ਅਮੀਰਾਂ ਵਿੱਚ ਪਏ ਵੱਡੇ ਖੱਪੇ ਦੀ ਜ਼ਿੰਮੇਵਾਰ ਕਾਂਗਰਸ ਨਹੀਂ ਹੈ?

3. ਕੀ 1947, 1962, 1965, 1971 ਅਤੇ 1999 ਦੀਆਂ ਲੜਾਈਆਂ ਦੀ ਜ਼ਿੰਮੇਵਾਰ ਕਾਂਗਰਸ ਨਹੀਂ ਹੈ?

4. ਭਾਰਤ ਆਪਣੀ ਜਨਸੰਖਿਆ ਤੇ ਕਾਬੂ ਪਾਉਣ ਵਿੱਚ ਨਾਕਾਮ ਰਿਹਾ ਹੈ ਕੀ ਇਸਦੀ ਦੋਸ਼ੀ ਕਾਂਗਰਸ ਨਹੀਂ ਹੈ?

5. ਅੱਜ ਭਾਰਤ ਵਿੱਚ ਕਰੋੜਾਂ ਹੱਥ ਬੇਰੁਜ਼ਗਾਰ ਹਨ ਕੀ ਇਹਨਾਂ ਨੂੰ ਰੁਜਗਾਰ ਦੇਣ ਦਿਵਾਉਣ ਵਿਚ ਨਾਕਾਮੀ ਕਾਂਗਰਸ ਜ਼ਿੰਮੇ ਨਹੀਂ ਜਾਂਦੀ?

6. ਅੱਜ ਭਾਰਤ ਦੇ ਕਰੋੜਾਂ ਲੋਕ ਅਨਪੜ੍ਹਾਂ ਦੀ ਸ਼੍ਰੇਣੀ ਵਿੱਚ ਸ਼ਾਮਲ ਹਨ ਅਤੇ ਇਸ ਤਰ੍ਹਾਂ ਸਾਡਾ ਭਾਰਤ ਦੁਨੀਆਂ ਵਿੱਚ ਸਭ ਤੋਂ ਵੱਧ ਅਨਪੜ੍ਹਾਂ ਵਾਲਾ ਦੇਸ਼ ਹੈ। ਕੀ ਇਸਦਾ ਕਸੂਰ ਕਾਂਗਰਸ ਉਪਰ ਨਹੀਂ ਆਉਂਦਾ।

7. ਅੱਜ ਭਾਰਤ ਦਾ ਹਰੇਕ ਚੌਥਾ ਵਸਨੀਕ ਭੁੱਖਮਰੀ ਦਾ ਸ਼ਿਕਾਰ ਹੈ ਕੀ ਇਸਦੀ ਜ਼ੁੰਮੇਵਾਰ ਕਾਂਗਰਸ ਨਹੀਂ ਹੈ?

8. ਅੱਜ ਅਸੀਂ ਇੱਕ ਅਰਬ ਵੀਹ ਕਰੋੜ ਲੋਕ ਹਾਂ। ਉਲੰਪਿਕ ਖੇਡਾਂ ਵਿੱਚ ਸਾਡੀ ਘਟੀਆ ਕਾਰਗੁਜਾਰੀ ਦੀ ਜ਼ੁੰਮੇਵਾਰੀ ਕਾਂਗਰਸ ਦੀ ਨਹੀਂ ਹੈ?

9. ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਔਸਤ ਉਮਰ 85 ਤੋਂ ਉੱਪਰ ਚੱਲ ਰਹੀ ਹੈ। ਸਾਡੀ ਔਸਤ ਉਮਰ 64 ਸਾਲ ਹੈ। ਇਸ ਤਰ੍ਹਾਂ ਸਾਡੇ 21 ਸਾਲ ਘੱਟ ਜਿਉਂਦੇ ਰਹਿਣ ਲਈ ਕਾਂਗਰਸ ਜ਼ਿੰਮੇਵਾਰ ਨਹੀਂ ਹੈ?

10. ਨਸ਼ਿਆਂ ਤੇ ਦੁਰਘਟਨਾਵਾਂ ਵਿੱਚ ਦੁਨੀਆਂ ਚ ਸਾਡਾ ਪਹਿਲਾ ਨੰਬਰ ਹੈ ਕੀ ਇਸਦੇ ਜ਼ਿੰਮੇਵਾਰ ਕਾਂਗਰਸ ਨਹੀਂ ਹੈ।

11. ਕਾਲੇ ਇਲਮ ਦੇ ਮਾਹਰ ਅਤੇ ਹੋਰ ਗੈਰਵਿਗਿਆਨਕ ਸੋਚ ਦਾ ਪ੍ਰਚਾਰ ਪਸਾਰ ਸਾਡੇ ਅਖ਼ਬਾਰਾਂ ਤੇ ਟੈਲੀਵਿਜ਼ਨ ਚੈਨਲ ਅੱਜ ਤੱਕ ਜੋਰਾਂ ਤੇ ਹੈ ਕੀ ਇਸਦੀ ਜ਼ਿੰਮੇਵਾਰ ਕਾਂਗਰਸ ਨਹੀਂ ਹੈ?

12 . ਕੀ ਰਿਸ਼ਵਤਖੋਰੀ ਰਾਹੀਂ ਦੇਸ਼ ਦੇ ਲੋਕਾਂ ਨੂੰ ਕੰਗਾਲ ਕਰਨ ਦੀ ਜ਼ਿੰਮੇਵਾਰ ਕਾਂਗਰਸ ਨਹੀਂ?

13. ਕੀ ਇਲੈਕਸ਼ਨਾਂ ਵਿੱਚ ਪੈਸੇ ਵੰਡਣੇ, ਦਾਰੂ ਵੰਡਣੀ ਕਾਂਗਰਸ ਨੇ ਨਹੀਂ ਸਿਖਾਈ ਸੀ?

ਜੇ ਭਾਜਪਾ, ਅਕਾਲੀਆਂ ਜਾਂ ਕਾਂਗਰਸ ਇਹਨਾਂ ਵਿਚੋਂ ਬਹੁਤੇ ਸੁਆਲਾਂ ਦੇ ਤਸੱਲੀ ਬਖ਼ਸ਼ ਜੁਆਬ ਨਹੀਂ ਦੇ ਸਕਦੇ ਤਾਂ ਕੀ ਇਹਨਾਂ ਲੋਕਾਂ ਨੂੰ ਵੋਟਾਂ ਰਾਹੀਂ ਮੁੜ ਸਤਾ ਵਿੱਚ ਲਿਆਉਣ ਲਈ ਸਾਡੇ ਲੋਕ ਖੁਦ ਜ਼ਿੰਮੇਵਾਰ ਨਹੀਂ ਹੋਣਗੇ। ਇਹ ਪਾਰਟੀਆਂ ਇੱਕੋ ਹਨ ਅਤੇ ਜਾਣ ਬੁੱਝ ਕੇ ਦੋਸ਼ ਇੱਕ ਦੂਜੇ ਨੂੰ ਦੇ ਕੇ ਆਪਣੇ ਆਪ ਨੂੰ ਬਰੀ ਕਰਵਾ ਜਾਂਦੀਆਂ ਹਨ। ਜ਼ਿਆਦਾ ਕਿਸਮ ਦੀ ਦੁਰਦਸ਼ਾਂ ਲਈ ਰਾਜ ਕਰ ਰਹੀਆਂ ਸਰਕਾਰਾਂ ਜ਼ਿੰਮੇਵਾਰ ਹੁੰਦੀਆਂ ਹਨ। ਪਰ ਲੋਕਾਂ ਨੂੰ ਕਿਸਮਤਾਂ ਅਤੇ ਕਰਮ ਫ਼ਲ ਦੇ ਚੱਕਰਾਂ ਵਿੱਚ ਆਪਣੀਆਂ ਅਸਫ਼ਲਤਾਵਾਂ ਛਪਾਉਣ ਲਈ ਹੀ ਫਸਾਇਆ ਜਾਂਦਾ ਹੈ। ਸੋ ਇਹਨਾਂ ਦਾ ਖਾਸਾ ਇਕੋ ਹੀ ਹੈ। ਸੋ ਲੋਕਾਂ ਨੂੰ ਇਹਨਾਂ ਨੂੰ ਹਰਾਉਣਾ ਹੀ ਚਾਹੀਦਾ ਹੈ।

-ਮੇਘ ਰਾਜ ਮਿੱਤਰ

# ਮਹੱਤਵਪੂਰਣ ਕਿਤਾਬਾਂ ਜੋ ਤੁਹਾਡੇ ਜੀ



## ਵਨ ਨੂੰ ਨਵੀਂ ਸੇਧ ਦੇ ਸਕਦੀਆਂ ਹਨ







# ਤਰਕਭਾਰਤੀ ਪ੍ਰਕਾਸ਼ਨ

ਪੁਰਾਣੀ ਸਬਜ਼ੀ ਮੰਡੀ,
ਕੱਚਾ ਕਾਲਜ ਰੋਡ,
ਬਰਨਾਲਾ-148101

ਹੁਣ ਤੁਸੀਂ ਕੋਈ ਵੀ ਪੁਸਤਕ ਫ਼ੋਨ ਕਰਕੇ ਡਾਕ ਰਾਹੀਂ ਵੀ ਮੰਗਵਾ ਸਕਦੇ ਹੋ, ਸਾਡਾ ਫ਼ੋਨ ਨੰਬਰ ਹੈ
ਮੋ. 78377 18723 ਜਾਂ 01679-241744

# ਵਿਗਿਆਨਕ ਖ਼ਬਰਾਂ



### 1. ਕੁਦਰਤ ਦੇ ਪੰਜਵੇਂ ਬਲ ਦਾ ਪਤਾ ਲੱਗਣ ਦੀ ਸੰਭਾਵਨਾ ਬਣੀ

ਕੁਦਰਤ ਆਪਣੇ ਨਿਯਮਾਂ ਅਨੁਸਾਰ ਬਨਦੀ ਰਹਿੰਦੀ ਹੈ ਤੇ ਇਸਦਾ ਵਿਕਾਸ ਤੇ ਵਿਨਾਸ਼ ਹੁੰਦਾ ਰਹਿੰਦਾ ਹੈ। ਜੋ ਹੁਣ ਤੱਕ ਗਿਆਤ ਕੀਤੇ ਜਾ ਚੁੱਕੇ ਹਨ ਉਹ ਚਾਰ ਨਿਯਮ ਹਨ

1. ਗੁਰਤਵਾ ਅਕਾਰਸ਼ਣ
2. ਬਿਜਲੀ ਚੁੰਬਕੀ ਤਰੰਗਾਂ ਦਾ ਬਲ
3. ਤਾਕਤਵਰ ਨਿਊਕਲੀ ਬਲ
4. ਕਮਜੋਰ ਨਿਊਕਲੀ ਬਲ

ਕੈਲੋਫੋਰਨੀਆ ਯੂਨੀਵਰਸਿਟੀ ਦੇ ਪ੍ਰੋਫੈਸਰ ਜੌਤਨ ਹੈਨ ਫੈਂਗ ਨੇ ਕਿਹਾ ਹੈ ਕਿ ਬ੍ਰਹਿਮੰਡ ਦਾ 85% ਹਿੱਸਾ ਅਜਿਹੇ ਪ੍ਰਦਾਰਥਾਂ ਦਾ ਬਣਿਆ ਹੈ ਜਿਸਨੂੰ ਡਾਰਕ ਮੈਟਰ ਕਿਹਾ ਜਾਂਦਾ ਹੈ। ਇਹ ਕਣ, ਐਕਸ ਬੋਸੋਨ ਹੋ ਸਕਦਾ ਹੈ। ਬਿਜਲੀ ਚੁਬੰਕੀ ਬਲ ਇਲੈਕਟਰਾਨਾਂ ਤੇ ਪ੍ਰੋਟਾਨਾਂ ਤੇ ਤਾਂ ਪ੍ਰਭਾਵ ਪਾਉਂਦਾ ਹੈ ਇਹ ਪੰਜਵਾਂ ਬਲ ਐਕਸ ਬੋਸੋਨ ਇਲੈਕਟ੍ਰਾਨਾਂ ਤੇ ਨਿਊਟਰਾਨਾਂ ਨੂੰ ਵੀ ਪ੍ਰਭਾਵਤ ਕਰੇਗਾ।

### 2. ਲੂਸੀ

ਖਿਆਲ ਕੀਤਾ ਜਾਂਦਾ ਹੈ ਕਿ ਮਨੁੱਖ ਅਤੇ ਬਾਂਦਰਾਂ ਦੀ ਸਾਂਝੀ ਰਿਸ਼ਤੇਦਾਰ ਲੂਸੀ ਦੀ ਮੌਤ ਦਰਖਤ ਤੋਂ ਉਲਟਾ ਹੋ ਕੇ ਡਿੱਗਣ ਕਾਰਨ ਹੋਈ ਸੀ। ਵਿਗਿਆਨਕਾਂ ਨੇ ਲੂਸੀ ਦੀ ਬਾਂਹ ਦੀਆਂ ਹੱਡੀਆਂ ਟੁੱਟਣ ਦੀ ਪਹੇਲੀ ਨੂੰ ਸੁਲਝਾ ਲਿਆ ਹੈ। ਉਹਨਾਂ ਦਾ ਕਹਿਣਾ ਹੈ ਕਿ ਲੂਸੀ ਦੀ ਮੌਤ 32 ਲੱਖ ਸਾਲ ਪਹਿਲਾਂ 40 ਫੁੱਟ ਉੱਚੇ ਦਰਖਤ ਤੋਂ ਉਲਟੀ ਹਾਲਤ ਵਿੱਚ ਡਿੱਗਣ ਕਾਰਨ ਹੋਈ ਸੀ।



### 3. ਨਵਾਂ ਗ੍ਰਹਿ

ਹੁਣ ਤੱਕ ਗਿਆਤ ਕੀਤਾ ਗਿਆ ਗ੍ਰਹਿ ਜਿਸ ਤੇ ਜੀਵਨ ਦੀ ਸੰਭਾਵਨਾ ਹੋ ਸਕਦੀ ਹੈ ਉਹ 1400 ਪ੍ਰਕਾਸ਼ ਵਰ੍ਹੇ ਦੂਰ ਮੰਨਿਆ ਜਾਂਦਾ ਸੀ ਪਰ ਹੁਣ ਜੋ ਗ੍ਰਹਿ ਬਣਿਆ ਹੈ, 4.24 ਪ੍ਰਕਾਸ਼ ਵਰ੍ਹੇ ਦੂਰ ਹੈ। ਇਸ ਦਾ ਨਾਂ ਅਜੇ ਰੱਖਣਾ ਹੈ। ਇਸ ਤੇ ਜੀਵਨ ਦੀ ਸੰਭਾਵਨਾ ਹੋ ਸਕਦੀ ਹੈ। ਇਹ ਤਾਰਾ ਅਲਫਾ ਸੈਚੁਰੀ ਜਿਸ ਵਿੱਚ ਸਾਡਾ ਸੂਰਜ ਹੈ, ਦੇ ਵਿੱਚ ਹੀ ਹੋ ਸਕਦਾ ਹੈ। ਇਸ ਤੇ ਪਾਣੀ ਦੀ ਸੰਭਾਵਨਾ ਹੈ।

### 4. ਕੀ ਏਲੀਅਨਜ ਦੀ ਹੋਂਦ ਦੇ ਸਬੂਤ ਪ੍ਰਾਪਤ ਹੋਏ ਹਨ

ਧਰਤੀ ਤੋਂ 95 ਪ੍ਰਕਾਸ਼ ਵਰ੍ਹੇ ਦੂਰ ਇੱਕ ਗਲੈਕਸੀ ਹਰਕੁਲੀਸ ਦੇ ਇੱਕ ਤਾਰਾ ਦੇ ਗ੍ਰਹਿ ਤੋਂ ਕੁਝ ਸਿਗਲ ਪ੍ਰਾਪਤ ਹੋਏ ਹਨ। ਇਹ ਤਾਰਾ ਐਚ ਡੀ 164595 ਹੈ ਤੇ ਇਸ ਦੇ ਨੈਪਚੂਨ ਦੇ ਆਕਾਰ ਦੇ ਗ੍ਰਹਿ ਦਾ ਨਾਂ ਐਚ ਡੀ 164595ਬੀ ਹੈ। ਇਹ ਗ੍ਰਹਿ ਆਪਣੇ ਤਾਰੇ ਦੁਆਲੇ 40 ਵਰ੍ਹਿਆਂ ਵਿੱਚ ਇੱਕ ਚੱਕਰ ਲਾਉਂਦਾ ਹੈ। ਪਾਲ ਗਲਿਮਟਰ ਵਿਗਿਆਨਕ ਕਲਪਨਾਵਾਂ ਦਾ ਇੱਕ ਸਾਹਿਤਕਾਰ ਹੈ। ਉਸਨੇ ਮਈ ਵਿੱਚ ਇਸਦੀ ਘੋਸ਼ਣਾ ਕੀਤੀ ਸੀ। ਹੁਣ ਇਟਲੀ ਦੀ ਤੁਰੀਨੋ ਯੂਨੀਵਰਸਿਟੀ ਦੇ ਇੱਕ ਵਿਗਿਆਨਕ ਕਲਾਡੀਓ ਮੈਕੋਨ ਨੇ ਕਿਹਾ ਉਸਨੂੰ ਇਸ ਗੱਲ ਦੀ ਜਾਣਕਾਰੀ ਰੂਸੀ ਰਤਨ -600 ਦੂਰਬੀਨ ਦੇ ਦੋ ਵਿਗਿਆਨਕਾਂ ਨੇ ਦਿੱਤੀ ਹੈ। ਉਹਨਾਂ ਨੇ ਜੋ ਸਿਗਨਲ ਪ੍ਰਾਪਤ ਕੀਤੇ ਹਨ ਉਹ ਬਹੁਤ ਹੀ ਸਭਿਅਕ ਸਭਿਅਤਾ ਤੋਂ ਪ੍ਰਾਪਤ ਹੋਏ ਸਿਗਨਲ ਹਨ। ਪਹਿਲਾਂ ਵੀ 1977 ਵਿਚ ਵੋਵ ਨਾਂ ਦੇ ਸਿਗਨਲ ਪ੍ਰਾਪਤ ਹੋਏ ਸਨ। ਪਰ ਬਾਅਦ ਵਿਗਿਆਨਕਾਂ ਨੇ ਪੁਸ਼ਟੀ ਕੀਤੀ ਹੈ ਕਿ ਇਹ ਸਿਗਲਨ ਕਿਸੇ ਦੂਰ ਦੇ ਤਾਰੇ ਦੇ ਗ੍ਰਹਿ ਦਾ ਨਹੀਂ ਸੀ ਸਗੋਂ ਇਹ ਧਰਤੀ ਤੋਂ ਹੀ ਆਇਆ ਸਿਗਨਲ ਹੈ। ਜੋ ਕਿਸੇ ਕਾਰਨ ਗਲਤੀ ਨਾਲ ਦੂਰ ਦੇ ਤਾਰੇ ਦੇ ਗ੍ਰਹਿ ਦਾ ਸਮਝ ਲਿਆ ਗਿਆ ਸੀ।

### 5. ਅਲਜਾਈਮਰ ਦਾ ਇਲਾਜ ਮਿਲਿਆ

ਪਾਰਕਸਨਜ ਤੇ ਅਲਜਾਈਮਰ ਬੁਢਾਪੇ ਦੀਆਂ ਅਜਿਹੀਆਂ ਦੋ ਬਿਮਾਰੀਆਂ ਹਨ ਜਿਹਨਾਂ ਵਿੱਚ ਹੱਥ ਪੈਰ ਕੰਬਣ ਲੱਗ ਜਾਂਦੇ ਹਨ ਤੇ ਬੰਦਾ ਯਾਦਦਾਸ਼ਤ ਭੁਲਣਾ ਸ਼ੁਰੂ ਕਰ ਦਿੰਦਾ ਹੈ। ਅਲਜਾਈਮਰ ਦੇ ਉਪਰ ਹੋ ਰਹੀ ਖੋਜ ਪੜਤਾਲ ਵਿੱਚ ਕਾਫੀ ਤਰੱਕੀ ਹੋਈ ਹੈ। ਹੁਣ ਖੋਜੀ ਇਹ ਜਾਣਦੇ ਹਨ ਕਿ ਅਲਜਾਈਮਰ ਦੇ ਸੈੱਲਾਂ ਨੂੰ ਦਿਮਾਗ ਵਿੱਚ ਕਿਵੇਂ ਖਤਮ ਕੀਤਾ ਜਾ ਸਕਦਾ ਹੈ। ਖੋਜੀਆਂ ਨੇ 100 ਸਾਲ ਤੋਂ ਵੱਧ ਉਮਰ ਦੇ ਤੰਦਰੁਸਤ ਰੋਗੀਆਂ ਦੇ ਪ੍ਰਤੀ ਰੱਖਿਅਕ ਸੈੱਲਾਂ ਨੂੰ ਲੈ ਕੇ ਅਲਜਾਈਮਰ ਦੇ ਰੋਗੀਆਂ ਵਿੱਚ ਪਾ ਦਿੱਤੇ ਜਿਸ ਨਾਲ ਸਾਲ ਭਰ ਵਿੱਚ ਇਹਨਾਂ ਤੰਦਰੁਸਤ ਸੈੱਲਾਂ ਨੇ ਬੀਮਾਰੀ ਨਾਲ ਗ੍ਰਸਤ ਸੈੱਲਾਂ ਦਾ ਸਫਾਇਆ ਕਰ ਦਿੱਤਾ। ਵਿਗਿਆਨਕਾਂ ਨੂੰ ਉਮੀਦ ਹੈ ਕਿ ਉਹ 2020 ਤੱਕ ਇਸ ਬੀਮਾਰੀ ਤੇ ਕਾਬੂ ਪਾਉਣ ਵਿੱਚ ਸਫਲ ਹੋ ਜਾਣਗੇ।

### 6. ਧਰਤੀ ਤੇ ਜੀਵਨ ਦੀ ਸ਼ੁਰੂਆਤ ਤਿੰਨ ਅਰਬ ਸੱਤਰ ਕਰੋੜ ਵਰ੍ਹੇ ਪਹਿਲਾਂ ਹੋਈ ਸੀ

ਪਹਿਲਾਂ ਮਿਲੀਆਂ ਚਟਾਨਾਂ ਤੇ ਅਜਿਹੇ ਸਬੂਤ ਮਿਲੇ ਸਨ ਜਿਹੜੇ ਇਹ ਸਿੱਧ ਕਰਦੇ ਸਨ ਕਿ ਧਰਤੀ ਤੇ ਇੱਕ ਸੈੱਲੇ ਜੀਵਾਂ ਦੀ ਸ਼ੁਰੂਆਤ ਤਿੰਨ ਅਰਬ ਪੰਜਾਹ ਕਰੋੜ ਵਰ੍ਹੇ ਪਹਿਲਾਂ ਹੋਈ ਸੀ। ਹੁਣ ਆਸਟ੍ਰੇਲੀਆ ਵਿੱਚ ਆਸਟ੍ਰੇਲੀਅਨ ਵਿਗਿਆਨਕਾਂ ਨੂੰ ਅਜਿਹੀਆਂ ਚਟਾਨਾਂ ਮਿਲੀਆਂ ਹਨ ਜਿਹੜੀਆਂ ਤਿੰਨ ਅਰਬ ਸੱਤਰ ਕਰੋੜ ਵਰ੍ਹੇ ਪੁਰਾਣੀਆਂ ਹਨ ਇਹਨਾਂ ਉੱਪਰ ਇੱਕ ਸੈੱਲੇ ਜੀਵਾਂ ਦੇ ਨਿਸ਼ਾਨ ਹਨ। ਇਸ ਤੋਂ ਵਿਗਿਆਨਕਾਂ ਦੀ ਇਹ ਧਾਰਨਾ ਕਿ ਧਰਤੀ ਤੇ ਇੱਕ ਸੈੱਲੇ ਜੀਵ ਤਿੰਨ ਅਰਬ ਪੰਜਾਹ ਕਰੋੜ ਵਰ੍ਹੇ ਪਹਿਲਾਂ ਸਨ ਦੀ ਤਰਦੀਦ ਹੋ ਗਈ ਹੈ। ਹੁਣ ਇਹ ਗੱਲ ਸਾਫ ਹੋ ਗਈ ਕਿ ਧਰਤੀ ਤੇ ਜੀਵਨ ਦੀ ਸ਼ੁਰੂਆਤ ਤਿੰਨ ਅਰਬ ਸੱਤਰ ਕਰੋੜ ਵਰ੍ਹੇ ਪਹਿਲਾਂ ਹੋਈ ਸੀ।

### 7. ਹੇਠਾਂ ਡਿਗਿਆ ਭੋਜਨ ਕਦੇ ਨਾ ਖਾਓ

ਨਵੀਆਂ ਵਿਗਿਆਨਕ ਖੋਜਾਂ ਨੇ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ ਹੈ ਕਿ ਹੇਠਾਂ ਡਿਗਿਆ ਭੋਜਨ ਭਾਵੇਂ ਪੰਜ ਸੈਕਿੰਡ ਵਿਚ ਚੁੱਕ ਕੇ ਖਾ ਲਿਆ ਗਿਆ ਹੈ ਤਾਂ ਇਹ ਵੀ ਦੂਸ਼ਿਤ ਭੋਜਨ ਰਾਹੀਂ ਹੋਣ ਵਾਲੀ ਬੀਮਾਰੀ ਦਾ ਕਾਰਨ ਬਣ ਸਕਦਾ ਹੈ। ਭੋਜਨ ਨੂੰ ਦੂਸ਼ਿਤ ਕਰਨ ਵਾਲੇ 32 ਕਾਰਨਾਂ ਵਿਚੋਂ ਇਹ ਛੇਵੇਂ ਨੰਬਰ ਦਾ ਕਾਰਨ ਹੈ। ਪਹਿਲਾਂ ਇਹ ਖਿਆਲ ਕੀਤਾ ਜਾਂਦਾ ਸੀ ਕਿ ਜੇ ਹੇਠਾਂ ਡਿੱਗੀ ਚੀਜ ਤੁਰੰਤ ਉਠਾ ਕੇ ਖਾ ਲਈ ਜਾਵੇ ਤਾਂ ਇਹ ਬੀਮਾਰੀ ਦਾ ਕਾਰਨ ਨਹੀਂ ਬਣਦੀ। ਅਸਲ ਵਿੱਚ ਇਹ ਗੱਲ ਭੋਜਨ ਦੀ ਬਰਬਾਦੀ ਨਾ ਕਰਨ ਦੀ ਪ੍ਰਿਤ ਦੀ ਉਪਜ ਸੀ। ਬੀਮਾਰੀ ਦੀ ਹਾਲਤ ਵਿੱਚ ਹਰੇਕ ਵਿਅਕਤੀ ਸੋਚਦਾ ਹੈ ਕਿ ਮੈਂ ਅਜਿਹਾ ਕੀ ਖਾਧਾ ਸੀ ਜਿਸ ਨਾਲ ਮੈਂ ਬੀਮਾਰ ਹੋਇਆ ਹਾਂ। ਕਈ ਵਿਅਕਤੀ ਇਹ ਵੀ ਕਹਿਣਾ ਸ਼ੁਰੂ ਕਰ ਦਿੰਦੇ ਹਨ ਕਿ ਮੈਂ ਤਾਂ ਬਹੁਤ ਵਾਰ ਅਜਿਹਾ ਕੀਤਾ ਹੈ ਪਰ ਮੈਂ ਕਦੇ ਬੀਮਾਰ ਨਹੀਂ ਹੋਇਆ। ਅਸਲ ਵਿੱਚ ਜਦੋਂ ਵੀ ਕੋਈ ਚੀਜ ਥੱਲੇ ਡਿੱਗਦੀ ਹੈ ਤਾਂ ਤੁਰੰਤ ਉਹ ਬੈਕਟੀਰੀਆ ਦੀ ਪਕੜ ਵਿੱਚ ਆ ਜਾਂਦੀ ਹੈ। ਇਹ ਬੈਕਟੀਰੀਆ ਹੀ ਬੀਮਾਰੀ ਦਾ ਕਾਰਨ ਬਣਦਾ ਹੈ। ਭਾਵੇਂ ਫਰਸ਼ ਸਟੀਲ, ਟਾਇਲ, ਲੱਕੜ, ਪਲਾਸਟਿਕ ਜਾਂ ਕਾਰਪੇਟ ਵੀ ਹੋਵੇ ਫਿਰ ਵੀ ਭੋਜਨ ਦੂਸ਼ਿਤ ਹੋ ਜਾਂਦਾ ਹੈ। ਵਿਗਿਆਨਕਾਂ ਨੇ ਇਹਨਾਂ ਫਰਸ਼ਾਂ ਤੇ ਭੋਜਨ ਸੁੱਟ ਕੇ ਵੇਖਿਆ ਹੈ। ਉਹਨਾਂ ਨੇ ਰੋਟੀ, ਕੱਟਿਆ ਖਰਬੂਜਾ, ਮਿੱਠੀ ਗੋਲੀ ਰਾਹੀਂ ਇਹ ਤਜਰਬੇ ਕੀਤੇ ਹਨ।

### 8. ਨੰਗਾ ਸੰਤ

ਜੈਨੀਆਂ ਦੇ ਕਈ ਫਿਰਕੇ ਹਨ। ਇਹਨਾਂ ਵਿਚੋਂ ਇੱਕ ਫਿਰਕੇ ਦੇ ਜੈਨ ਮੁਨੀ ਤਰੁਨ ਸਾਗਰ ਦਾ ਕਹਿਣਾ ਹੈ ਕਿ ਧਰਮ ਤੇ ਰਾਜਨੀਤੀ ਦਾ ਪਤੀ ਪਤਨੀ ਦਾ ਰਿਸ਼ਤਾ ਹੁੰਦਾ ਹੈ। ਅਗਸਤ 16 ਦੇ ਆਖਰੀ ਹਫ਼ਤੇ ਹਰਿਆਣਾ ਅਸੈਂਬਲੀ ਵਿੱਚ ਉਸਨੇ ਆਪਣੇ ਭਾਸ਼ਣ ਵਿੱਚ ਇਹ ਗੱਲ ਕਹੀ ਹੈ। ਪਹਿਲਾ ਮਹਾਰਾਸ਼ਟਰ ਅਸੈਂਬਲੀ ਵਿੱਚ ਉਹ ਕਹਿਣ ਲੱਗਿਆ 30% ਲੋਕ ਭ੍ਰਿਸ਼ਟ ਨੇ 60% ਭ੍ਰਿਸ਼ਟ ਹੋਣ ਦੇ ਕਿਨਾਰੇ 10% ਮਜਬੂਰੀ ਵੱਸ ਇਮਾਨਦਾਰ ਨੇ। ਜਿਸ ਅਦਾਰੇ ਵਿੱਚ ਕਾਨੂੰਨ ਬਣਾਏ ਜਾਂਦੇ ਨੇ ਉਥੇ ਹੀ ਇੱਕ ਨੰਗੇ ਸੰਤ ਬੁਲਾ ਕੇ ਸ਼ਰੇਆਮ ਕਾਨੂੰਨ ਦੀਆਂ ਧਜੀਆਂ ਉਡਾਈਆਂ ਗਈਆਂ। ਕੱਲ੍ਹ ਨੂੰ ਕੀ ਕਿਸੇ ਮੁੰਡੇ ਦੇ ਨੰਗੇ ਹੋਣ ਤੇ ਕੇਸ ਦਰਜ ਕੀਤਾ ਜਾ ਸਕਦਾ ਹੈ। ਅਸੈਂਬਲੀ ਦੀ ਸ਼ੁਰੂਆਤ ਇਸ ਸੰਤ ਦੇ ਪ੍ਰਵਚਨ ਨਾਲ ਹੋਈ। ਇਹ ਸਾਧ ਮੋਦੀ ਦਾ ਦੀਵਾਨਾ ਹੈ ਤੇ ਪਾਕਿਸਤਾਨ ਨੂੰ ਸ਼ੈਤਾਨ ਦੱਸਦਾ ਹੈ। ਇੱਕ ਸਕੂਲ ਵਿੱਚ ਨੰਗੇ ਸੰਤ ਨੂੰ ਬੁਲਾ ਕੇ ਲੈਕਚਰ ਕਰਵਾਇਆ ਗਿਆ ਤਾਂ ਉਸ ਸਕੂਲ ਦੀਆਂ ਬੱਚੀਆਂ ਨੇ ਸ਼ਰਮ ਕਰਕੇ ਸਦਾ ਲਈ ਸਕੂਲ ਛੱਡ ਦਿੱਤਾ।

### 9. ਨਵਾਂ ਬਲੱਡ ਗਰੁੱਪ ਮਿਲਿਆ

ਆਮ ਤੌਰ ਤੇ ਧਰਤੀ ਦੇ ਵਸਨੀਕਾਂ ਵਿੱਚ 4 ਹੀ ਬਲੱਡ ਗਰੁੱਪ ਮਿਲਦੇ ਹਨ। ਇਹ ਗਰੁੱਪ ਏ, ਬੀ, ਓ ਅਤੇ ਏਬੀ ਹਨ। ਇਹਨਾਂ ਬਲੱਡ ਗਰੁੱਪਾਂ ਨੂੰ ਆਮ ਤੌਰ ਤੇ ਖ਼ੂਨਦਾਨ ਕਰਨ ਵਾਲੇ ਵਿਅਕਤੀ ਮਿਲ ਹੀ ਜਾਂਦੇ ਹਨ। ਇਸ ਲਈ ਇਹਨਾਂ ਵਿਅਕਤੀਆਂ ਨੂੰ ਖ਼ੂਨ ਦਾਨ ਦੀ ਘਾਟ ਨਹੀਂ ਆਉਂਦੀ। ਪਰ ਗੁਜਰਾਤ ਵਿੱਚ ਇੱਕ ਅਜਿਹਾ ਵਿਅਕਤੀ ਮਿਲਿਆ ਹੈ ਜਿਸ ਦਾ ਬਲੱਡ ਗਰੁੱਪ ਦੁਨੀਆਂ ਦੇ ਕਿਸੇ ਵਿਅਕਤੀ ਵਿੱਚ ਨਹੀਂ ਮਿਲਦਾ। ਡਾਕਟਰਾਂ ਨੇ ਇਸ ਬਲੱਡ ਗਰੁੱਪ ਦਾ ਨਾਂ INRA ਰੱਖਿਆ ਹੈ। IN ਤੋਂ ਇੰਡੀਆ ਲਿਆ ਗਿਆ ਹੈ ਤੇ RA ਉਸ ਵਿਅਕਤੀ ਦੇ ਨਾਂ ਦੇ ਪਹਿਲੇ ਅੱਖਰ ਹਨ। ਸੰਸਾਰ ਪੱਧਰ ਦੀ ਬਲੱਡ ਗਰੁੱਪ ਰੈਫਰੈਂਸ ਲਾਇਬਰੇਰੀ ਨੇ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ ਹੈ। ਦੁਨੀਆਂ ਵਿਚ ਅਜਿਹੇ 7 ਹੀ ਵਿਅਕਤੀ ਹਨ ਜਿਨ੍ਹਾਂ ਦੇ ਬਲੱਡ ਗਰੁੱਪ ਕਿਸੇ ਵੀ ਦੂਸਰੇ ਵਿਅਕਤੀ ਨਾਲ ਮੈਚ ਨਹੀਂ ਕਰਦੇ। ਇਹ ਖ਼ੂਨ ਦੇ ਗਰੁੱਪ ਬਹੁਤ ਹੀ ਘੱਟ ਵਿਅਕਤੀਆਂ ਵਿੱਚ ਹੁੰਦੇ ਹਨ ਤੇ ਖ਼ੂਨਦਾਨ ਦੀ ਲੋੜ ਸਮੇਂ ਇਹਨਾਂ ਵਿਅਕਤੀਆਂ ਨੂੰ ਔਖ ਹੁੰਦੀ ਹੈ। ਹੁਣ ਤੱਕ ਮਿਲਣ ਵਾਲਾ ਗੁਜਰਾਤੀ ਵਿਅਕਤੀ ਇਕੱਲਾ ਹੀ ਹੈ ਜਿਸ ਦਾ ਬਲੱਡ ਗਰੁੱਪ ਦੁਨੀਆਂ ਵਿੱਚ ਕਿਸੇ ਵਿਅਕਤੀ ਨਾਲ ਨਹੀਂ ਮਿਲਦਾ।



### 10. ਉਪਕਰਣ ਪੈਂਕਰੀਆ

ਸ਼ੂਗਰ ਦੇ ਮਰੀਜਾਂ ਲਈ ਖੁਸ਼ਖਬਰੀ ਹੈ ਕਿ ਅਮਰੀਕਾ ਦੀ ਐਫ. ਡੀ. ਏ. ਨੇ ਇੱਕ ਅਜਿਹੇ ਉਪਕਰਣ ਨੂੰ ਮਰੀਜਾਂ ਦੇ ਫਿੱਟ ਕਰਨ ਦੀ ਇਜਾਜਤ ਦੇ ਦਿੱਤੀ ਹੈ ਜਿਹੜਾ ਹਰ ਪੰਜ ਮਿੰਟ ਬਾਅਦ ਸ਼ੂਗਰ ਦਾ ਲੈਬਲ ਚੈੱਕ ਕਰਕੇ ਇੰਸੂਲੀਨ ਦੀ ਲੋੜੀਂਦੀ ਮਾਤਰਾ ਮਨੁੱਖ ਸਰੀਰ ਵਿੱਚ ਭੇਜ ਦਿਆ ਕਰੇਗਾ। ਯਾਦ ਰਹੇ ਕਿ ਸ਼ੂਗਰ ਇੱਕ ਅਜਿਹੀ ਭੈੜੀ ਬੀਮਾਰੀ ਹੈ ਜਿਸਦੀ ਤਕਲੀਫ ਰੋਗੀ ਨੂੰ ਉਮਰ ਭਰ ਝੱਲਣੀ ਪੈਂਦੀ ਹੈ। ਇਸ ਵਿੱਚ ਮਨੁੱਖੀ ਸਰੀਰ ਦਾ ਇੱਕ ਮਹੱਤਵਪੂਰਨ ਅੰਗ ਪੈਂਕਰੀਆ ਜਾਂ ਤਾਂ ਇੰਸੂਲੀਨ ਨਾਂ ਦਾ ਰਸ ਬਣਾਉਣਾ ਬੰਦ ਕਰ ਦਿੰਦਾ ਹੈ ਜਾਂ ਇੰਸੂਲੀਨ ਪੈਦਾ ਕਰਨ ਦੀ ਸਮਰੱਥਾ ਘਟਾ ਦਿੰਦਾ ਹੈ। ਕੁਝ ਵਿਅਕਤੀਆਂ ਨੂੰ ਇਹ ਬੀਮਾਰੀ 20-30 ਸਾਲ ਦੀ ਉਮਰ ਵਿੱਚ ਪੁੱਜਣ ਤੋਂ ਪਹਿਲਾਂ ਹੀ ਹੋ ਜਾਂਦੀ ਹੈ ਇਸਨੂੰ ਟਾਇਪ I ਸ਼ੂਗਰ ਕਿਹਾ ਜਾਂਦਾ ਹੈ। ਟਾਇਪ II ਦੀ ਸ਼ੂਗਰ ਦੀ ਬਿਮਾਰੀ ਆਮ ਤੌਰ ਤੇ 50-60 ਸਾਲ ਦੀ ਉਮਰ ਤੋਂ ਵਧੇਰੀ ਉਪਰ ਵਾਲੇ ਵਿਅਕਤੀਆਂ ਨੂੰ ਹੁੰਦੀ ਹੈ। ਉਪਕਰਣ ਪੈਂਕਰੀਆਂ ਸਿਰਫ ਟਾਈਪ I ਵਾਲੇ ਰੋਗੀਆਂ ਲਈ ਹੀ ਬਣਿਆ ਹੈ। ਇਸਦਾ ਨਾਂ ਵਿਗਿਆਨਕਾਂ ਨੇ ਮਿਨੀਮੇਡ 670 ਜੀ ਰੱਖਿਆ ਹੈ। ਯਾਦ ਰਹੇ ਕਿ ਸ਼ੂਗਰ ਦੀ ਬੀਮਾਰੀ ਲੰਬੇ ਸਮੇਂ ਬਾਅਦ ਮਨੁੱਖ ਦੀਆਂ ਬਾਰੀਕ ਨਾੜੀਆਂ ਨੂੰ ਸਖਤ ਕਰ ਦਿੰਦੀ ਹੈ। ਬਰੀਕ ਨਾੜੀਆਂ ਜਿਆਦਾਤਰ ਦਿਲ, ਦਿਮਾਗ, ਅੱਖਾਂ ਤੇ ਪੈਰਾਂ ਦੀਆਂ ਉਂਗਲਾਂ ਵਿੱਚ ਹੁੰਦੀਆਂ ਹਨ। ਇਸ ਲਈ ਸ਼ੂਗਰ ਦੀ ਮਰੀਜਾਂ ਨੂੰ ਦਿਲ ਦਾ ਦੌਰਾ, ਅੰਧਰੰਗ, ਅੰਨਾਪਣ ਜਾਂ ਪੈਰਾਂ ਦੀ ਗੈਂਗਰੀਨ ਹੋਣ ਦਾ ਖਤਰਾ ਪੈਦਾ ਹੋ ਜਾਂਦਾ ਹੈ। ਸੋ ਸ਼ੂਗਰ ਦੀ ਬੀਮਾਰੀ ਕਾਬੂ ਵਿੱਚ ਰੱਖਣੀ ਜਰੂਰੀ ਹੁੰਦੀ ਹੈ। ਇਸ ਲਈ ਘੱਟ ਖੁਰਾਕ ਅਤੇ ਮਿੱਠਾ ਤੇ ਘਿਉ ਰਹਿਤ ਖੁਰਾਕ ਤੇ ਕਸਰਤ ਸ਼ੂਗਰ ਨੂੰ ਕਾਬੂ ਵਿੱਚ ਰੱਖਣ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

# ਮਜ਼ਹਬ ਦੀ ਭਿਆਨਕ ਕਰੂਰਤਾਂ



ਅਮਰਜੀਤ ਢਿੱਲੋਂ
ਦਬੜ੍ਹੀਖਾਨਾ

ਕੁਝ ਦਿਨ ਪਹਿਲਾਂ ਦੁਬਈ 'ਚ ਇਕ ਮੁਸਲਿਮ ਬਾਪ ਨੇ ਆਪਣੀ ਬੇਟੀ ਨੂੰ ਇਸ ਲਈ ਡੁੱਬ ਕੇ ਮਰ ਜਾਣ ਦਿਤਾ ਤਾਂ ਕਿ ਸੁਰੱਖਿਆ ਗਾਰਡ ਵਰਗਾ ਪਰਾਇਆ ਮਰਦ ਉਸਦੇ ਜਿਸਮ ਨੂੰ ਛੋਹ ਨਾ ਸਕੇ। ਇਕ ਬਾਪ ਨੇ ਆਪਣੀ 6 ਸਾਲ ਦੀ ਬੇਟੀ ਨੂੰ ਇਸ ਲਈ ਪਟਕ ਪਟਕ ਕੇ ਮਾਰ ਦਿਤਾ ਕਿਉਂਕਿ ਉਸਦਾ ਸਿਰ ਨੰਗਾ ਸੀ। ਯਮਨ ਦੀ ਇਕ ਖਬਰ ਅਨੁਸਾਰ 50 ਸਾਲ ਦੇ ਇਕ ਪਤੀ ਨੇ ਆਪਣੀ 8 ਸਾਲ ਦੀ ਪਤਨੀ (ਬੱਚੀ) ਨੂੰ ਨਿਕਾਹ ਦੀ ਪਹਿਲੀ ਰਾਤ ਸੈਕਸ ਦਾ ਐਨਾ ਭਿਅੰਕਰ ਅਨੁਭਵ ਕਰਾਇਆ ਕਿ ਉਹ ਜ਼ਖ਼ਮਾਂ ਦੀ ਤਾਬ ਨਾ ਝਲਦਿਆਂ ਲਹੂ ਵਗਣ ਕਰਕੇ ਮਰ ਗਈ। ਮਾਸੂਮ ਬੱਚੇ, ਔਰਤਾਂ ਅਤੇ ਆਮ ਨਾਗਰਿਕਾਂ ਦੇ ਕਾਤਲ ਅਗਰ ਤਾਲਿਬਾਨ ਦੀ ਗੱਲ ਨਾ ਵੀ ਕਰੀਏ ਤਾਂ ਵੀ ਇਸਲਾਮ ਦਾ ਇਹ ਆਮ ਸਧਾਰਣ ਸਮਾਜਿਕ ਵਰਤਾਰਾ ਹੈ। ਉਪਰੋਕਤ ਘਟਨਾਵਾਂ ਕਰਨ ਵਾਲੇ ਇਹ ਵਿਅੱਕਤੀ ਕਿਸੇ ਅਤਵਾਦੀ ਸੰਗਠਨ ਦੇ ਮੈਂਬਰ ਨਹੀਂ ਸਨ ਪਰ ਫਿਰ ਵੀ ਇਸਲਾਮ ਨੇ ਉਹਨਾਂ ਦੇ ਦਿਮਾਗ ਇਸ ਤਰ੍ਹਾਂ ਖੁੰਢੇ ਕੀਤੇ ਹੋਏ ਐ ਕਿ ਉਹਨਾਂ ਵਾਸਤੇ ਇਹ ਜੁਰਮ ਆਮ ਜਿਹੀ ਗੱਲ ਹੈ। ਇਹਨਾਂ ਘਟਨਾਵਾਂ ਦਾ ਜ਼ਿਕਰ ਕਰਦਿਆਂ ਬਲੇਂਦੂ ਸਵਾਮੀ ਕਹਿੰਦੇ ਹਨ ਕਿ ਮੈਨੂੰ ਪਤਾ ਹੈ ਇਹ ਸਭ ਪੜ੍ਹ ਕੇ ਇਸਲਾਮ ਵਾਲੇ ਕਹਿਣਗੇ ਕਿ ਸਾਡਾ ਮਜ਼ਹਬ ਅਜਿਹਾ ਨਹੀਂ ਹੈ, ਇਹ ਨਾਸਤਕਾਂ ਦਾ ਪ੍ਰਾਪੇਗੰਡਾ ਹੈ ਪਰ ਧਰਮ ਸ਼ਰਧਾਲੂਆਂ ਦੀਆਂ ਅੱਖਾਂ 'ਤੇ ਪੱਟੀ ਬੰਨ੍ਹ ਦਿੰਦਾ ਹੈ। ਇਹ ਸ਼ਰਧਾਲੂ ਹਿੰਦੂ, ਮੁਸਲਿਮ, ਸਿੱਖ ਜਾਂ ਇਸਾਈ ਕੋਈ ਵੀ ਹੋਣ ਇਹਨਾਂ ਦਾ ਤਰਕ (ਦਲੀਲ) ਨਾਲ ਕੋਈ ਦੇਣਾ ਲੈਣਾ ਨਹੀਂ ਹੁੰਦਾ।

ਅਧਿਆਤਮਿਕ ਬਨਣ ਲਈ ਨਾ ਕਿਸੇ ਅਧਿਆਪਕ ਦੀ ਲੋੜ ਹੈ ਅਤੇ ਨਾ ਹੀ ਕਿਸੇ ਕਿਸਮ ਦੀ ਸਿਖਲਾਈ ਦੀ। ਬੱਸ ਅੱਖਾਂ ਮੀਟ ਕੇ ਜੀ ਹਜ਼ੂਰ ਕਹਿਣਾ ਹੈ ਅਤੇ ਕਿੰਤੂ ਪ੍ਰੰਤੂ ਨਹੀਂ ਕਰਨਾ। ਬਚਪਨ ਤੋਂ ਹੀ ਬੱਚੇ ਦੇ ਮਨ ਵਿਚ ਇਕ ਭਿਆਨਕ ਕਿਸਮ ਦਾ ਡਰ ਅਤੇ ਲਾਲਚ ਬਸਾਇਆ ਜਾਂਦਾ ਹੈ। ਜਿਵੇਂ ਜਿਵੇਂ ਮਨੁੱਖ ਵੱਡਾ ਹੁੰਦਾ ਹੈ, ਇਹ ਡਰ ਅਤੇ ਲਾਲਚ ਵੀ ਵੱਡੇ ਹੁੰਦੇ ਜਾਂਦੇ ਹਨ। ਇਹਨਾਂ ਨੂੰ ਪੱਕੇ ਕਰਨ ਲਈ ਵਾਰ ਵਾਰ ਲਾਊਡ ਸਪੀਕਰਾਂ 'ਚ ਦੁਹਾਈ ਦਿਤੀ ਜਾਂਦੀ ਹੈ। ਹੱਜ ਕਰਨ, ਹਜ਼ੂਰ ਸਾਹਿਬ, ਹੇਮ ਕੁੰਡ, ਮਾਤਾ ਦੇ ਮੰਦਰਾਂ 'ਚ ਜਾਣ ਦੇ ਹੋਕੇ ਅਨੇਕਾਂ ਵਾਰ ਦਿਤੇ ਜਾਂਦੇ ਹਨ। ਸਰਕਾਰ ਵਲੋਂ ਇਹਨਾਂ ਤੀਰਥ ਅਤੇ ਹੱਜ ਯਾਤਰੀਆਂ ਲਈ ਵਿਸ਼ੇਸ਼ ਸਹੂਲਤਾਂ ਦਿਤੀਆਂ ਜਾਂਦੀਆਂ ਕਿਉਂਕਿ ਇਹ ਸਾਰੇ ਉਪਾਅ ਮਨੁੱਖ ਦੀ ਸੋਚ ਖੁੰਢੀ ਕਰਕੇ ਉਸਨੂੰ ਮਹਿਜ਼ ਇਕ ਵੋਟ ਬਣਾਈ ਰਖਦੇ ਹਨ ਅਤੇ ਇਸ ਵੋਟ ਪਰਚੀ ਨੂੰ ਨੇਤਾਗਣ ਜਦੋਂ ਮਰਜ਼ੀ ਆਪਣੇ ਬਕਸੇ'ਚ ਪੁਆ ਕੇ ਰਾਜਗੱਦੀ ਸਾਂਭਦੇ ਰਹਿੰਦੇ ਹਨ। ਧਰਤੀ ਘੁੰਮਦੀ ਕਹਿਣ ਨਾਲ ਸਿਰਫ ਚਰਚ ਜਾਂ ਬਾਈਬਲ ਦੀ ਹਾਨੀ ਨਹੀਂ ਹੁੰਦੀ ਇਸ ਨਾਲ ਰਾਜਿਆਂ ਦੇ ਤਖਤ ਵੀ ਹਿਲਦੇ ਹਨ। ਇਸ ਲਈ ਉਹ ਚਰਚ (ਝੂਠ) ਦਾ ਸਾਥ ਦੇ ਕੇ ਬਰੂਨੋ ਵਰਗੇ ਵਿਗਿਆਨੀਆਂ ਨੂੰ ਜ਼ਿੰਦਾ ਜਲਾਉਣ ਅਤੇ ਗਲੈਲੀਓ ਵਰਗਿਆਂ ਨੂੰ ਜੇਲ੍ਹ 'ਚ ਸੜਣ ਦੀ ਸਜ਼ਾ ਦਿੰਦੇ ਹਨ। ਰਾਜਾ ਅਤੇ ਚਰਚ (ਧਰਮ) ਇਕ ਦੂਜੇ ਦੇ ਪੂਰਕ ਹਨ। ਜਦ ਇਕ ਨੂੰ ਖਤਰਾ ਹੁੰਦਾ ਹੈ ਤਾਂ ਦੂਜਾ ਉਸਦੀ ਪਿੱਠ 'ਤੇ ਖੜ੍ਹਾ ਹੁੰਦਾ ਹੈ। 'ਰਾਜ ਬਿਨਾ ਨਹਿ ਧਰਮ ਚਲੇ ਹੈ।' ਬਿਲਕੁਲ ਠੀਕ ਹੈ। ਰਾਜ ਧਰਮ ਤੋਂ ਬਿਨਾਂ ਅਤੇ ਧਰਮ ਰਾਜ ਤੋਂ ਬਿਨਾ ਚੱਲ ਹੀ ਨਹੀਂ ਸਕਦਾ।

ਲੋਕ ਇਸ ਲਈ ਧਰਮ ਦਾ ਸਹਾਰਾ ਲੈਂਦੇ ਹਨ ਕਿ ਬੁਰਾ ਕੰਮ ਕਰਕੇ ਵੀ ਬੁਰਾ ਮਹਿਸੂਸ ਨਾ ਹੋਵੇ। ਉਹਨਾਂ ਦੇ ਮਨਾਂ 'ਚ ਇਹ ਹੁੰਦਾ ਹੈ ਕਿ ਸਾਰੇ ਦਿਨ ਬੁਰੇ ਕੰਮ ਕਰੋ ਸ਼ਾਮ ਨੂੰ ਮੰਦਰ 'ਚ ਜਾ ਕੇ ਚੜ੍ਹਾਵਾ ਚੜ੍ਹਾਓ ਅਤੇ ਭੁੱਲ ਬਖਸ਼ਾ ਲਓ। ਇਸ ਤਰ੍ਹਾਂ ਰਾਤ ਦੇ ਬੁਰੇ ਕੰਮਾਂ ਨੂੰ ਬਖਸ਼ਾਉਣ ਲਈ ਸਵੇਰੇ ਦਾ ਵਕਤ ਚੁਣਿਆ ਜਾਂਦਾ ਹੈ। ਮੈਂ ਇਕ ਅਜਿਹੇ ਗੁਰਸਿੱਖ ਨੂੰ ਜਾਣਦਾ ਹਾਂ ਜਿਸਦਾ ਮੁੰਡਾ ਚੋਰੀਆਂ ਦੀਆਂ ਗੱਡੀਆਂ ਘਰੇ ਭੇਜਦਾ ਸੀ, ਉਹ ਗੁਰਸਿੱਖ ਇਹਨਾਂ ਗੱਡੀਆਂ ਦਾ ਵਪਾਰ ਕਰਕੇ ਸਵੇਰੇ ਅਰਦਾਸ ਕਰਾਉਣ ਲਈ ਗੁਰਦਵਾਰੇ ਜਾ ਕੇ ਅੱਧਾ ਅੱਧਾ ਘੰਟਾ ਹੱਥ ਜੋੜ ਕੇ ਅਰਦਾਸ ਕਰਦਾ ਰਹਿੰਦਾ ਸੀ। ਇਕ ਮਾਂ ਨੂੰ ਆਪਣੇ ਬੱਚੇ ਨੂੰ ਯਾਦ ਕਰਨ ਵਾਸਤੇ ਅਤੇ ਇਕ ਪਤਨੀ ਨੂੰ ਆਪਣੇ ਪਤੀ ਨੂੰ ਯਾਦ ਕਰਨ ਵਾਸਤੇ ਕਦੇ ਮਾਲਾ ਨਹੀਂ ਫੇਰਨੀ ਪੈਂਦੀ। ਇਹ ਮਾਲਾ ਫੇਰਨ ਅਤੇ ਗਿਣਤੀਆਂ ਮਿਣਤੀਆਂ ਦਾ ਚੱਕਰ ਸਿਰਫ ਅਧਿਆਤਮਕ ਲੋਕ ਹੀ ਕਰਦੇ ਹਨ ਤਾਂ ਕਿ ਆਪਣੇ ਅੰਤਰ ਮਨ ਅਤੇ ਲੋਕਾਂ ਦੀਆਂ ਅੱਖਾਂ 'ਚ ਘੱਟਾ ਪਾਇਆ ਜਾ ਸਕੇ। ਪ੍ਰੇਮ ਕਰਨਾ ਅਤੇ ਇਮਾਨਦਾਰੀ ਕੋਈ ਸਿੱਖਣ ਦੀਆਂ ਗੱਲਾਂ ਨਹੀਂ। ਇਹ ਤਾਂ ਵਿਰਸੇ 'ਚ ਹੀ ਸਾਨੂੰ ਆਪਣੇ ਆਪ ਮਿਲਣੀਆਂ ਚਾਹੀਦੀਆਂ ਹਨ। ਪੰਛੀਆਂ ਜਾਨਵਰਾਂ ਨੂੰ ਗੀਤ ਗਾਉਣੇ ਅਤੇ ਪਿਆਰ ਕਰਨਾ ਕੌਣ ਸਿਖਾਉਂਦਾ ਹੈ। ਹਾਂ ਚੋਰੀ ਕਰਨ,ਝੂਠ ਬੋਲਣ ਜਾਂ ਬੁਰਾ ਕੰਮ ਕਰਨ ਵਾਸਤੇ ਜ਼ਰੂਰ ਸਿਖਲਾਈ ਦੀ ਲੋੜ ਪੈਂਦੀ ਹੈ।

ਇਕ ਰਿਪੋਰਟ ਮੁਤਾਬਿਕ ਧਾਰਮਿਕ ਲੋਕਾਂ ਵਲੋਂ ਪਿਛਲੇ 10 ਸਾਲਾਂ 'ਚ ਲੜਕਾ ਪ੍ਰਾਪਤ ਕਰਨ ਦੇ ਚੱਕਰ 'ਚ 60 ਲੱਖ ਲੜਕੀਆਂ ਦੀ ਹੱਤਿਆ ਗਰਭ 'ਚ ਹੀ ਕੀਤੀ ਗਈ। ਉਹੀ ਪਾਖੰਡੀ ਲੋਕ ਸਾਲ 'ਚ ਦੋ ਵਾਰ ਨਵਰਾਤਰਿਆਂ 'ਚ ਦੋ ਵਾਰ ਕੰਨਿਆਂ ਪੂਜਨ ਜ਼ਰੂਰ ਕਰਦੇ ਐ। ਧਰਮ ਅਤੇ ਕੁਰੀਤੀਆਂ (ਭੈੜੇ ਰਸਮ ਰਿਵਾਜਾਂ) 'ਚ ਕੀ ਫਰਕ ਹੈ। ਲੋਕ ਅਕਸਰ ਹੀ ਕਹਿੰਦੇ ਹਨ ਧਰਮ ਮਾੜਾ ਨਹੀਂ ਕੁਰੀਤੀਆਂ ਬੁਰੀਆਂ ਹਨ। ਇਕ ਬਾਬਾ ਦੂਜੇ ਨੂੰ ਕਹਿੰਦਾ ਹੈ ਪਾਖੰਡੀ ਅਤੇ ਨਕਲੀ ਬਾਬੇ, ਫਿਰ ਅਸਲੀ ਬਾਬੇ ਜਾਂ ਅਸਲੀ ਸਾਧ ਕੌਣ ਹਨ। ਸਾਧ ਅਤੇ ਪਾਖੰਡੀ ਦਾ ਮਤਲਬ ਹੀ ਮਾੜਾ ਆਦਮੀ (ਵਿਹਲੜ ਅਤੇ ਸ਼ੈਤਾਨ), ਅਸਲੀ ਨਕਲੀ ਦੀ ਗੱਲ ਕੋਈ ਨਹੀਂ। ਜਿਹੜੇ ਲੋਕ ਹਜ਼ਾਰਾਂ ਸਾਲਾਂ ਤੋਂ ਇਹਨਾਂ ਕੁਰੀਤੀਆਂ ਅਤੇ ਰਸਮ-ਰਿਵਾਜਾਂ ਦਾ ਪਾਲਣ ਕਰਦੇ ਆ ਰਹੇ ਹਨ ਉਹ ਕਹਿੰਦੇ ਹਨ ਇਹ ਤਾਂ ਸਾਡੀ ਪਰੰਪਰਾ (ਸੰਸਕ੍ਰਿਤੀ) ਹੈ। ਅੱਜ ਤੋਂ 200 ਸਾਲ ਪਹਿਲਾਂ ਮ੍ਰਿਤਕ ਪਤੀ ਨਾਲ ਜਿਉਂਦੀ ਪਤਨੀ ਨੂੰ ਸਾੜ ਦਿਤਾ ਜਾਂਦਾ ਸੀ। ਇਸ ਨੂੰ ਸਾਡੀ ਮਹਾਨ ਪਰੰਪਰਾ ਵਜੋਂ ਪ੍ਰਚਾਰਿਆ ਗਿਆ। ਰਾਜਾ ਰਾਮ ਮੋਹਨ ਰਾਏ ਨੇ ਕਾਨੂੰਨ ਬਣਾ ਕੇ ਇਸ ਨੂੰ ਰੋਕ ਦਿਤਾ ਤਾਂ ਧਾਰਮਿਕ ਲੋਕਾਂ ਨੇ ਵੇਦਾਂ ਗਰੰਥਾਂ ਦੀ ਦੁਹਾਈ ਦੇਕੇ ਇਸ ਮਹਾਨ ਪਰੰਪਰਾ ਨੂੰ ਬੰਦ ਕਰਨ ਦਾ ਡਟ ਕੇ ਵਿਰੋਧ ਕੀਤਾ। ਰਾਜਸਥਾਨ 'ਚ ਅੱਜ ਵੀ ਸਤੀ ਦਾ ਮੰਦਰ ਹੈ ਅਤੇ ਹਜ਼ਾਰਾਂ ਲੋਕ ਸਤੀ ਮਾਤਾ ਦੀ ਜੈ ਕਹਿ ਕੇ ਉਥੇ ਪੂਜਾ ਕਰ ਰਹੇ ਹਨ। ਐਡੀ ਵੱਡੀ ਕੁਰੀਤੀ ਨੂੰ ਲੋਕ ਆਪਣੀ ਮਹਾਨ ਪਰੰਪਰਾ ਅਤੇ ਸੰਸਕ੍ਰਿਤੀ ਮੰਨੀ ਜਾ ਰਹੇ ਹਨ।

ਦਹੇਜ ਦੀ ਪਰੰਪਰਾ ਹਜ਼ਾਰਾਂ ਸਾਲਾਂ ਤੋਂ ਚਲੀ ਆ ਰਹੀ ਹੈ ਅਤੇ ਬਹੁਤੇ ਲੋਕਾਂ ਨੂੰ ਇਹ ਕੁਰੀਤੀ ਨਹੀਂ ਲਗਦੀ। ਜਦ ਸਾਰੇ ਲੋਕ ਪੜ੍ਹ ਕੇ ਗਿਆਨਵਾਨ ਹੋ ਗਏ ਤਾਂ ਉਹ ਦਹੇਜ ਨੂੰ ਸਭ ਤੋਂ ਭੈੜੀ ਕੁਰੀਤੀ 'ਚ ਸ਼ਾਮਿਲ ਕਰਨਗੇ ਅਤੇ ਇਹ ਪਰੰਪਰਾ ਵੀ ਆਪਣੇ ਆਪ ਖਤਮ ਹੋ ਜਾਵੇਗੀ। ਵੇਦਾਂ ਗਰੰਥਾਂ ਦਾ ਸਹਾਰਾ ਲੈ ਕੇ ਅੱਜ ਜਿਹੜੀ ਕੰਨਿਆ ਦਾਨ ਰਸਮ ਕੀਤੀ ਜਾਂਦੀ ਹੈ, ਇਹ ਵੀ ਬਹੁਤਾ ਚਿਰ ਨਹੀਂ ਚੱਲ ਸਕਦੀ। ਪੜ੍ਹੀਆਂ ਲਿਖੀਆਂ ਲੜਕੀਆਂ ਕਿਸੇ ਦਿਨ ਵਿਰੋਧ

ਕਰਨਗੀਆਂ ਕਿ ਅਸੀਂ ਕੋਈ ਗਊਆਂ ਜਾਂ ਭੇਡਾਂ, ਬੱਕਰੀਆਂ ਨਹੀਂ ਜਿਹਨਾਂ ਦੇ ਦਾਨ ਕੀਤੇ ਜਾਣ। ਔਰਤ ਸੈਕਿੰਡ ਸੈਕਸ ਦੇ ਤੌਰ 'ਤੇ ਮਨੁੱਖਤਾ ਦਾ ਅੱਧ ਹੈ ਅਤੇ ਇਸਨੂੰ ਮਰਦ ਆਪਣੀ ਮਨਮਰਜ਼ੀ ਨਾਲ ਦਾਨ ਦੀ ਵਸਤੂ ਬਣਾ ਕੇ ਬਹੁਤਾ ਚਿਰ ਨਹੀਂ ਰੱਖ ਸਕਦੇ। ਔਰਤ ਵਲੋਂ ਪਰਦਾ ਕਰਨਾ, ਘੁੰਡ ਕੱਢਣਾ ਅੱਜ ਵੀ ਸਾਡੇ ਸਮਾਜ ਦੀ ਪਰੰਪਰਾ ਦਾ ਅੰਗ ਹੈ ਪਰ ਬਹੁਤ ਸਾਰੇ ਲੋਕ ਇਸ ਦਾ ਤਿਆਗ ਕਰ ਚੁੱਕੇ ਹਨ। ਸਾਡੇ ਸਮਾਜ ਵਿਚ ਛੂਆ ਛਾਤ ਸਭ ਤੋਂ ਵੱਡੀ ਕੁਰੀਤੀ ਹੈ ਪਰ ਭਾਰਤ ਦੇ ਕਰੋੜਾਂ ਲੋਕ ਇਸਨੂੰ ਆਪਣੀ ਸੰਸਕ੍ਰਿਤੀ ਜਾਂ ਪਰੰਪਰਾ ਮੰਨ ਕੇ ਚੱਲ ਰਹੇ ਹਨ। ਗੀਤਾ ਅਤੇ ਮੰਨੂ ਸਿਮਰਤੀ ਵਿਚ ਪਰਚਾਰੀ ਗਈ ਜਾਤ ਵਰਨ ਵਿਵੱਸਥਾ ਲੋਕ ਸਦਾ ਨਹੀਂ ਮੰਨ ਸਕਦੇ। ਕੋਈ ਦਿਨ ਆਵੇਗਾ ਜਦ ਇਸ ਪਰੰਪਰਾ ਦਾ ਵੀ ਅੰਤ ਹੋ ਜਾਵੇਗਾ। ਸੰਗਠਿਤ ਧਰਮ ਅਤੇ ਜਾਤ ਵਰਨ ਵਿਵੱਸਥਾ ਲੋਕਾਂ ਦਾ ਸ਼ੋਸ਼ਣ ਕਰਨ ਦਾ ਸਭ ਤੋਂ ਵੱਡਾ ਸਾਧਨ ਹੈ। ਸੰਸਕ੍ਰਿਤੀ ਧਰਮ ਦੀ ਤਰ੍ਹਾਂ ਜੜ੍ਹ ਨਹੀਂ ਹੁੰਦੀ ਇਹ ਹਮੇਸ਼ਾ ਬਦਲਦੀ ਰਹਿੰਦੀ ਹੈ। 25-30 ਸਾਲ ਪਹਿਲਾਂ ਪ੍ਰੇਮ ਵਿਆਹ ਕਰਨ ਵਾਲਿਆਂ ਦੀ ਸ਼ਾਮਤ ਆ ਜਾਂਦੀ ਸੀ ਅਤੇ ਸਮਾਜ 'ਚ ਉਥਲ ਪੁਥਲ ਪੈਦਾ ਹੋ ਜਾਂਦੀ ਸੀ। ਅੱਜ ਭਾਵੇਂ ਸਮਾਜ ਪੂਰੀ ਤਰ੍ਹਾਂ ਨਹੀਂ ਬਦਲਿਆ ਪਰ ਫਿਰ ਵੀ ਪ੍ਰੇਮ ਵਿਆਹ ਨਾਲ ਪਹਿਲਾਂ ਦੀ ਤਰ੍ਹਾਂ ਉਥਲ ਪੁਥਲ ਨਹੀਂ ਹੁੰਦੀ। ਪਹਿਲਾਂ ਬਾਲ ਵਿਆਹ ਕਰਨਾ ਇਕ ਆਮ ਪਰੰਪਰਾ ਸੀ ਪਰ ਅੱਜ ਇਹ ਗੱਲ ਸੰਭਵ ਹੀ ਨਹੀਂ।



ਅਸੀਂ ਜਿਹੜੀ ਮਰਜ਼ੀ ਕੁਰੀਤੀ ਦੀ ਸ਼ੁਰੂਆਤ ਹੋਣ ਦੀ ਗੱਲ ਕਰ ਲਈਏ ਸਭ ਦੇ ਪਿੱਛੇ ਧਰਮ ਦਾ ਖੜ੍ਹਾ ਸੜਿਹਾਂਦ ਮਾਰਦਾ ਪਾਣੀ ਹੀ ਨਜ਼ਰ ਆਵੇਗਾ। ਆਮ ਆਦਮੀ ਇਕ ਭੇਡ ਦੀ ਤਰ੍ਹਾਂ ਹੁੰਦਾ ਹੈ ਜਿਸਦੀ ਆਪਣੀ ਕੋਈ ਸਮਝ ਨਹੀਂ ਹੁੰਦੀ। ਜਿਵੇਂ ਧਾਰਮਿਕ ਲੋਕ ਕਹਿੰਦੇ ਹਨ ਉਹ ਉਸੇ ਤਰ੍ਹਾਂ ਕਰਦਾ ਰਹਿੰਦਾ ਹੈ। ਅੱਜ ਉਹਨਾਂ ਪਾਖੰਡੀ ਸਾਧਾਂ ਤੋਂ ਚੌਕਸ ਹੋਣ ਦੀ ਜਰੂਰਤ ਹੈ ਜਿਹੜੇ ਕਹਿੰਦੇ ਹਨ ਅਸੀਂ ਵੀ ਪਾਖੰਡੀਆਂ ਦੇ ਖਿਲਾਫ ਹਾਂ। ਅਸਲੀ ਗੱਲ ਤਾਂ ਇਹ ਹੈ ਕਿ ਧਰਮ 'ਚ ਪਾਖੰਡ ਤੋਂ ਬਿਨਾ ਹੋਰ ਕੁਝ ਹੈ ਹੀ ਨਹੀਂ। ਜੇ ਧਰਮ 'ਚੋਂ ਪਾਖੰਡ ਕੱਢ ਦੇਈਏ ਤਾਂ ਹੋਰ ਕੁਝ ਬਾਕੀ ਹੀ ਨਹੀਂ ਰਹਿੰਦਾ। ਪਿਆਰ ਨਾਲ ਰਹਿਣਾ, ਇਮਾਨਦਾਰੀ, ਝੂਠ ਨਾ ਬੋਲਣਾ, ਸਭ ਦੇ ਭਲੇ ਬਾਰੇ ਸੋਚਣਾ ਅਤੇ ਚੋਰੀ ਨਾ ਕਰਨਾ ਆਦਿ ਨੈਤਿਕ ਸਿਖਿਆਵਾਂ ਵਾਸਤੇ ਸਾਨੂੰ ਹਿੰਦੂ, ਸਿੱਖ, ਮੁਸਲਮਾਨ, ਇਸਾਈ ਜਾਂ ਹੋਰ ਕਿਸੇ ਕਿਸਮ ਦੀ ਸ਼ਰਣ ਲੈਣ ਦੀ ਜਰੂਰਤ ਨਹੀਂ। ਇਹਨਾਂ ਨੈਤਿਕ ਸਿਖਿਆਵਾਂ ਨੂੰ ਇਕੱਠੀਆਂ ਕਰਕੇ ਸੰਗਠਿਤ ਧਰਮ ਦੇ ਰੂਪ 'ਚ ਵੇਚਣ ਵਾਲੇ ਅਪਰਾਧੀ ਅਤੇ ਠੱਗ ਹਨ। ਇਹ ਠੱਗ ਸਾਨੂੰ ਕਥਾਵਾਚਕਾਂ, ਉਪਦੇਸ਼ਕਾਂ ਦੇ ਰੂਪ 'ਚ ਅੱਜ ਆਮ ਹੀ ਮਿਲਦੇ ਹਨ। ਇਹ ਧਾਰਮਿਕ ਲੋਕ ਬਹੁਤ ਸ਼ਾਤਰ ਹਨ ਅਤੇ ਜਾਣਦੇ ਕਿ ਲੋਕ ਉਹਨਾਂ ਦੇ ਚੁੰਗਲ 'ਚੋਂ ਨਿਕਲਦੇ ਜਾਂਦੇ ਤਾਂ ਉਹ ਵਿਗਿਆਨਕ ਕਾਢ ਟੀ. ਵੀ. ਚੈਨਲਾਂ ਦੀ ਵਰਤੋਂ ਕਰਕੇ ਨਿਰਮਲ ਬਾਬੇ ਵਰਗੇ ਬਣਕੇ ਕ੍ਰਿਪਾ ਵੇਚਣ ਲੱਗ ਗਏ ਹਨ। ਕੋਈ ਕੁਮਾਰ ਸਵਾਮੀ ਵਾਂਗੂ ਮੰਤਰਾਂ ਨਾਲ ਕੈਂਸਰ ਠੀਕ ਕਰਨ ਦਾ ਦਾਅਵਾ ਕਰਦਾ ਮਿਲ ਜਾਵੇਗਾ। ਕਈ ਰਵੀ ਸ਼ੰਕਰ ਵਰਗੇ ਆਪਣੀ ਫੋਟੋ ਅੱਗੇ ਰੱਖ ਕੇ ਮੋਬਾਇਲ ਚਾਰਜ ਕਰਨ ਦਾ ਦਾਅਵਾ ਕਰਦੇ ਮਿਲ ਜਾਣਗੇ। ਜਿਵੇਂ ਵਿਗਿਆਨਕ ਕਾਢਾਂ ਨਾਲ ਲੋਕ ਬਦਲ ਰਹੇ ਹਨ ਇਹ ਸ਼ਾਤਰ ਲੋਕ ਵੀ ਉਸੇ ਤਰ੍ਹਾਂ ਹੀ ਠੱਗੀ ਮਾਰਨ ਦੇ ਢੰਗ ਬਦਲ ਰਹੇ ਹਨ। ਇਥੋਂ ਤੱਕ ਕਈ ਬਾਬੇ ਮੋਬਾਇਲ 'ਤੇ ਹੀ ਹਥੌਲੇ ਪਾ ਰਹੇ ਹਨ।

ਹਰ ਸੰਗਠਿਤ ਧਰਮ ਖੁਦ ਹੀ ਇਕ ਸਭ ਤੋਂ ਵੱਡੀ ਕੁਰੀਤੀ ਹੈ। ਧਰਮ ਦੀਆਂ ਕੁਝ ਕੁ ਕੁਰੀਤੀਆਂ ਵਰਨਣ ਕਰਨ ਵਾਲੇ ਉਸ ਗੰਦਗੀ ਦੇ ਢੇਰ ਨੂੰ ਢਕਣ ਦਾ ਜਤਨ ਕਰਦੇ ਹਨ। ਸਾਨੂੰ ਚਾਹੀਦਾ ਹੈ ਕਿ ਅਸੀਂ ਸਮੇਂ ਦੇ ਨਾਲ ਵਿਗਿਅਨਕ ਸੋਚ ਅਪਣਾ ਕੇ ਖੁਦ ਆਪਣੀ ਨਵੀਂ ਸੰਸਕ੍ਰਿਤੀ ਅਤੇ ਨਵੀਆਂ ਪਰੰਪਰਾਵਾਂ ਪੈਦਾ ਕਰੀਏ। ਸਾਨੂੰ ਨਵਜੰਮੇ ਬੱਚੇ ਨੂੰ ਇਹ ਦੱਸਣ ਦੀ ਲੋੜ ਨਾ ਪਵੇ ਕਿ ਝੂਠ ਬੋਲਣਾ ਅਤੇ ਚੋਰੀ ਕਰਨਾ ਮਾੜਾ ਹੈ।

ਇਹ ਨੈਤਿਕ ਗੱਲਾਂ ਵੈਸੇ ਹੀ ਸਾਡੀ ਜ਼ਿੰਦਗੀ ਦਾ ਹਿੱਸਾ ਹੋਣੀਆਂ ਚਾਹੀਦੀਆਂ ਹਨ ਅਤੇ ਬਿਨਾਂ ਕਿਸੇ ਡਰ ਜਾਂ ਲਾਲਚ ਦੇ ਸਾਨੂੰ ਉਚਾ, ਸੁੱਚਾ ਪਰਉਪਕਾਰੀ ਜੀਵਨ ਜਿਉਣਾ ਚਾਹੀਦਾ ਹੈ। ਦੁਨੀਆਂ ਵਿਚ ਜਿਹੜੇ ਵੀ ਮੁਲਕਾਂ ਨੇ ਤਰੱਕੀ ਕੀਤੀ ਹੈ ਉਹ ਧਰਮ ਦੇ ਜੰਜਾਲ ਤੋਂ ਮੁਕਤ ਹੋ ਕੇ ਹੀ ਅੱਗੇ ਵੱਧੇ ਹਨ। ਜੇ ਹਿੰਦੂਆਂ ਮੁਸਲਮਾਨਾਂ ਦਾ ਯੋਗਦਾਨ ਵਿਗਿਆਨ 'ਚ ਜੀਰੋ ਪ੍ਰਤੀਸ਼ਤ ਹੈ ਤਾਂ ਇਸਦਾ ਕਾਰਨ ਧਰਮ ਸੜਿਹਾਂਦ ਮਾਰਦਾ ਪਾਣੀ ਹੈ। ਸ਼ਹੀਦ ਭਗਤ ਸਿੰਘ ਨੇ ਠੀਕ ਹੀ ਕਿਹਾ ਸੀ ਕਿ ਜਿੰਨੀ ਜਲਦੀ ਮਨੁੱਖ ਧਰਮ ਦੀ ਵਲਗਣ 'ਚੋਂ ਮੁਕਤ ਹੋ ਜਾਵੇਗਾ ਉਨੀ ਜਲਦੀ ਹੀ ਉਸਦੇ ਸਾਰੇ ਦੁਖ ਖਤਮ ਹੋ ਜਾਣਗੇ।

**94171 -20427**

## ਨਾਸਤਿਕ ਸੰਮੇਲਨ

ਸਵਾਮੀ ਬਾਲੇਦੂੰ ਗੋਸਵਾਮੀ ਨੇ ਇੱਕ ਨਾਸਤਿਕ ਸੰਮੇਲਨ ਚੋਦਾਂ ਪੰਦਰਾਂ ਸਤੰਬਰ ਨੂੰ ਆਪਣੇ ਆਸ਼ਰਮ ਬਿਦਰਾਵਣ ਵਿਖੇ ਕੀਤਾ। ਇਸ ਵਿੱਚ ਪੂਰੇ ਭਾਰਤ ਦੇ 18 ਰਾਜਾਂ ਵਿਚੋਂ 1000 ਦੇ ਕਰੀਬ ਨਾਸਤਿਕ ਵਿਅਕਤੀਆਂ ਨੇ ਭਾਗ ਲੈਣਾ ਸੀ। ਪਰ ਦੋ ਕੁ ਸੌ ਦੀ ਗਿਣਤੀ ਵਿੱਚ ਜੀਪਾਂ ਤੇ ਭਾਜਪਾ ਦੇ ਪੋਸਟਰ ਲਾ ਕੇ ਤੇ ਲਾਠੀਆਂ ਫੜ੍ਹ ਕੇ ਗੁੰਡੇ ਸੰਮੇਲਨ ਵਾਲੀ ਥਾਂ ਤੇ ਪੁੱਜ ਗਏ। ਉਹਨਾਂ ਨੇ ਅੰਮਾ ਜੀ ਰੈਸਟੋਰੈਂਟ ਦੇ ਬੋਰਡ ਤੋੜ ਦਿੱਤੇ। ਗੇਟ ਦੀ ਭੰਨਤੋੜ ਕੀਤੀ ਅਤੇ ਹਾਜ਼ਰ ਇਸਤਰੀ ਪੱਤਰਕਾਰਾਂ ਨੂੰ ਗਾਲਾਂ ਕੱਢੀਆਂ। ਵਕਤੀ ਤੌਰ ਤੇ ਕੁਝ ਸਮੇਂ ਲਈ ਇਹ ਸੰਮੇਲਨ ਟਲ ਗਿਆ। ਪਰ ਦੂਰ ਤੋਂ ਪੁੱਜੇ ਬਹੁਤ ਸਾਰੇ ਨਾਸਤਿਕ ਮੁੜ ਇਕੱਠੇ ਹੋ ਗਏ ਉਹਨਾਂ ਪ੍ਰੋਗਰਾਮ ਅਨੁਸਾਰ ਆਪਣੀ ਕਾਰਵਾਈ ਆਰੰਭ ਕਰ ਦਿੱਤੀ। ਇਸ ਪ੍ਰੋਗਰਾਮ ਨੂੰ ਮੁੜ ਆਰੰਭ ਕਰਨ ਲਈ ਪੰਜਾਬ ਦੇ ਜਾਣੇ ਪਹਿਚਾਣੇ ਪ੍ਰੋਫੈਸਰ ਡਾ: ਚਮਨ ਲਾਲ ਨੇ ਚੰਗੀ ਭੂਮਿਕਾ ਨਿਭਾਈ। ਅਸਲ ਵਿੱਚ ਸਿਆਸੀ ਪਾਰਟੀਆਂ ਨੂੰ ਵੋਟਾਂ ਦੀ ਲੋੜ ਹੁੰਦੀ ਹੈ। ਵੋਟਾਂ ਧਾਰਮਿਕ ਵਿਅਕਤੀਆਂ ਕੋਲ ਜਿਆਦਾ ਹੁੰਦੀਆਂ ਹਨ। ਇਸ ਲਈ ਅਜਿਹੇ ਸਮੇਂ ਭਾਰਤੀ ਸੰਵਿਧਾਨ ਨੂੰ ਪਾਸੇ ਰੱਖ ਕੇ ਸਾਰੇ ਪ੍ਰਬੰਧਕ ਅਤੇ ਸਿਆਸੀ ਆਗੂ ਕਸੂਰਵਾਰ ਗੁੰਡਿਆਂ ਨੂੰ ਛੱਡ ਕੇ ਨਾਸਤਿਕਾਂ ਖਿਲਾਫ਼ ਹੀ ਕੇਸ ਦਰਜ ਕਰਨੇ ਸ਼ੁਰੂ ਕਰ ਦਿੰਦੇ ਹਨ। ਅਜਿਹਾ ਹਰੇਕ ਥਾਂ ਤੇ ਵਾਪਰਦਾ ਹੈ। ਅਸੀਂ ਪੰਜਾਬ ਵਿੱਚ ਅਜਿਹਾ ਸਾਰਾ ਕੁਝ ਭੁਗਤਿਆ ਹੈ।

# ਪ੍ਰਮਾਣੂ ਬੰਬ

ਕਈ ਮੇਰੇ ਵਰਗੇ ਘਰ ਬੈਠ ਕੇ ਸਰਕਾਰ ਨੂੰ ਪਾਕਿਸਤਾਨ ਨਾਲ ਜੰਗ ਲਈ ਉਕਸਾ ਰਹੇ ਨੇ,ਪਰ ਜੇ ਜੰਗ ਲੱਗੀ ਤਾਂ ਬਚਣਾ ਆਪਾ ਘਰ ਬੈਠਿਆ ਵੀ ਨਹੀ, ਬਹੁਤੇ ਲੋਕਾ ਨੂੰ ਪ੍ਰਮਾਣੂ ਬੰਬਾਂ ਬਾਰੇ ਪਤਾ ਆਂ ਪਰ ਇਹ ਬੰਬ ਕਿਵੇ ਤਬਾਹੀ ਮਚਾਉਦੇ ਇਹਦੇ ਬਾਰੇ ਨਹੀ ਪਤਾ...!

ਚੱਲੋ ਮੰਨ ਲਵੋ ਭਾਰਤ ਤੇ ਪਾਕਿ ਦੌਰਾਨ ਲੜਾਈ ਹੋਈ ਤੇ ਦੋਵਾਂ ਦੇਸ਼ਾ ਨੇ ਪ੍ਰਮਾਣੂ ਬੰਬਾਂ ਦੀ ਵਰਤੋ ਕੀਤੀ,ਪਾਕਿ ਤੇ ਭਾਰਤ ਕੋਲ ਅੰਦਾਜ਼ਨ 110 ਕੁ ਪ੍ਰਮਾਣੂ ਬੰਬ ਹੋਣੇ ਆਂ,ਚੱਲੋ ਪਾਕਿ ਦੀ ਛੱਡੋ ਪਹਿਲਾ ਆਪਣੀ ਗੱਲ ਕਰਦੇ ਹਾਂ...!

ਪ੍ਰਮਾਣੂ ਬੰਬ ਵੱਡੇ ਛੋਟੇ ਹੁੰਦੇ ਨੇ ਪਰ ਮੰਨ ਲਵੋ ਪਾਕਿਸਤਾਨ ਭਾਰਤ ਤੇ ਇੱਕ ਮੈਗਾਟਨ ਪ੍ਰਮਾਣੂ ਬੰਬ ਸੁੱਟਦਾ ਹੈ ਤਾਂ ਜਿੱਥੇ ਇਹ ਬੰਬ ਡਿੱਗੇਗਾ ਉਸ ਥਾਂ ਦੇ 6 ਵਰਗ ਮੀਲ ਤੱਕ ਲੋਕਾਂ ਨੂੰ ਪਤਾ ਵੀ ਨਹੀ ਲੱਗਣਾ ਉਹ ਕਦੋ ਗਾਮਾ ਕਿਰਨਾਂ ਦੇ ਨਾਲ ਸੜ ਕੇ ਭਸਮ ਹੋ ਗਏ ਸਿਰਫ ਲੋਕ ਹੀ ਨਹੀ ਹਰ ਚੀਜ਼ ਹੀ...!

ਪ੍ਰਮਾਣੂ ਬੰਬ ਫਟਣ ਨਾਲ ਜੋ ਰੌਸ਼ਨੀ ਤੇ ਗਰਮੀ ਪੈਦਾ ਹੋਵੇਗੀ ਉਹ ਸੂਰਜ ਦੀ ਅੰਦਰਲੀ ਗਰਮੀ ਨਾਲੋਂ ਵੀ ਕਈ ਗੁਣਾ ਜਿਆਦਾ ਹੋਵੇਗੀ ਤੇ ਦਸ ਮੀਲ ਦੂਰ ਤੱਕ ਹਰ ਸੜਨ ਵਾਲੀ ਚੀਜ਼ ਸੜ ਜਾਵੇਗੀ ਤੇ 700 ਵਰਗ ਮੀਲ ਦੇ ਅੰਦਰ ਹਰ ਇਨਸਾਨ ਜਾਨਵਰ ਅੰਨ੍ਹਾ ਹੋ ਜਾਵੇਗਾ ਤੇ ਪੰਜਾਹ ਮੀਲ ਭਾਵ 7500 ਵਰਗ ਮੀਲ ਦੇ ਇਲਾਕੇ ਅੰਦਰ ਵਾਲੇ ਲੋਕ ਥੋੜ੍ਹਾ ਬਹੁਤ ਦੇਖ ਸਕਣਗੇ...!

ਜਿੱਥੇ ਇੱਕ ਮੈਗਾਟਨ ਪ੍ਰਮਾਣੂ ਬੰਬ ਡਿੱਗਿਆ ਉੱਥੇ ਬਹੁਤ ਤੇਜ਼ ਹਨੇਰੀ ਚੱਲੇਗੀ ਤੇ ਇਹ 60 ਮੀਲ ਚੌੜੀ ਤੇ 400 ਮੀਲ ਲੰਮੀ ਹੋਵੇਗੀ ਤੇ ਰਾਹ ਵਿੱਚ ਆਉਣ ਵਾਲੀ ਹਰ ਚੀਜ਼ ਨੂੰ ਭਸਮ ਕਰ ਦੇਵੇਗੀ, ਗਰਮੀ ਇਨ੍ਹੀ ਹੋਵੇਗੀ ਕਿ ਸੜਕਾਂ ਵੀ ਪਿਘਲ ਜਾਣ ਤੇ ਉੱਪਰ ਵੱਲ ਨੂੰ ਚੜ੍ਹੀ ਇਸ ਹਨੇਰੀ ਚੋ ਰੇਡੀਓ ਐਕਟਿਵ ਟੁੱਟ ਭੱਜ ਮੀਹ ਵਾਂਗ ਧਰਤੀ ਉੱਪਰ ਡਿੱਗੇਗਾ...!

ਬਿਲਡਿੰਗਾਂ ਸਭ ਖਤਮ ਹੋ ਜਾਣਗੀਆ ਤੇ ਇਨਸਾਨ ਪਲ ਭਰ ਵਿੱਚ ਮਰ ਜਾਣਗੇ ਤੇ ਪੜਾਕੇ ਤੋ ਥੋੜ੍ਹੀ ਦੂਰ ਵਾਲੇ ਇਨਸਾਨਾਂ ਦੇ ਸਰੀਰਾ ਨੂੰ ਅੱਗ ਲੱਗ ਜਾਵੇਗੀ ਤੇ ਹੋਰ ਥੋੜ੍ਹੀ ਦੂਰ ਵਾਲੇ ਦੇ ਗੁੱਛੇ ਝੜਨ ਲੱਗ ਜਾਣਗੇ ਤੇ ਬਹੁਤ ਜਿਆਦਾ ਤ੍ਰੇਹ ਨਾਲ ਵੀ ਲੋਕ ਮਰਨਗੇ...!

ਮੌਤ ਨੇ ਇੱਥੇ ਹੀ ਨਹੀ ਰੁਕਣਾ ਹੌਲੀ-ਹੌਲੀ ਜੋ ਬਚ ਗਏ ਉਹ ਚਮੜੀ ਦੀਆ ਬਿਮਾਰੀਆਂ ਦੇ ਸ਼ਿਕਾਰ ਹੋ ਜਾਣਗੇ,ਰੇਡੀਓ ਐਕਟਿਵ ਕਰਕੇ ਕੈਂਸਰ ਵਰਗੇ ਰੋਗਾਂ ਦੇ ਲੋਕ ਸ਼ਿਕਾਰ ਹੋ ਜਾਣਗੇ ਤੇ ਬਹੁਤ ਲੰਮੇ ਸਮੇ ਲਈ ਧਰਤੀ ਰਹਿਣ ਯੋਗ ਨਹੀ ਰਹੇਗੀ ਤੇ ਨਵੇ ਜੰਮੇ ਬੱਚੇ ਵੀ ਤੰਦਰੁਸਤ ਨਹੀ ਜੰਮਣਗੇ,ਦਹਾਕਿਆਂ ਪਹਿਲਾ ਡਿੱਗੇ ਪ੍ਰਮਾਣੂ ਬੰਬਾਂ ਦਾ ਸੰਤਾਪ ਜਪਾਨ ਦੇ ਸ਼ਹਿਰ ਅਜੇ ਤੱਕ ਝੱਲ ਰਹੇ ਨੇ...!

ਪਾਕਿ ਦੀ ਹੱਦ ਨਾਲ ਪੰਜਾਬ ਲੱਗਦਾ ਸੋ ਸਭ ਤੋ ਜਿਆਦਾ ਨੁਕਸਾਨ ਸਾਡਾ ਹੀ ਹੋਣਾ,ਦਿੱਲੀ ਤੱਕ ਮਾਰ ਆਂ ਬਿਗਾਨਿਆਂ ਦੀ, ਅਮਰੀਕਾ ਜੋ ਇਰਾਕ,ਸੀਰੀਆ ਚ' ਲੁਕਵੇ ਤੌਰ ਤੇ ਕਈ ਧਮਾਕਿਆ ਚ' ਪ੍ਰਮਾਣੂ ਬੰਬਾਂ ਵਰਗੀ ਸਮੱਗਰੀ ਦੀ ਵਰਤੋ ਕਰ ਰਿਹਾ ਹੈ ਉਸ ਧਮਾਕਿਆ ਚੋ ਨਿਕਲੇ ਖਤਰਨਾਕ ਕਣ ਹੌਲੀ-ਹੌਲੀ ਸਾਡੇ ਦੇਸ਼ ਚ' ਵੀ ਆਏ ਨੇ, ਐਵੇ ਨਹੀ ਹੁਣ ਵਾਲੀ ਪੀੜ੍ਹੀ ਪਹਿਲਿਆ ਪੀੜ੍ਹੀਆ ਨਾਲੋ ਕਮਜ਼ੋਰ ਹੋ ਰਹੀ,ਸੋ ਪੰਜਾਬ ਦੇ ਨਾਲ-ਨਾਲ ਅਸਰ ਸਾਰੇ ਦੇਸ਼ ਤੇ ਹੀ ਹੋਊ ਪਰ ਆਪਾ ਤਾਂ ਸਮਝ ਲਉ ਮੌਤ ਦੇ ਮੂੰਹ ਚ' ਹੀ ਬੈਠੇ ਆਂ...!

ਹਾਂ ਭਾਰਤ ਵਾਲੇ ਵੀ ਪਾਕਿ ਦਾ ਨੁਕਸਾਨ ਕਰਨਗੇ ਪਰ ਦੋਵੇਂ ਪਾਸੇ ਆਮ ਫੌਜੀ ਤੇ ਆਮ ਲੋਕਾਂ ਦਾ ਨੁਕਸਾਨ ਹੋਣਾ,ਵੱਡੇ-ਵੱਡੇ ਲੀਡਰਾਂ,ਬਿਜਨੈਸ਼ਮੈਨਾਂ ਨੇ ਤਾਂ ਫੜਕੇ ਜ਼ਹਾਜ ਪੱਛਮ ਵੱਲ ਨੂੰ ਉਡਾਰੀ ਮਾਰ ਜਾਣੀ...!

ਪਵਾਂਦੀ ਪੈ ਜਾਓ ਜਾਂ ਸਿਰਹਾਣੇ ਢਿੱਡ ਤਾਂ ਵਿਚਾਲੇ ਈ ਆਉਣਾ,ਪਾਕਿ ਦੇ ਮਰਨ ਜਾਂ ਭਾਰਤ ਦੇ ਮਰਨਾ ਤਾਂ ਆਮ ਲੋਕਾਂ ਨੇ ਈ ਆਂ,ਹੁਣ ਕਿਰਪਾਨਾਂ ਬੰਦੂਕਾਂ ਵਾਲੀਆ ਜੰਗਾਂ ਨੀ ਰਹਿ ਗਈਆ ਅਸੀ ਬਾਰੂਦ ਦੀ ਢੇਰੀ ਤੇ ਬੈਠੇ ਆਂ...!

ਵੈਸੇ ਤਾਂ ਇੰਟਰਨੈਸ਼ਨਲ ਤੇ ਪ੍ਰਮਾਣੂ ਸਮਝੌਤੇ ਹੋਏ ਆਂ ਦੇਸ਼ਾਂ ਦੇ ਕਿ ਪ੍ਰਮਾਣੂ ਬੰਬ ਨਹੀ ਚਲਾਉਣਾ ਪਰ ਫਿਰ ਵੀ ਮਰਦਾ ਕੀ ਨਾ ਕਰਦਾ ਆਲੀ ਗੱਲ ਵਾਂਗੂ ਜੇ ਭਾਰਤ ਜਿਆਦਾ ਉਤਾਂਹ ਚੜ੍ਹਿਆ ਤਾਂ ਅਗਲੇ ਕੁੱਝ ਤਾਂ ਕਰਨਗੇ ਹੀ...!

ਮਸਲੇ ਹੱਲ ਹੋਣੇ ਚਾਹੀਦੇ ਨੇ ਪਰ ਯੁੱਧ ਨਾਲ ਨਹੀ...!

*****

ਇਕ ਪਿੰਡ ਦੇ ਹਾਕਮਾਂ ਕੋਲ ਤਿੰਨ ਗਊਆਂ ਹਨ, ਧਰਮ ਗਊ, ਪਾਕਿਸਤਾਨੀ ਗਊ ਤੇ ਵਿਕਾਸ ਗਊ। ਹਾਲਾਂਕਿ ਜਿਆਦਾਤਰ ਰੌਲਾ ਇਹ ਰਹਿੰਦਾ ਵੀ ਵਿਕਾਸ ਗਊ ਜਿਆਦਾ ਦੁੱਧ ਦਿੰਦੀ ਆ, ਪਰ ਪਿਛਲੇ ਕੁਛ ਸਮੇ ਤੋਂ ਇਹ ਢਿੱਲੀ ਚਲਦੀ ਸੀ, ਤਾਂ ਫਟਾਫਟ ਪਾਕਿਸਤਾਨ ਆਲੀ ਨੂੰ ਆਸ ਲਵਾਈ ਗਈ, ਤੇ ਇਸਨੇ ਹਾਕਮਾਂ ਦੀ ਇੱਛਾ ਮੁਤਾਬਕ ਬਾਲਟੀਆਂ ਭਰੀਆਂ। ਪਰ ਇਹਦਾ ਦੁੱਧ ਤੇ ਬੋਹਲੀ ਸਿਰਫ ਮਾਲਕਾਂ ਨੇ ਹੀ ਸ਼ਕਣੀ ਐ।

ਬਾਕੀ ਧਰਮ ਗਊ ਸਦਾਬਹਾਰ ਆ ਜਦੋ ਮਰਜੀ ਚੋ ਲਵੋ ਦੁੱਧ ਹੀ ਦੁੱਧ ਆ।

ਇਕ ਚੌਥੀ ਗਊ ਵੀ ਆ ਇਹ ਇਥੇ ਦੇ ਲੋਕਾਂ ਕੋਲ ਆ, ਓਹਨੂੰ ਆਂਦੇ ਆ ਅਕਲ ਗਊ। ਪਰ ਇਹ ਬਾਹਲੀ ਕਮਜ਼ੋਰ ਆ, ਲੋਕੀ ਪੂਰੇ ਪੱਠੇ ਨੀਂ ਪਾਉਂਦੇ ਇਹਨੂੰ ਤਾਹੀਂ ਦੁੱਧ ਘੱਟ ਆ।

ਸ਼ਰਾਧ ਕਰਨ ਤੋਂ ਪਹਿਲਾਂ ਇਹ ਪਤਾ ਕਰੋ ਕਿ ਤੁਹਾਡਾ ਬਜ਼ੁਰਗ ਕਿਸ ਜੂਨ 'ਚ ਹੈ



ਜੇ ਤਾਂ ਤੋਤੇ ਦੀ ਜੂਨ ਵਿੱਚ ਹੈ ਫਿਰ ਤਾਂ ਪੁਜਾਰੀ ਨੂੰ ਹਰੀ ਮਿਰਚ ਦਿਉ। ਜੇ ਬਲਦ ਦੀ ਜੂਨ 'ਚ ਹੈ, ਫਿਰ ਤੂੜੀ ਤੇ ਗਤਾਵਾ ਕਰਕੇ ਪੁਜਾਰੀ ਨੂੰ ਖਾਣ ਵਾਸਤੇ ਦਿਉ। ਜੇ ਸੱਪ ਦੀ ਜੂਨ 'ਚ ਹੈ ਤਾਂ ਚੂਹੇ ਮਾਰ ਮਾਰ ਦਿਉ। ਜੇ ਬਾਪੂ ਸੂਰ ਦੀ ਜੂਨ 'ਚ ਹੋਵੇ ਤਾਂ ਕੂੜਾ ਪੁਜਾਰੀ ਨੂੰ ਖਾਣ ਨੂੰ ਦਿਉ ਤਾਂ ਕਿ ਬਾਪੂ ਦੀ ਸਹੀ ਖ਼ੁਰਾਕ ਬਾਪੂ ਤੱਕ ਪਹੁੰਚ ਸਕੇ।

– ਗਿਆਨੀ ਦਿੱਤ ਸਿੰਘ ਜੀ

## ਰੁਬਾਈ

ਗੋਲੀ, ਅੰਨੀ ਬੋਲੀ ਗੂੰਗੀ ਗੋਲੀ
ਸੰਗੀਓ ਇਹਦਾ ਸੰਗ ਨੀ ਚੰਗਾ
ਇਹਦਾ ਕੋਈ ਵੀ ਰੰਗ ਨੀ ਚੰਗਾ
ਇਹਦਾ ਕੋਈ ਵੀ ਫ਼ਾਇਦਾ ਨੀਂ ਜੇ
ਇਹਦਾ ਕੋਈ ਵੀ ਕਾਇਦਾ ਨੀਂ ਜੇ
ਗੋਲੀ ਇਹਨਾਂ ਵੱਲੋਂ ਚੱਲੇ
ਗੋਲੀ ਉਹਨਾਂ ਵੱਲੋਂ ਚੱਲੇ
ਗੋਲੀ ਨਾਲ ਪੁਆੜਾ ਪੈਂਦਾ
ਗੋਲੀ ਨਾਲ ਉਜਾੜਾ ਪੈਂਦਾ
ਇਧਰ ਇਹ ਬੰਦਾ ਮਾਰੇ
ਓਧਰ ਵੀ ਇਹ ਬੰਦਾ ਮਾਰੇ
ਆਪਣੇ ਬੰਦੇ ਮਾਰਨ ਨਾਲੋਂ
ਕਬਰਾਂ ਵਿੱਚ ਉਤਾਰਨ ਨਾਲੋਂ
ਮੇਰੀ ਮੰਨੋ ਮੇਰੇ ਚੰਨੋਂ
ਇਕ ਦੂਜੇ ਦੇ ਸੀਨੇ ਲੱਗੋ
ਫੁੱਲਾਂ ਦੇ ਗੁੱਲਦਸਤੇ ਲੱਭੋ
ਬੰਦੇ ਖਾਣੀ ਗੋਲੀ ਦੱਬੋ....
ਬੰਦੇ ਖਾਣੀ ਗੋਲੀ ਦੱਬੋ ....

ਬਾਬਾ ਨਜ਼ਮੀ

# ਗੁਰਸ਼ਰਨ ਸਿੰਘ ਅਤੇ ਸ਼ਹੀਦ ਭਗਤ ਸਿੰਘ ਦੀ ਯਾਦ 'ਚ ਬਰਨਾਲਾ 'ਚ ਮਨਾਈ ਨਾਟਕਾਂ ਅਤੇ ਗੀਤਾਂ ਭਰੀ ਰਾਤ



ਬਰਨਾਲਾ; 28 ਸਤੰਬਰ: ਇਨਕਲਾਬੀ ਪੰਜਾਬੀ ਰੰਗ ਮੰਚ ਦੀ ਸ਼ਰੋਮਣੀ ਹਸਤੀ ਗੁਰਸ਼ਰਨ ਸਿੰਘ ਦੀ ਪੰਜਵੀਂ ਸੂਬਾਈ ਬਰਸੀ, ਸਥਾਨਕ ਦਾਣਾ ਮੰਡੀ ਵਿਖੇ ਰਾਤ ਭਰ ਨਾਟਕ ਅਤੇ ਸੰਗੀਤ ਮੇਲਾ ਕਰਕੇ ਮਨਾਈ ਗਈ। ਗੁਰਸ਼ਰਨ ਭਾਅ ਜੀ ਦੇ ਹੱਥੀਂ 34 ਵਰ੍ਹੇ ਪਹਿਲਾਂ ਲਗਾਏ ਬੂਟੇ, ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਵੱਲੋਂ ਜਨਤਕ ਜਮਹੂਰੀ ਜੱਥੇਬੰਦੀਆਂ ਦੇ ਸਹਿਯੋਗ ਨਾਲ ਇਨਕਲਾਬੀ ਰੰਗ ਮੰਚ ਦਿਹਾੜੇ ਵਜੋਂ ਮਨਾਈ ਜਾਂਦੀ ਨਾਟਕਾਂ ਅਤੇ ਗੀਤਾਂ ਭਰੀ ਰਾਤ 'ਚ ਰੰਗ ਕਰਮੀਆਂ, ਲੇਖਕਾਂ, ਗੀਤਕਾਰਾਂ, ਗਾਇਕਾਂ, ਸਾਹਿਤਕਾਰਾਂ, ਤਰਕਸ਼ੀਲਾਂ, ਜਮਹੂਰੀ ਹੱਕਾਂ ਦੀਆਂ ਜੱਥੇਬੰਦੀਆਂ, ਪੱਤਰਕਾਰ ਭਾਈਚਾਰੇ ਅਤੇ ਸ਼ਹਿਰ ਨਿਵਾਸ਼ੀਆਂ ਨੇ ਸ਼ਮੂਲੀਅਤ ਕੀਤੀ। ਗੁਰਸ਼ਰਨ ਭਾਅ ਜੀ ਦੇ ਵਿਛੋੜੇ ਅਤੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਤ ਇਸ ਸਮਾਗਮ 'ਚ ਉਮੜਿਆ ਕਿਰਤੀ ਕਿਸਾਨਾਂ, ਵਿਦਿਆਰਥੀਆਂ, ਨੌਜਵਾਨਾਂ, ਬੇਰੁਜ਼ਗਾਰਾਂ, ਔਰਤਾਂ ਅਤੇ ਸਾਹਿਤ। ਕਲਾ ਜਗਤ ਨਾਲ ਜੁੜੀਆਂ ਸਖ਼ਸ਼ੀਅਤਾਂ ਦਾ ਹੜ੍ਹ ਮੂੰਹ ਬੋਲਦੀ ਗਵਾਹੀ ਭਰ ਰਿਹਾ ਸੀ ਕਿ ਪੰਜਾਬ ਵਾਸੀ ਆਪਣੇ ਲੋਕ- ਨਾਇਕਾਂ ਨੂੰ ਸਾਹੀਂ ਵਸਾਕੇ ਰੱਖਦੇ ਹਨ ਅਤੇ ਉਹਨਾਂ ਦੇ ਸੁਪਨੇ ਸਾਕਾਰ ਕਰਨ ਲਈ ਦ੍ਰਿੜ ਸੰਕਲਪ ਹਨ। ਸਮਾਗਮ ਦਾ ਆਗ਼ਾਜ਼ ਗੁਰਸ਼ਰਨ ਸਿੰਘ ਅਤੇ ਸ਼ਹੀਦ ਭਗਤ ਸਿੰਘ ਦੀਆਂ ਤਸਵੀਰਾਂ ਨੂੰ ਗੁਰਸ਼ਰਨ ਸਿੰਘ ਦੀ ਧੀ ਡਾ. ਨਵਸ਼ਰਨ, ਦਾਮਾਦ ਡਾ. ਅਤੁਲ, ਪੰਜਾਬ ਲੋਕ ਸਭਿਆਚਾਰਕ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਦੀ ਅਗਵਾਈ 'ਚ ਸੂਬਾ ਕਮੇਟੀ ਅਤੇ ਸਮੂਹ ਸਹਿਯੋਗੀ ਜੱਥੇਬੰਦੀਆਂ ਦੇ ਨੁੰਮਾਇੰਦਿਆਂ ਵੱਲੋਂ ਫੁੱਲ-ਮਾਲਾ ਪਹਿਨਾਉਣ ਨਾਲ ਹੋਇਆ। ਇਸ ਮੌਕੇ ਮੰਚ ਅਤੇ ਖਚਾ ਖਚ ਭਰਿਆ ਪੰਡਾਲ, ਮੋਮਬੱਤੀਆਂ ਦੀ ਲੋਅ ਨਾਲ ਜਗ ਮਗਾ ਉੱਠਿਆ ਇਉਂ ਪ੍ਰਤੀਤ ਹੁੰਦਾ ਸੀ ਜਿਵੇਂ ਸਮਾਜ ਅੰਦਰ ਫੈਲੇ ਹਨੇਰੇ ਨੂੰ ਦੂਰ ਕਰਕੇ ਸੂਹੀ ਸਵੇਰ ਦੀ ਆਮਦ ਦਾ ਪੈਗ਼ਾਮ ਦੇ ਰਿਹਾ ਹੋਵੇ।



ਇਸ ਮੌਕੇ ਪੰਜਾਬ ਲੋਕ ਸਭਿਆਚਾਰਕ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਨੇ ਮੰਚ ਤੋਂ ਅਹਿਦ ਪੜ੍ਹਿਆ ਜਿਸਦੇ ਇੱਕ ਇੱਕ ਬੋਲ ਨੂੰ ਭਰੇ ਪੰਡਾਲ ਨੇ ਖੜ੍ਹੇ ਹੋ ਕੇ ਬੁਲੰਦ ਕੀਤਾ। ਇਸ ਅਹਿਦ 'ਚ ਕਲਾ, ਕਲਮ ਅਤੇ ਲੋਕ-ਸੰਘਰਸ਼ਾਂ ਦੀ ਜੋਟੀ ਮਜ਼ਬੂਤ ਕਰਨ ਉੱਪਰ ਜ਼ੋਰ ਦਿੱਤਾ ਗਿਆ ਅਹਿਦ 'ਚ ਦਾਅਵਾ ਕੀਤਾ ਗਿਆ ਕਿ ਗੁਰਸ਼ਰਨ ਸਿੰਘ ਅਤੇ ਸ਼ਹੀਦ ਭਗਤ ਸਿੰਘ ਵਰਗੇ ਲੋਕ-ਨਾਇਕ ਕਦੇ ਵੀ ਮਰਿਆ ਨਹੀਂ ਕਰਦੇ। ਉਹਨਾਂ ਦੀ ਸੋਚ ਅਤੇ ਸੁਪਨੇ ਲੋਕਾਂ ਦੇ ਸਾਹੀਂ ਵਸਦੇ ਹਨ। ਲੋਕਾਂ ਨੇ ਦ੍ਰਿੜ ਸੰਕਲਪ ਹੁੰਦਿਆਂ ਇਸ ਅਹਿਦ ਸਮੇਂ ਐਲਾਨ ਕੀਤਾ ਕਿ ਮੁਲਕ ਅੰਦਰ ਕੌਮੀ ਜਨੂੰਨ, ਫਿਰਕੂ ਦਹਿਸ਼ਤਗਰਦੀ, ਜੰਗ ਵਾਲਾ ਮਾਹੌਲ ਸਿਰਜਕੇ ਹਾਕਮ ਜਮਾਤਾਂ, ਕਰੋੜਾਂ ਲੋਕਾਂ ਦੇ ਰੋਟੀ, ਰੋਜ਼ੀ, ਸਿੱਖਿਆ, ਸਿਹਤ, ਰੁਜ਼ਗਾਰ ਅਤੇ ਨਿਆਂ ਭਰੇ ਨਿਜ਼ਾਮ ਦੀ ਸਿਰਜਣਾ ਨੂੰ ਪਰਨਾਏ ਸੁਪਨੇ ਦਫ਼ਨ ਕਰਨਾ ਲੋਚਦੀਆਂ ਹਨ, ਅਜਿਹੀਆਂ ਸ਼ਾਤਰਾਨਾ ਚਾਲਾਂ ਨੂੰ ਕਦੇ ਵੀ ਬੂਰ ਨਹੀਂ ਪੈਣ ਦਿੱਤਾ ਜਾਏਗਾ। ਗੁਰਸ਼ਰਨ ਸਿੰਘ ਦੀ ਧੀ ਡਾ. ਨਵਸ਼ਰਨ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਰੰਗ ਮੰਚ ਦੇ ਇਤਿਹਾਸ ਅੰਦਰ ਇਨਕਲਾਬੀ ਪੰਜਾਬੀ ਰੰਗ ਮੰਚ ਦਾ ਇਤਿਹਾਸ, ਮਾਣ ਨਾਲ ਸਿਰ ਉੱਚਾ ਕਰਕੇ ਖੜ੍ਹਾ ਹੈ। ਡਾ. ਨਵਸ਼ਰਨ ਨੇ ਕਿਹਾ ਕਿ ਸਾਡੇ ਪਿਤਾ ਵੱਲੋਂ ਸਖ਼ਤ ਘਾਲਣਾ, ਨਿਹਚਾ ਅਤੇ ਪ੍ਰਤੀ ਬੱਧਤਾ ਨਾਲ ਕੀਤੀ ਰੰਗ ਮੰਚ ਦੀ ਖੇਤੀ ਦਾ ਖਿੜਿਆ ਸੂਹਾ ਬਾਗ ਤੱਕਕੇ ਅੱਜ ਅਸੀਂ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਸ਼ਹੀਦ ਭਗਤ ਸਿੰਘ ਅਤੇ ਆਸਾਡੇ ਪਾਪਾ ਦੇ ਵਾਰਸ਼ ਨਵਾਂ-ਨਰੋਆ ਸਮਾਜ ਅਤੇ ਸਭਿਆਚਾਰ ਸਿਰਜਣ ਲਈ ਅਗੇਰੇ ਵਧਦੇ ਜਾਣਗੇ।

ਇਸ ਮੌਕੇ ਹੀ ਅਮੋਲਕ ਸਿੰਘ ਦੁਆਰਾ ਸੰਪਾਦਿਤ ਦੋ ਪੁਸਤਕਾਂ 'ਪਾਸ਼-ਕਾਵਿ' ਅਤੇ 'ਉਦਾਸੀ ਕਾਵਿ' ਜੋ ਤਰਕਭਾਰਤੀ ਪ੍ਰਕਾਸ਼ਨ ਦੇ ਅਮਿੱਤ ਮਿੱਤਰ ਵੱਲੋਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ ਲੋਕ ਅਰਪਣ ਕੀਤੀਆਂ ਗਈਆਂ। ਪਲਸ ਮੰਚ ਦੇ ਜੋਆਇੰਟ ਸਕੱਤਰ ਮਾਸਟਰ ਰਾਮ ਕੁਮਾਰ, ਮੀਤ ਪ੍ਰਧਾਨ ਹੰਸਾ ਸਿੰਘ, ਵਿੱਤ ਸਕੱਤਰ ਕਸਤੂਰੀ ਲਾਲ, ਸੂਬਾ ਕਮੇਟੀ ਮੈਂਬਰ ਹਰਵਿੰਦਰ ਦੀਵਾਨਾ, ਗੁਰਪ੍ਰੀਤ ਚਮਕੌਰ ਸਾਹਿਬ ਹਾਜ਼ਰ ਸਨ। ਤਰਕਸ਼ੀਲ ਸੁਸਾਇਟੀ ਭਾਰਤ ਨੇ ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਵਿੱਚ ਆਪਣਾ ਬਣਦਾ ਯੋਗਦਾਨ ਪਾਇਆ।



# ਚਮਤਕਾਰੀ ਪਾਣੀ



ਮਾ. ਮਨਦੀਪ ਸਿੰਘ ਡਡਿਆਣਾ
94177-33038

**ਸਵੇਰ** ਦੇ ਕੰਮਾਂ ਕਾਰਾਂ ਤੋਂ ਵਿਹਲੀ ਹੋ ਕੇ ਮਾਈ ਮੀਰੋ ਨੇ ਗੁਆਂਢਣ ਦਾਸੀ ਦਾ ਬੂਹਾ ਜਾ ਖੜ੍ਹਕਾਇਆ। ਫੇਰ ਥੋੜ੍ਹਾ ਦੇਰ ਰੁਕ ਕੇ ਜਦੋਂ ਅੰਦਰੋਂ ਕੋਈ ਹਿਲਜੁਲ ਨਾ ਹੋਈ ਤਾਂ ਮੀਰੋ ਅੰਦਰ ਹੀ ਜਾ ਵੜੀ। ਦਾਸੀ ਅਜੇ ਆਪਣੇ ਨੇੜਲੇ ਕਸਬੇ ਵਿਚ ਟੈਂਪੂ ਚਲਾਉਂਦੇ ਮੁੰਡੇ ਬਲਵੰਤ ਲਈ ਰੋਟੀ ਟੁੱਕ ਦੇ ਆਹਰ ਵਿੱਚ ਲੱਗੀ ਹੋਈ ਸੀ। ਮੀਰੋ ਚੌਂਕੇ ਵਿਚ ਹੀ ਦਾਸੀ ਦੇ ਕੋਲ ਡਹੀ ਪੀੜ੍ਹੀ ਤੇ ਜਾ ਬੈਠੀ।

"ਹੋਰ ਸੁਣਾ ਭੈਣੇ ਕਿਵੇਂ ਆਉਣਾ ਹੋਇਆ ਇੰਨ੍ਹੇ ਸਵੱਖਤੇ?" ਦਾਸੀ ਨੇ ਮੀਰੋ ਤੋਂ ਪੁੱਛਿਆ।

"ਆਹ ਦਵਾਈ ਮੰਗਵਾਉਣੀ ਸੀ, ਬਡਾਲੀ ਤੋਂ ਸੋਚਿਆ ਬਲਵੰਤ ਤੋਂ ਮੰਗਾ ਲਵਾਂ।" ਮੀਰੋ ਨੇ ਸੌ ਦਾ ਨੋਟ ਅਤੇ ਇਕ ਦਵਾਈ ਦਾ ਪੱਤਾ ਵਿਖਾਉਂਦਿਆਂ ਮੀਰੋ ਨੇ ਕਿਹਾ।

"ਮੈਂ ਤਾਂ ਸੁਣਿਆ ਸੀ ਭੈਣੇ ਕਿ ਤੇਰਾ ਲੱਕ ਹੁਣ ਠੀਕ ਆ, ਜਦੋਂ ਦੀ ਪਾਣੀ ਪੀ ਕੇ ਆਈ ਏ ਚਮਤਾਕਾਰੀ ਨਲਕੇ ਦਾ। ਕੱਲ੍ਹ ਨੰਦੂ ਵੀ ਦੱਸਦਾ ਸੀ ਕਿ ਹੁਣ ਠੀਕ ਆ ਬੇਬੇ ਮੇਰੀ ਹੁਣ ਨੀ ਹੁੰਦਾ ਦਰਦ ਉਹਦੇ।" ਦਾਸੀ ਨੇ ਹੈਰਾਨਗੀ ਨਾਲ ਪੁੱਛਿਆ।

"ਕੀ ਕਰਾਂ ਭੈਣ ਜੇ ਕਹਾਂ ਠੀਕ ਨੀ ਹੋਈ ਤਾਂ ਨੰਦੂ ਦਾ ਬਾਬਾ ਤਾਂ ਗਿੱਟੇ ਭੰਨ ਦੂ ਮੇਰੇ। ਉਸ ਦਿਨ ਤੜਕੇ ਕਿਸੇ ਨੂੰ ਬਿਨਾਂ ਦੱਸਿਆ ਹੀ ਜਾ ਬੈਠੀ ਸੀ ਤੇਰੇ ਨਾਲ ਟੈਂਪੂ ਵਿਚ। ਕਾਲੀ ਮੱਝ ਤਾਂ ਉਸ ਦਿਨ ਦੀ ਹੀ ਪਿੱਛਾ ਦਿਖਾਉਂਦੀ ਏ। ਧੁੱਪ ਵਿੱਚ ਗਰਮੀ ਲੱਗ-ਗੀ ਬਿਮਾਰ ਹੋ ਗੀ।" ਮੀਰੋ ਨੇ ਦੱਸਿਆ।

" ਕਿਉਂ ਕਿਸੇ ਨੇ ਛਾਵੇਂ ਹੀ ਨੀ ਕੀਤੀ ਪਿੱਛੋਂ।" ਦਾਸੀ ਨੇ ਪੁੱਛਿਆ।

" ਕਿੱਥੇ ਭੈਣ ਮੈਂ ਬਿਨ੍ਹਾਂ ਦੱਸਿਆਂ ਹੀ ਚਲੇ ਗਈ ਸੀ। ਸੋਚਿਆ ਜੇ ਦੱਸਿਆ ਤਾਂ ਕੀਹਨੇ ਜਾਣ ਦੇਣੈ। ਪਿਛਲੇ ਸਾਲ ਜਦੋਂ ਪਹਾੜ ਵਾਲਾ ਬਾਬਾ ਦਿੰਦਾ ਸੀ ਰਾਖ ਕਰ ਕੇ, ਬੜੀ ਬਾਰ ਕਿਹਾ ਨੰਦੂ ਦੇ ਬਾਬੇ ਨੂੰ ਪਰ ਉਹ ਨਾ ਮੰਨਿਆ। ਨੰਦੂ ਦੇ ਪਿਉ ਦੀਆ ਵੱਖ ਮਿੰਨਤਾਂ ਕੀਤੀਆਂ ਦੋਵੇਂ ਪਿਓ ਪੁੱਤ ਲੋਹੇ ਦੇ ਥਣ ਬਣ ਗੇ। ਬੜਾ ਬਸੋਸ ਰਿਹਾ, ਨਾ ਜਾ ਹੋਣ ਦਾ। ਸ਼ਾਇਦ ਉਦੋਂ ਠੀਕ ਹੀ ਹੋ ਜਾਂਦੀ। ਪਰ ਕੀ ਕਰਦੀ। ਜਦੋਂ ਨਾ ਮੰਨੇ ਤਾਂ ਰਹਿ ਹੀ ਗਿਆ ਮੇਰਾ ਜਾਣਾ ਤਾਂ।" ਮੀਰੋ ਦੁਖੀ ਜਿਹੀ ਹੋ ਕੇ ਬੋਲੀ।

"ਵਧੀਆ ਹੋਇਆ ਭੈਣ ਨਹੀਂ ਗਈ ਤੂੰ, ਉਹ ਬਾਬਾ ਤਾਂ ਚਾਰ ਕੁ ਮਹੀਨੇ ਬਾਅਦ ਫੜ੍ਹ ਲਿਆ ਸੀ ਪੁਲਿਸ ਨੇ ਕਿਸੇ ਜਨਾਨੀ ਨਾਲ ਮਾੜੀ ਹਰਕਤ ਕੀਤੀ ਸੀ ਉਹਨੇ। ਨਾ ਤੇਰੇ ਜਾਣ ਤੋਂ ਬਾਅਦ ਬਾਕੀ ਟੱਬਰ ਕਿੱਥੇ ਸੀ? ਦੋ ਮੱਝਾਂ ਨਾ ਅੰਦਰ ਹੋਈਆਂ ਉਹਨਾਂ ਤੋਂ।" ਦਾਸੀ ਬੋਲੀ।

"ਮੁੰਡਾ ਤਾਂ ਸਵੇਰ ਦਾ ਕੰਮ ਤੇ ਗਿਆ ਹੋਇਆ ਸੀ। ਬਾਬਾ ਨੰਦੂ ਦਾ ਚਲੇ ਗਿਆ ਗੁਆਂਢੀ ਦਾਰੇ ਦਿਆਂ ਨਾਲ ਮਰਗਤ ਤੇ, ਉਨ੍ਹਾਂ ਦੀ ਕੁੜੀ ਦੀ ਨਣਦ ਮਰ ਗੀ ਸੀ ਉਸ ਦਿਨ, ਫੇਰ ਬਾਹਰਲੇ ਘਰ ਕੀਹਨੇ ਜਾਣਾ ਸੀ। ਉਹ ਤਾਂ ਕਿਤੇ ਤਾਰੀ ਨੇ ਵੇਖ ਲੀ ਹੌਂਕਦੀ ਮੇਸ ਬਾਹਰਲੇ ਘਰ। ਉਹ ਦੱਸ ਗਿਆ ਘਰ, ਫੇਰ ਬਹੂ ਕਰ ਕੇ ਆਈ ਅੰਦਰ। ਕਹਿੰਦੀ ਗਿੱਠ ਦੀ ਜੀਭ ਕੱਢੀ ਸੀ ਮੈਸ ਨੇ। ਮੇਰੇ ਆਉਣ ਤੇ ਕਲੇਸ਼ ਛਿੜ ਗਿਆ ਘਰ ਵਿੱਚ। ਹੋਰ ਪਤਾ ਨੀ ਕੀ- ਕੀ ਲਵਾ ਲੂਤਰੀਆਂ ਲਾਈਆਂ ਹੁਣੀਆਂ ਜੈ ਵੱਢੀ ਨੇ ਮੇਰੇ ਵਿਰੁੱਧ। ਦੱਸ ਭਲਾਂ ਜੇ ਗਿੱਠ ਜੀਭ ਨਿਕਲ ਜਾਂਦੀ ਤਾਂ ਬਚ ਜਾਂਦੀ ਮੈਸ ਚਾਰ ਟੀਕਿਆਂ ਨਾਲ। ਸਾਰੇ ਟੱਬਰ ਨੂੰ ਮੈਸ ਦੀ ਪੈ ਗੀ ਮੇਰੀ ਨੀ ਕਿਸੇ ਨੇ ਸੁਣੀ ਕਿ ਕਿੰਨੀ ਕੁ ਠੀਕ ਹੋਈ। ਦੋਹਾਂ ਪਿਉ ਪੁੱਤਾਂ ਨੇ ਮੇਰੇ ਨਾਲ-ਨਾਲ ਚਮਤਕਾਰੀ ਪਾਣੀ ਨੂੰ ਵੀ ਗਾਲ੍ਹਾਂ ਕੱਢੀਆਂ। ਸ਼ਾਇਦ ਤਾਂਹੀ ਵਰ ਨੀ ਕਰਿਆ ਖੁਆਜੇ ਨੇ।ਹੁਣ ਜੇ ਮੈਂ ਕਹਾਂ ਕਿ ਦਵਾਈ ਲਿਆ ਦੋ ਠੀਕ ਨੀ ਮੇਰਾ ਲੱਕ ਤਾਂ ਤੂੰ ਤਾਂ ਜਾਣਦੀ ਏ ਕੀ ਬੀਤੂ ਮੇਰੇ ਨਾਲ।" ਮੀਰੋ ਨੇ ਢਿੱਡ ਫਰੋਲਿਆ।

" ਮੈ ਸੁਣਿਆ ਦਾਰੇ ਦੀ ਕੁੜੀ ਦੀ ਨਣਦ ਨੂੰ ਕਸਰ ਹੋਗੀ ਸੀ।" ਦਾਸੀ ਨੇ ਪੁੱਛਿਆ।

" ਆਹੋ ਬੜੇ ਫਿਰੇ ਸਿਆਣਿਆ ਕੋਲ ਬਚਾਰੇ, ਪਰ ਬਚੀ ਨੀ। ਦਾਰੇ ਦਾ ਮੁੰਡਾ ਸਨਦੀਪ ਤਾਂ ਕਹਿੰਦਾ ਸੀ ਕਿ ਜੇ ਹਸਪਤਾਲ ਲੈ ਜਾਂਦੇ ਤਾਂ ਬਚ ਜਾਂਦੀ। ਪਰ ਰੂਹਾਂ ਕਿਥੇ ਕਾਬੂ ਆਉਂਦੀਆਂ ਨੇ ਡਾਕਟਰਾਂ ਤੋਂ। ਇਹ ਤਾਂ ਨਾਲ ਹੀ ਲੈ ਜਾਂਦੀਆਂ ਨੇ ਕਈ ਵਾਰ ਬੰਦੇ ਨੂੰ।" ਮੀਰੋ ਨੇ ਕਹਾਣੀ ਦੱਸੀ ਨਾਲ ਹੀ ਆਪਣੀ ਸਮਝ।

"ਪਰ ਮੈਂ ਤਾਂ ਸੁਣਿਆ ਏ ਡੇਰੇ ਵਿਚ ਭੂਤ ਕੱਢਣ ਲਈ ਕੀਤੇ ਧੂੰਏਂ ਨਾਲ ਸਾਹ ਚੜ੍ਹਨ ਨਾਲ ਮਰ ਗੀ। ਪੁਲਿਸ ਲੈ ਗੀ ਫੜ੍ਹ ਕੇ ਡੇਰੇ ਵਾਲੇ ਬਾਬੇ ਨੂੰ।" ਦਾਸੀ ਬੋਲੀ।

"ਆਹੋ, ਦਾਰੇ ਦੇ ਮੁੰਡੇ ਸਨਦੀਪ ਨੇ ਜਾ ਕੇ ਰੌਲਾ ਪਾ ਲਿਆ ਉੱਥੇ। ਪੁਲਿਸ ਨੂੰ ਫੋਨ ਕਰ ਤਾ ਪੋਸਟ ਮਾਰਟਮ ਵਿਚ ਡਾਕਟਰ ਕਹਿੰਦਾ ਕਿ ਸਾਹ ਘੁੱਟਣ ਨਾਲ ਹੋਈ ਆ ਮੌਤ ਕੁੜੀ ਦੀ। ਇਹਨਾਂ ਪੜ੍ਹਿਆਂ ਲਿਖਿਆਂ ਦੀ ਤਾਂ ਮੱਤ ਹੀ ਮਾਰੀ ਗਈ ਆ। ਰੂਹ ਨੇ ਘੁੱਟ ਤਾ ਹੋਊ ਸਾਹ ਕੁੜੀ ਦਾ ਨਾਲੇ ਬਾਬਾ ਫਸਾ ਤਾ ਵਿਚਾਰਾ ਰੱਬ ਰੂਪ।" ਮੀਰੋ ਨੂੰ ਬਾਬੇ ਨਾਲ ਹਮਦਰਦੀ ਸੀ।

"ਹਾਂ ਸੱਚ ਮੈਂ ਸੁਣਿਐ ਤੇਰੀ ਨਿਗਾ ਵਧ ਗੀ। ਕੱਲ ਸਾਮ ਨੂੰ ਦੇਬੋ ਆਈ ਸੀ ਗੋਹਾ ਚੁੱਕਣ ਕਹਿੰਦੀ ਸੀ ਕਿ ਦਾਸੀ ਚਾਚੀ ਦੀ ਨਿਗਾ ਪੂਰੀ ਹੋ ਗੀ, ਪਹਿਲਾਂ ਚਾਰ ਡਿੰਗਾਂ ਤੇ ਨੀ ਸੀ ਦਿੱਸਦਾ ਹੁਣ ਚਾਰ ਮੀਲ ਤੇ ਬਡਾਲੀ ਆਲੇ ਗੁਰਦੁਆਰੇ ਦਾ ਗੁੰਮਟ ਦਿਖਣ ਲੱਗ ਗਿਆ। ਨਾਲੇ ਕਹਿੰਦੀ ਸੀ ਕਿ ਮੈਂ ਕੱਲ੍ਹ ਨੀ ਆਉਣਾ ਗੋਹਾ ਚੁੱਕਣ, ਗਰਦਣ ਦੁੱਖਦੀ ਆ ਮੇਰੀ, ਮੈਂ ਵੀ ਜਾਣੈ ਪਾਣੀ ਪੀਣ।"

"ਵਹਿਗੁਰੂ ਜੀ ਕਾ ਖਾਲਸਾ, ਵਹਿਗੁਰੂ ਜੀ ਕੀ ਫਤਿਹ ਸਭ ਨਗਰ ਨਿਵਾਸੀਆਂ ਨੂੰ



ਬੇਨਤੀ ਕੀਤੀ ਜਾਂਦੀ ਹੈ ਕਿ ਕੱਲ੍ਹ ਸਵੇਰੇ ਬਲਵੰਤ ਸਿੰਘ ਦਾ ਟੈਂਪੂ ਜਾਊਗਾ ਭਾਈ ਸੰਗਤ ਲੈ ਕੇ ਤੜਕੇ ਚਾਰ ਵਜੇ ਚਮਤਕਾਰੀ ਪਾਣੀ ਪਿਆਉਣ ਸੰਗਤ ਨੂੰ, ਜਿਹੜੀ ਵੀ ਸੰਗਤ ਨੇ ਜਾਣਾ ਹੋਵੇ ਭਾਈ ਉਹ ਬਲਵੰਤ ਟੈਂਪੂ ਵਾਲੇ ਕੋਲ ਦੋ ਸੌ ਰੁਪਏ ਸਵਾਰੀ ਦੇ ਹਿਸਾਬ ਨਾਲ ਪੈਸੇ ਜਮ੍ਹਾਂ ਕਰਵਾ ਦੇਵੇ। ਵਹਿਗੁਰੂ ਜੀ ਕਾ ਖਾਲਸਾ, ਵਹਿਗੁਰੂ ਜੀ ਕੀ ਫਤਿਹ।

ਗੁਰੂਦੁਆਰੇ ਦੇ ਸਪੀਕਰ ਵਿਚੋਂ ਭਾਈ ਦੀ ਅਵਾਜ ਗੂੰਜ ਰਹੀ ਸੀ।

"ਕੱਲ ਫੇਰ ਜਾਊਗਾ ਟੈਂਪੂ ਸੰਗਤ ਲੈ ਕੇ?" ਮੀਰ ਨੇ ਦਾਸੀ ਨੂੰ ਪੁੱਛਿਆ।

"ਹਾਂ ਭੈਣ ਜਾਊਗਾ ਕੱਲ ਦਿਨ ਆ ਖਵਾਜੇ ਦਾ ਐਤਵਾਰ, ਤੜਕੇ ਚਾਰ ਵਜੇ ਤੁਰਨਗੇ ਪੰਜ ਵਜੇ ਪੁੱਜ ਜਾਣਗੇ। ਜੇ ਲੇਟ ਗਏ ਫੇਰ ਤਾਂ ਬੜੀਓ ਲੰਬੀ ਲਾਈਨ ਲੱਗ ਜਾਊਗੀ ਉੱਥੇ।" ਦਾਸੀ ਅੱਖਾਂ ਜਹੀਆਂ ਝਮਕਦੀ ਆਲੇ ਦੁਆਲੇ ਝਾਕਦੀ ਬੋਲੀ।

"ਆਹੋ ਭਾਈ ਤੁਸੀ ਤਾਂ ਜਾਣਾ ਹੀ ਏ ਰਾਮ ਜੋ ਆ ਗਿਆ ਤੁਹਾਨੂੰ। ਮੈਂ ਸੁਣਿਐ ਭੋਲੂ ਦੇ ਦਾਦੇ ਦਾ ਸੂਗਰ ਵੀ ਠੀਕ ਹੋ ਗਿਆ ਉਸ ਦਿਨ ਤੋਂ।" ਮੀਰੋ ਨੇ ਕਿਹਾ।

"ਹਾਂ, ਚਾਰ ਸੌ ਤੱਕ ਰਹਿੰਦਾ ਸੀ ਪਹਿਲਾਂ ਹੁਣ ਨਹੀ ਉੱਦਨ ਦਾ ਵਧਿਆ ਡੂਢ ਸੌ ਤੋਂ। ਜਦੋਂ ਦਾ ਪਾਣੀ ਪੀ ਕੇ ਆਇਆ ਏ ਚਮਤਕਾਰੀ ਨਲਕੇ ਦਾ। ਸਾਡੇ ਤਾਂ ਭੈਣ ਉਸ ਨਲਕੇ ਨੇ ਰੋਗ ਤੋੜਤੇ। ਤੈਂ ਨੀ ਵੇਖਿਆ ਆਪਣੇ ਅੱਗੇ ਸੀ ਜਿਹੜੀ ਤੀਵੀ ਕਿਵੇਂ ਛਾਤੀ ਨੂੰ ਲੱਗੇ ਸੀ ਦੋਵੇਂ ਹੱਥ ਉਹਦੇ ਕੱਠੇ ਹੋ ਕੇ। ਜਦੋਂ ਪਾਣੀ ਪੀਤਾ ਤਾਂ ਭਲੀਆਂ ਚੰਗੀਆਂ ਹੋ ਗੀਆਂ ਬਾਹਾਂ ਉਹਦੀਆਂ।" ਦਾਸੀ ਨੇ ਪੂਰੀ ਤਰ੍ਹਾਂ ਗਤੀਵਿਧੀ ਕਰ ਕੇ ਦੱਸਿਆ।

"ਪਤਾਂ ਨੀ ਹੁਣ ਕਿਵੇਂ ਹੋਊ ਵਿਚਾਰੀ।" ਮੀਰੋ ਬੋਲੀ।

"ਬਲਵੰਤ ਦੱਸਦਾ ਸੀ ਕਿ ਉਹਦਾ ਘਰਵਾਲਾ ਵੀ ਟੈਂਪੂ ਚਲਾਉਂਦੈ ਚਾਰ-ਪੰਜ ਦਿਨ ਤੋਂ ਬੜੀ ਮਾੜੀ ਹਾਲਤ ਸੀ ਉਹਦੀ, ਹੁਣ ਠੀਕ ਆ।" ਦਾਸੀ ਨੇ ਦੱਸਿਆ।

"ਹਾਂ ਭੈਣ ਸੁਣਿਆ ਤਾਂ ਹੋਰ ਬੜਾ ਏ ਕਿ ਕਈਆਂ ਨੂੰ ਤਾਂ ਅੰਨਿਆਂ ਨੂੰ ਦਿਖਣ ਲੱਗ ਗਿਆ। ਮੈਨੂੰ ਪਤਾਂ ਨੀ ਕਿਉਂ ਨੀ ਰਾਮ ਆਇਆ। ਸਰਧਾ ਵਿਚ ਕਮੀ ਰਹਿਗੀ ਹੋਣੀ ਆ।" ਮੀਰੋ ਝੁਰਦੀ ਹੋਈ ਬੋਲੀ।

"ਇਕ ਇਹ ਭੋਲੂ ਪਤਾ ਨੀ ਕਿਥੇ ਮਰ ਗਿਆ, ਸਵੇਰ ਦਾ। ਨਹੀਂ ਆਪਣੇ ਬਾਬੇ ਨੂੰ ਹੀ ਬੁਲਾ ਲਿਆਉਂਦਾ। ਉਹ ਚਾਹ ਪੀ ਲੈਂਦਾ ਆਪਣੀ ਘੰਟਾ ਹੋ ਗਿਆ ਫਿੱਕੀ ਚਾਹ ਬਣਾਈ ਪਈ ਆ ਉਹਦੀ। ਪਤਾ ਨੀ ਕਿੱਥੇ ਗਿਆ ਤੜਕਿਓ ਹੁਣ ਤੱਕ ਨੀ ਮੁੜਿਆ।" ਦਾਸੀ ਬੋਲੀ।

"ਭੋਲੂ, ਪਰ ਭੋਲੂ ਤਾਂ ਹੁਣ ਓਟੀਏ ਕੋਲ ਖੜ੍ਹਾ ਸੀ ਤੈਨੂੰ ਨੀ ਦਿੱਸਿਆ?" ਮੀਰੋ ਨੇ ਹੈਰਾਨਗੀ ਨਾਲ ਪੁੱਛਿਆ।

"ਹਾਂ-ਹਾਂ ਦਿਸਿਆ ਤਾਂ ਸੀ, ਭੁੱਲਗੀ ਕਹਿਣਾ।" ਦਾਸੀ ਡਰਦੀ-ਡਰਦੀ ਬੋਲੀ ਜਿਵੇਂ ਕੋਈ ਚੋਰੀ ਫੜ੍ਹੀ ਗਈ ਹੋਵੇ।

"ਸੱਚ ਦੱਸ ਭੈਣ ਅੰਨ ਆ ਤੇਰੇ ਹੱਥ ਵਿੱਚ। ਸੱਚੀਓ ਦਿੱਸਦਾ ਏ ਤੈਨੂੰ ਪੂਰਾ ਹੁਣ, ਨਾਲੇ ਜੇ ਸ਼ੂਗਰ ਹੱਟ ਗਿਆ ਭਾਈਏ ਦਾ ਤਾਂ ਫਿੱਕੀ ਚਾਹ ਅੱਡ ਕਿਉਂ ਬਣਾਈ ਆ ਉਹਦੀ।" ਮੀਰੋ ਨੇ ਪੁੱਛਿਆ।

"ਦੱਸੀਂ ਨਾਂ ਕਿਸੇ ਨੂੰ ਦਿੱਸਦਾ-ਦੁਸਦਾ ਨੀ ਹੁਣ ਵੀ ਬਹੁਤਾ ਮੈਨੂੰ, ਓਹੀ ਹਾਲ ਏ। ਬਡਾਲੀ ਆਲਾ ਗੁਰਦੁਆਰਾ ਕੀ ਮੈਨੂੰ ਤਾਂ ਓਟੀਏ ਤੇ ਪਿਆ ਦੀਵਾ ਨੀ ਦਿੱਸਦਾ ਚੱਜ ਨਾਲ। ਪਰ ਕੀ ਕਰਾਂ ਮੁੰਡੇ ਦਾ ਰੋਜ਼ਗਾਰ ਏ, ਸੋਹਣੇ ਗੇੜੇ ਲੱਗ ਗੇ ਟੈਂਪੂ ਦੇ, ਦਸ ਦਿਨ ਹੋਗੇ ਨਾਂਗਾ ਨੀ ਪਿਆ। ਸਾਡੇ ਲਈ ਤਾਂ ਨਲਕਾ ਸੱਚੀਂ ਚਮਤਕਾਰੀ ਏ।" ਦਾਸੀ ਨੇ ਹੱਥ 'ਚ ਫੜੇ ਪੇੜੇ ਅੱਗੇ ਹਥਿਆਰ ਸੁੱਟ ਦਿੱਤੇ।

"ਤੇ ਭਾਈਏ ਦਾ ਸ਼ੂਗਰ?" ਮੀਰੋ ਵੀ ਹੁਣ ਜਿਵੇਂ ਸਭ ਕੁੱਝ ਜਾਨਣਾ ਚਾਹੁੰਦੀ ਸੀ।

"ਸ਼ੂਗਰ ਦੀ ਤਾਂ ਦਵਾਈ ਲੈਣ ਲਈ ਪੈਸੇ ਨਹੀਂ ਸੀ ਪਹਿਲਾਂ, ਪਰ ਹੁਣ ਸੁੱਖ ਨਾਲ ਜਦੋਂ ਦਾ ਕੰਮ ਚੱਲਿਆ ਏ ਨਲਕੇ ਤੇ ਗੇੜਿਆਂ ਦਾ। ਜੇਬਾਂ ਭਰੀਆਂ ਰਹਿੰਦੀਆਂ ਨੇ ਮੁੰਡੇ ਦੀਆਂ। ਸ਼ਹਿਰ ਦਵਾਈ ਦਵਾ ਲਿਆਇਆ ਏ ਪਿਓ ਨੂੰ ਕਿਸੇ ਚੰਗੇ ਡਾਕਟਰ ਤੋਂ ਉਸ ਦਵਾਈ ਤੋਂ ਪੈ ਗਿਆ ਫਰਕ ਸ਼ੂਗਰ ਨੂੰ।" ਦਾਸੀ ਨੇ ਸਚਾਈ ਕਬੂਲੀ।

"ਪਰ ਬਲਵੰਤ ਤਾਂ ਗਿਆਨੀ ਧਿਆਨੀ ਏ ਝੂਠ ਕਿਵੇਂ ਬੋਲਦਾ ਏ ਕਿ ਬਾਪੂ ਠੀਕ ਹੋ ਗਿਆ ਨਲਕੇ ਦਾ ਪਾਣੀ ਪੀ ਕੇ।" ਮੀਰੋ ਨੇ ਪੁੱਛਿਆ।

"ਭੈਣੇ ਝੂਠ ਕਿੱਥੇ ਬੋਲਦੈ ਉਸੇ ਪਾਣੀ ਦੇ ਸਿਰ ਤੇ ਲਿਆਉਂਦੈ ਦਵਾਈ। ਪਾਣੀ ਦੀ ਕਰਾਮਾਤ ਹੀ ਹੋਈ ਫੇਰ।" ਦਾਸੀ ਬੋਲੀ।

"ਠੀਕ ਆ ਭੈਣ ਇਹ ਦਵਾਈ ਮੰਗਵਾ ਦੇਵੀਂ ਮੇਰੀ ਬਲਵੰਤ ਤੋਂ।" ਉਸ ਨੇ ਦਵਾਈ ਦਾ ਪੱਤਾ ਅਤੇ ਸੌ ਦਾ ਨੋਟ ਦਾਸੀ ਨੂੰ ਫੜਾਉਣ ਲਈ ਵਧਾਉਂਦਿਆਂ ਕਿਹਾ।

"ਨਹੀਂ ਭੈਣ, ਪੈਸੇ ਤਾਂ ਰਹਿਣ ਦੇ ਬੱਸ ਬੇਨਤੀ ਹੈ ਮੇਰੀ, ਰੌਲਾ ਨਾ ਪਾਈਂ ਪਿੰਡ ਵਿੱਚ ਪੜਦਾ ਰੱਖੀਂ। ਦਵਾਈ ਲਿਆ ਦੂ ਬਲਵੰਤ ਤੈਨੂੰ ਵੀ। ਬਸ ਇਹ ਹੀ ਕਹੀਂ ਕਿ 'ਪਾਣੀ ਤੋਂ ਠੀਕ ਹੋਗੀ ਮੈਂ ਤਾਂ'।" ਦਾਸੀ ਨੇ ਪੈਸੇ ਮੋੜਦਿਆਂ ਜਿਵੇਂ ਮੀਰੋ ਅੱਗੇ ਅਰਜ਼ ਕੀਤੀ।

****

## 'ਆਸੂਤੋਸ ਮਹਾਰਾਜ'



ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਦੇ ਸੰਸਥਾਪਕ ਆਸ਼ੂਤੋਸ਼ ਮਹਾਰਾਜ ਜੀ ਦੀ ਸਮਾਧੀ ਦਾ ਸੱਚ ਜਾਨਣ ਲਈ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ 'ਤੇ ਗਠਿਤ ਡਾਕਟਰਾਂ ਦੀ ਟੀਮ ਮਹਾਰਾਜ ਦੇ ਸਰੀਰ ਦੀ ਜਾਂਚ ਰਿਪੋਰਟ ਹਾਈਕੋਰਟ ਨੂੰ ਸੌਂਪੇਗੀ। ਮਹਾਰਾਜ ਦਾ ਸਰੀਰ ਲੱਗਭਗ ਢਾਈ ਸਾਲ ਤੋਂ ਫਰੀਜ਼ਰ 'ਚ ਹੈ, ਜਦੋਂਕਿ ਉਨਾਂ ਨੂੰ ਮੰਨਣ ਵਾਲੇ ਉਨਾਂ ਦੇ ਡੂੰਘੀ ਸਮਾਧੀ 'ਚ ਹੋਣ ਦੀ ਗੱਲ ਕਰ ਰਹੇ ਹਨ। ਡਾਕਟਰਾਂ ਨੇ 29 ਜਨਵਰੀ 2014 ਨੂੰ ਉਨਾਂ ਨੂੰ ਕਲੀਨੀਕਲੀ ਡੈੱਡ ਐਲਾਨ ਦਿੱਤਾ ਸੀ। ਪਰ ਹਾਲੇ ਤੱਕ ਇਹ ਫੈਸਲਾ ਨਹੀਂ ਹੋ ਸਕਿਆ ਕਿ ਉਨਾਂ ਦੇ ਸਰੀਰ ਦਾ ਕੀ ਕੀਤਾ ਜਾਵੇ।

## ਪੰਜਾਬ ਦੇ ਹਾਲਤ

ਇਕ ਰਾਜਾ ਸੀ ਉਸ ਨੇ ਵੇਖਣਾ ਸੀ ਕੇ ਜੋ ਮੇਰੇ ਰਾਜ ਵਿੱਚ ਪਬਲਿਕ ਹੈ ਉਸਦੀ ਜਮੀਰ ਮਰ ਗਈ ਕੇ ਜਾਗਦੀ ਹੈ ਇਸ ਲਈ ਉਸ ਨੇ ਆਪਣੇ ਵਜ਼ੀਰ ਸੱਦੇ ਅਤੇ ਹੁਕਮ ਦਿੱਤਾ ਕੇ ਜੋ ਸ਼ਹਿਰ ਨੂੰ ਪੁੱਲ ਜਾਂਦਾ ਉਸ ਤੇ 1 ਰੁਪਏ ਟੈਕਸ ਲਾ ਦਿੱਤਾ ਜਾਵੇ ਤੇ ਇੱਕ ਜੁੱਤੀ ਮਾਰੀ ਜਾਵੇ ਜਿਸ ਨੂੰ ਇਹ ਮਨਜੂਰ ਹੋਵੇਗਾ ਉਸ ਨੂੰ ਜਾਨ ਦਿਤਾ ਜਾਵੇ ਇਹ ਕੰਮ ਸ਼ੁਰੂ ਹੋ ਗਿਆ ਲੋਕੀ ਟੈਕਸ ਦੇ ਕੇ ਤੇ ਜੁੱਤੀਆਂ ਖਾਈ ਜਾਂਦੇ। 10 ਦਿਨਾਂ ਬਾਅਦ ਵਿੱਚ ਵਜ਼ੀਰ ਨੂੰ ਬੁਲਾਇਆ ਤੇ ਪੁਛਿਆ ਕੇ ਕੋਈ ਵਿਰੋਧ ਤੇ ਨਹੀਂ ਕਰਦਾ ਉਸ ਨੇ ਕਿਹਾ ਨਹੀਂ ਰਾਜਾ ਸਾਬ। ਫਿਰ ਰਾਜੇ ਹੁਕਮ ਦਿੱਤਾ ਕੇ ਟੈਕਸ 2 ਰੁਪਏ ਤੇ 2 ਜੁੱਤੀਆਂ ਕਰ ਦਿੱਤੀਆਂ ਜਾਣ ਫਿਰ ਵੀ ਲੋਕ ਖਾਈਗੇ। ਰਾਜਾ ਬਹੁਤ ਦੁੱਖੀ ਹੋਇਆ ਕੇ ਕੋਈ ਬੋਲਿਆ ਨਹੀਂ ਫਿਰ ਰਾਜੇ ਨੇ ਹੁਕਮ ਜਾਰੀ ਕੀਤਾ ਕੇ 3 ਰੁਪਏ ਟੈਕਸ ਤੇ 3 ਜੁੱਤੀਆਂ ਕਰ ਦਿੱਤੀਆਂ ਜਾਣ ਫਿਰ ਲੋਕੀ ਇਕੱਠੇ ਹੋਏ ਅਤੇ ਰਾਜੇ ਦੇ ਦਰਬਾਰ ਵਿੱਚ ਗਏ। ਰਾਜਾ ਵੇਖ ਕੇ ਖੁਸ਼ ਹੋ ਗਿਆ ਕੇ ਮੇਰੀ ਪਬਲਿਕ ਦੀ ਜਮੀਰ ਜਾਗ ਪਈ ਹੈ। ਰਾਜੇ ਪੁਛਿਆ ਕੀ ਕਰਨ ਆਏ ਕਹਿੰਦੇ ਰਾਜਾ ਸਾਬ ਬੇਨਤੀ ਇਹ ਹੈ ਕੇ ਜੁੱਤੀਆਂ ਮਾਰਨ ਵਾਸਤੇ ਬੰਦੇ ਹੋਰ ਰੱਖੇ ਜਾਣ ਪੁੱਲ ਤੇ ਟਾਈਮ ਬਹੁਤ ਲੱਗ ਜਾਂਦਾ ਹੈ। ਫਿਰ ਰਾਜੇ ਸੋਚਿਆ ਇਹਨਾਂ ਦਾ ਕੁਝ ਨਹੀਂ ਹੋ ਸਕਦਾ। ਇਹ ਹਾਲ ਅੱਜ ਪੰਜਾਬ ਦੇ ਹਨ।

# ਪੁਨਰ ਜਨਮ-ਸਫੈਦ ਝੂਠ

ਸਾਡੇ ਦੇਸ਼ ਵਿਚ ਅੰਧਵਿਸ਼ਵਾਸ਼ ਇੰਨਾ ਜ਼ਿਆਦਾ ਪ੍ਰਚੱਲਿਤ ਹੈ ਕਿ ਲੋਕ ਕਿਸੇ ਦੇ ਮੂੰਹ ਵਿਚੋਂ ਕੁਝ ਵੀ ਸੁਣ ਲੈਣ, ਤਾਂ ਉਸ ਤੇ ਅੱਖਾਂ ਬੰਦ ਕਰਕੇ ਵਿਸ਼ਵਾਸ ਕਰ ਲੈਂਦੇ ਹਨ। ਫਿਰ ਚਾਹੇ ਉਹ ਕਿਸੇ ਚਮਤਕਾਰ ਬਾਰੇ ਹੋਵੇ ਜਾਂ ਪੁਨਰ ਜਨਮ ਜਿਹੀ ਇਕਦਮ ਬੇਕਾਰ ਕਲਪਨਾਵਾਂ ਦੇ ਬਾਰੇ ਵਿੱਚ।

ਤੁਸੀਂ ਬਹੁਤ ਸਾਰੇ ਅਜਿਹੇ ਕਿੱਸੇ ਸੁਣੇ ਹੋਣਗੇ ਕਿਸੇ ਇਨਸਾਨ ਦੇ ਪੁਨਰ ਜਨਮ ਦੇ ਦਾਅਵੇ ਕੀਤੇ ਜਾਂਦੇ ਹਨ ਕਿ ਅਮੁਕ ਵਿਅਕਤੀ ਦਾ ਪੁਨਰ ਜਨਮ ਹੋਇਆ ਹੈ। ਹਿੰਦੀ ਫਿਲਮਾਂ ਦੀ ਤਾਂ ਭਰਮਾਰ ਹੈ ਜਿਸ ਵਿੱਚ ਪੁਨਰ ਜਨਮ ਦੇ ਕਿੱਸੇ ਲੈ ਕੇ ਕਹਾਣੀਆਂ ਬਣਾ ਦਿੱਤੀਆਂ ਜਾਂਦੀਆਂ ਹਨ। ਪਰ ਅਸਲ ਵਿੱਚ ਕੀ ਅਜਿਹਾ ਹੈ? ਕੀ ਪੁਨਰ ਜਨਮ ਦੀਆਂ ਕਹਾਣੀਆਂ ਸੱਚ ਹੁੰਦੀਆਂ ਹੈ? ਕੀ ਜੋ ਦਾਅਵੇ ਕੀਤੇ ਜਾਂਦੇ ਹਨ ਉਹ ਸੱਚ ਹੁੰਦੇ ਹਨ।



ਨਹੀਂ.... ਬਿਲਕੁਲ ਨਹੀਂ।

ਪੁਨਰ ਜਨਮ ਦੀਆਂ ਕਹਾਣੀਆਂ ਕੇਵਲ ਕਲਪਨਾਵਾਂ ਅਤੇ ਝੂਠੀਆਂ ਅਫਵਾਹਾਂ ਤੋਂ ਬਿਨਾਂ ਕੁਝ ਨਹੀਂ ਹੁੰਦੀਆਂ।

ਵੇਖੋ ਕਿਸ ਤਰ੍ਹਾਂ ਪੁਨਰ ਜਨਮ ਦੀਆਂ ਕਹਾਣੀਆਂ ਝੂਠ ਤੋਂ ਬਿਨਾਂ ਕੁਝ ਨਹੀਂ ਹੁੰਦੀਆਂ –

1. ਅੱਜ ਤੱਕ ਕਿਸੇ ਪੁਨਰ ਜਨਮ ਲਏ ਬੱਚੇ ਨੇ ਇਹ ਕਿਉਂ ਨਹੀਂ ਕਿਹਾ ਕਿ ਉਹ ਪਿਛਲੇ ਜਨਮ ਵਿੱਚ ਮੁਰਗਾ, ਸੂਰ, ਗਧਾ, ਊਠ ਜਾਂ ਕੋਈ ਹੋਰ ਪਸ਼ੂ ਪੰਛੀ ਸੀ? ਜਦੋਂ ਕਿ ਪੰਡੋ ਨੇ ਦੱਸਿਆ ਕਿ 84 ਲੱਖ ਜੂਨੀਆਂ ਦੇ ਬਾਅਦ ਮਨੁੱਖ ਦਾ ਜਨਮ ਮਿਲਦਾ ਹੈ।

2. ਅੱਜ ਤੱਕ ਕਿਸੇ ਮੁਸਲਿਮ ਦਾ ਪੁਨਰ ਜਨਮ ਕਿਉਂ ਨਹੀਂ ਹੋਇਆ? ਕਿਉਂ ਆਤਮਾਵਾਂ ਵੀ ਹਿੰਦੂ ਮੁਸਲਿਮ ਆਦਿ ਹੋ ਸਕਦੀਆਂ ਹਨ? ਹਿੰਦੂ ਆਤਮਾ ਫਿਰ ਤੋਂ ਹਿੰਦੂ ਦੇ ਘਰ ਹੀ ਜਨਮ ਲੈਂਦੀਆਂ ਹਨ ਜਦੋਂ ਕਿ 4200 ਦੇ ਲਗਭਗ ਧਰਮ ਅਤੇ ਸੰਪ੍ਰਦਾਇ ਮੌਜੂਦ ਹਨ।

3. ਅੱਜ ਤੱਕ ਕੋਈ ਅੰਤਰ ਰਾਸ਼ਟਰੀ ਪੱਧਰ ਤੇ ਪੁਨਰ ਜਨਮ ਕਿਉਂ ਨਹੀਂ ਹੋਇਆ। ਭਾਵ ਕਿਸੇ ਸਾਊਦੀ ਅਰਬ ਦੇ ਨਾਗਰਿਕ ਦਾ ਭਾਰਤ ਦੇ ਕਿਸੇ ਪਿੰਡ ਵਿੱਚ ਪੁਨਰ ਜਨਮ ਕਿਉਂ ਨਹੀਂ ਹੋਇਆ? ਕਿਸੇ ਭਾਰਤੀ ਹਿੰਦੂ ਦਾ ਕਿਸੇ ਬ੍ਰਿਟਿਸ਼ ਰਾਜ ਵਿੱਚ ਪੁਨਰ ਜਨਮ ਕਿਉਂ ਨਹੀਂ ਹੁੰਦਾ? ਪੁਨਰ ਜਨਮ ਦੇ ਜਿੰਨੇ ਵੀ ਕਿੱਸੇ ਹੁੰਦੇ ਹਨ ਉਹ 100 ਫੀਸਦੀ ਮਾਮਲਿਆਂ ਵਿੱਚ ਮਰਨ ਵਾਲੇ ਦੇ ਅਤੇ ਪੁਨਰ ਜਨਮ ਲਏ ਬੱਚੇ ਦੇ ਨਿਵਾਸ ਸਥਾਨ ਤੋਂ ਕੁਝ ਸੌ ਕਿਲੋ ਮੀਟਰ ਦੇ ਦਾਇਰੇ ਵਿੱਚ ਹੀ ਕਿਉਂ ਹੁੰਦੇ ਹਨ? ਦੋਹੇਂ ਹੀ ਪਰਿਵਾਰ ਵਾਲੇ ਕਿਸੇ ਨਾ ਕਿਸੇ ਬਿੰਦੂ ਤੇ ਇਕ ਦੂਸਰੇ ਦੇ ਜਾਂ ਸੰਸਕ੍ਰਿਤੀ ਦੇ ਜਾਣੂ ਜਾਂ ਮੇਲ ਮਿਲਾਪ ਵਾਲੇ ਹੁੰਦੇ ਹਨ।

4. ਯਾਦ ਰਹੇ ਕਿ ਯਾਦ ਸ਼ਕਤੀ ਕੇਵਲ ਦਿਮਾਗ ਵਿੱਚ ਹੁੰਦੀ ਹੈ, ਮੌਤ ਦੇ ਬਾਅਦ ਦਿਮਾਗ ਨਸ਼ਟ ਹੋ ਜਾਂਦਾ ਹੈ। ਆਤਮਾ ਨੂੰ ਨਿਰਲੇਪ ਚੇਤਨ ਦੱਸਿਆ ਗਿਆ ਹੈ, ਫਿਰ ਉਹ ਯਾਦ ਕਿਵੇਂ ਰੱਖ ਸਕਦੀ ਹੈ? ਕਿਉਂ ਆਤਮਾ ਦਾ ਵੀ ਦਿਮਾਗ ਹੁੰਦਾ ਹੈ ਜੋ ਸਰੀਰ ਤੋਂ ਅਲੱਗ ਹੁੰਦਾ ਹੈ ਅਤੇ ਸਾਰਾ ਡੇਟਾ ਉਸ ਵਿੱਚ ਸਟੋਰ ਕਿਵੇਂ ਹੁੰਦਾ ਰਹਿੰਦਾ ਹੈ?

5. ਮ੍ਰਿਤਕ ਦੀ ਆਤਮਾ ਨੇ ਜਿਸ ਵਿਅਕਤੀ ਦੇ ਰੂਪ ਵਿੱਚ ਜਨਮ ਲਿਆ ਹੁੰਦਾ ਹੈ, ਕੀ ਅਜਿਹਾ ਆਤਮਾ ਦੀ ਮਰਜੀ ਨਾਲ ਹੁੰਦਾ ਹੈ? ਜਾਂ ਆਦਮੀ ਦੀ? ਜੇਕਰ ਆਤਮਾ ਆਪਣੀ ਮਰਜੀ ਨਾਲ ਜਨਮ ਲੈ ਸਕਦੀ ਹੈ ਤਾਂ ਉਹ ਆਪਣੀ ਮਰਜੀ ਨਾਲ ਮਰ ਵੀ ਤਾਂ ਸਕਦੀ ਹੈ? ਪਰ ਮਨੁੱਖ ਦੀ ਮੌਤ ਦੇ ਬਾਅਦ ਵੀ ਇਹ ਸਭ ਹੁੰਦਾ ਹੈ। ਜੇਕਰ ਆਤਮਾ ਆਪਣੀ ਮਰਜੀ ਨਾਲ ਜਾਂ ਇਨਸਾਨ ਦੀ ਮਰਜੀ ਨਾਲ ਜਨਮ ਲੈ ਸਕਦੀ ਹੈ ਤਾਂ ਸਾਰੇ ਗਰੀਬ ਇਨਸਾਨਾਂ ਦੀਆਂ ਆਤਮਾਵਾਂ ਨੂੰ ਅਮੀਰ ਦੇ ਘਰ ਜਨਮ ਲੈਣਾ ਚਾਹੀਦਾ ਸੀ।

ਸਾਨੂੰ ਜਿਆਦਾਤਰ ਪੁਨਰ ਜਨਮ ਦੇ ਕਿੱਸੇ ਮੱਧਮ ਅਤੇ ਗਰੀਬ ਪਰਿਵਾਰ ਵਿਚ ਹੀ ਸੁਣਨ ਨੂੰ ਮਿਲਦੇ ਹਨ। ਇਸ ਲਈ ਪੁਨਰ ਜਨਮ ਇਕ ਝੂਠ ਹੈ ਜੋ ਧਰਮ ਗੁਰੂਆਂ ਦੁਆਰਾ ਬੋਲਿਆ ਅਤੇ ਸੁਣਾਇਆ ਜਾਂਦਾ ਹੈ ਜਿਸ ਦੇ ਚੱਕਰ ਵਿਚ ਆ ਕੇ ਭੋਲੀ ਭਾਲੀ ਜਨਤਾ ਹਜਾਰਾਂ ਸਾਲਾਂ ਤੋਂ ਮੂਰਖ ਬਣਦੀ ਆ ਰਹੀ ਹੈ।

ਸਾਨੂੰ ਵਿਗਿਆਨ ਨੇ ਦੱਸਿਆ ਕਿ ਸਮੇਂ ਦੇ ਸ਼ੁਰੂ ਵਿੱਚ ਇਸ ਧਰਤੀ ਤੇ ਕੁਝ ਨਹੀਂ ਸੀ। ਇਹ ਧਰਤੀ ਸੂਰਜ ਦਾ ਇਕ ਅੰਗ ਸੀ ਫਿਰ ਉਹ ਅੰਗ ਅਲੱਗ ਹੋ ਕੇ ਸੂਰਜ ਦੇ ਚਾਰੇ ਪਾਸੇ ਚੱਕਰ ਕੱਟਣ ਲੱਗ ਪਈ। ਇਸ ਲਈ ਧਰਤੀ ਦੇ ਅੰਦਰ ਅੱਜ ਵੀ ਭਿਆਨਕ ਗਰਮੀ ਹੈ। ਉਸ ਠੰਡੇ ਹਿੱਸੇ ਨੂੰ **ਭੂਪ੍ਰਸ਼ਟ** ਅਤੇ **ਭੂਪਟਲ** ਕਹਿੰਦੇ ਹਨ, ਜਿਸ ਤੇ ਅਸੀਂ ਰਹਿੰਦੇ ਹਾਂ। ਇਸ **ਭੂਪਟਲ** ਨੇ ਠੰਡਾ ਹੋਣ ਦੇ ਬਹੁਤ ਸਮੇਂ ਦੇ ਬਾਅਦ, ਇਸ ਤੇ ਪਾਣੀ ਵਰਿਆ, ਫਿਰ ਵੱਖ ਵੱਖ ਪ੍ਰਕਾਰ ਦੀ ਬਨਸਪਤੀ ਉਗੀ, ਫਿਰ ਇਕ ਲੰਬੇ ਸਮੇਂ ਬਾਅਦ, ਜਾਨਵਰ ਆਏ ਫਿਰ ਬਨਸਪਤੀ ਅਤੇ ਜਾਨਵਰਾਂ ਦੀ ਲੰਬੀ ਉਮਰ ਦੇ ਬਾਦ ਮਨੁੱਖ ਇਸ ਧਰਤੀ ਤੇ ਆਇਆ। ਇਹ ਪੂਰੀ ਕਾਰਜ ਪ੍ਰਣਾਲੀ ਇਕ ਅਟੱਲ ਸੱਚਾਈ ਹੈ।

## ਮੂਰਤੀਆਂ

ਇਕ ਦਿਨ ਮਿੱਟੀ ਦੀਆ ਮੂਰਤੀਆਂ ਬਨਾਉਣ ਵਾਲੇ ਨੇ ਰੱਬ ਨੂੰ ਕਿਹਾ "ਪਰਮਾਤਮਾ ! ਤੂੰ ਵੀ ਇੱਕ ਕਲਾਕਾਰ ਹੈਂ ਤੇ ਮੈਂ ਵੀ ਇੱਕ ਕਲਾਕਾਰ ਹਾਂ"

"ਤੂੰ ਮੇਰੇ ਵਰਗੀਆਂ ਲੱਖਾ ਮੂਰਤਾਂ ਬਣਾ ਕੇ ਧਰਤੀ ਤੇ ਭੇਜ ਦਿੱਤੀਆਂ"

"ਤੇ ਮੈਂ ਤੇਰੀਆ ਲੱਖਾਂ ਮੂਰਤੀਆਂ ਬਣਾ ਕੇ ਧਰਤੀ ਤੇ ਵੇਚ ਦਿੱਤੀਆਂ""

"ਪਰ ਮੈਨੂੰ ਵੇਖ ਵੇਖ ਕੇ ਸ਼ਰਮ ਆਉਂਦੀ ਹੈ, ਜਦੋਂ ਤੇਰੀਆ ਬਣਾਈਆਂ ਮੂਰਤੀਆਂ, ਮੇਰੀਆਂ ਬਣਾਈਆਂ ਮੂਰਤੀਆਂ ਅੱਗੇ ਝੁਕਦੀਆਂ ਨੇ"

"ਸੱਚ ਜਾਣੀ ...ਬਹੁਤ ਸ਼ਰਮ ਆਉਂਦੀ ਹੈ।"

# ਬਹਿਸ ਅਤੇ



ਬਹਿਸ ਤਰਕ ਨਾਲ ਕੀਤੀ ਜਾਂਦੀ ਹੈ। ਜਿਸ ਬਹਿਸ ਵਿੱਚ ਤਰਕ ਨਾ ਹੋਵੇ ਉਹ ਧੱਕੇਸ਼ਾਹੀ ਅਤੇ ਲੜਾਈ ਵਿੱਚ ਬਦਲ ਜਾਂਦੀ ਹੈ। ਬਹਿਸ ਲਈ ਹਵਾਲਿਆਂ, ਸਬੂਤਾਂ ਦੀ ਲੋੜ ਹੁੰਦੀ ਹੈ। ਇਹ ਸਬੂਤ, ਹਵਾਲੇ, ਉਦਾਹਰਨਾਂ ਬਹਿਸ ਨੂੰ ਨਿਖਾਰਦੇ ਅਤੇ ਨਿਤਾਰਦੇ ਹਨ। ਬਹਿਸ ਦਾ ਮਤਲਬ ਆਪਣੀਆਂ ਗੱਲਾਂ ਨੂੰ ਸਬੂਤਾਂ ਨਾਲ ਪੇਸ਼ ਕਰਕੇ ਦੱਸਣਾ ਹੁੰਦਾ ਹੈ। ਸਫ਼ਾਈ ਦੇਣ ਵੇਲੇ ਵੀ ਸਬੂਤ ਦੀ ਪਲੜਾ ਭਾਰੀ ਕਰਦੇ ਹਨ। ਸਮਾਜਿਕ ਕਦਰਾਂ ਕੀਮਤਾਂ ਜ਼ਰੂਰੀ ਨਹੀਂ ਕਿ ਤਰਕ ਤੇ ਹੀ ਅਧਾਰਤ ਹੋਣ ਅਤੇ ਇਸੇ ਕਰਕੇ ਕਈ ਕੇਸਾਂ ਵਿੱਚ ਇਹ ਭਾਰੂ ਹੋ ਕੇ ਤਰਕ ਤੇ ਫੈਸਲੇ ਨਹੀਂ ਹੁੰਦੇ। ਬੇਇਨਸਾਫ਼ੀ ਦਾ ਸ਼ਿਕਾਰ ਹੋਇਆ ਇਨਸਾਨ ਹੋਰ ਦਬਾ ਦਿੱਤਾ ਜਾਂਦਾ ਹੈ ਅਤੇ ਉਹ ਇਸ ਬੇਇਨਸਾਫੀ ਵਿੱਚ ਪਿਸਦਾ ਰਹਿੰਦਾ ਹੈ। ਇਸੇ ਕਰਕੇ ਉਹਦੀ ਮਾਨਸਿਕ ਅਤੇ ਸਰੀਰਕ ਸਿਹਤ ਤੇ, ਤਾਂ ਅਸਰ ਪੈਂਦਾ ਹੀ ਹੈ ਸਗੋਂ ਉਹਦੇ ਨਜ਼ਦੀਕੀਆਂ ਜਿਵੇਂ ਪਤਨੀ, ਭੈਣ-ਭਰਾ ਅਤੇ ਬੱਚਿਆਂ ਤੇ ਵੀ ਮਾੜਾ ਅਸਰ ਪੈਂਦਾ ਹੈ।

ਇਹ ਵੀ ਸੱਚਾਈ ਹੈ ਕਿ ਹਰ ਇੱਕ ਦੇ ਗਿਆਨ ਬਾਰੇ ਆਪਣੀ-ਆਪਣੀ ਸੀਮਾ ਹੁੰਦੀ ਹੈ। ਕਿਸੇ ਨੂੰ ਕਿਸੇ-ਵਿਸ਼ੇ ਬਾਰੇ ਗਿਆਨ ਜ਼ਿਆਦਾ ਹੁੰਦਾ ਹੈ ਅਤੇ ਕਿਸੇ ਨੂੰ ਘੱਟ। ਫਿਰ ਜਦ ਉਹ ਦੋ ਇਨਸਾਨ ਕਿਸੇ ਵਿਸ਼ੇ ਬਾਰੇ ਗੱਲ ਕਰਦੇ ਹਨ ਤਾਂ ਗਿਆਨ ਦਾ ਵਖਰੇਵਾਂ ਉਹਨਾਂ ਵਿੱਚ ਅਸਹਿਮਤੀ ਪੈਦਾ ਕਰ ਦਿੰਦਾ ਹੈ। ਸ਼ਰਧਾ ਅਤੇ ਭਾਵਨਾਵਾਂ ਅਧੀਨ ਜਕੜੇ ਇਨਸਾਨ ਨਾਲ ਬਹਿਸ ਕੋਈ ਸਾਰਥਿਕ ਨਤੀਜਾ ਨਹੀਂ ਕੱਢਦੀ। ਇਹਨਾਂ ਹਾਲਾਤਾਂ ਵਿੱਚ ਤਰਕ ਅਤੇ ਵਿਗਿਆਨਕ ਪਹੁੰਚ ਦੀ ਘਾਟ ਰੜਕਦੀ ਹੈ। ਕਈ ਸ਼ਰਧਾਵਾਨ ਲੋਕ ਤਾਂ ਇੱਕ ਵੀ ਉਲਟ ਗੱਲ ਸੁਣਨ, ਨੂੰ ਤਿਆਰ ਨਹੀਂ ਹੁੰਦੇ ਅਤੇ ਉਹਨਾਂ ਨੂੰ ਲੱਗਦਾ ਹੈ ਕਿ ਅਗਰ ਕਿਸੇ ਨੇ ਇੱਕ ਸ਼ਬਦ ਵੀ ਉਹਨਾਂ ਦੀ ਸ਼ਰਧਾਵਾਨ ਸ਼ਖ਼ਸ਼ੀਅਤ ਦੇ ਖਿਲਾਫ਼ ਕਹਿ ਦਿੱਤਾ ਤਾਂ ਉਹ ਕਤਲ ਕਰਨ ਤੱਕ ਜਾ ਸਕਦੇ ਹਨ। ਇਹ ਬਿਰਤੀ ਆਮ ਕਰਕੇ ਅਖੌਤੀ ਧਾਰਮਿਕ ਲੋਕਾਂ ਵਿੱਚ ਜ਼ਿਆਦਾ ਦੇਖੀ ਗਈ ਹੈ। ਕਈ ਕੇਸਾਂ ਵਿੱਚ ਤਾਂ ਉਹਨਾਂ ਵਿਚਾਰਿਆਂ ਨੂੰ ਇਹ ਇਲਮ ਵੀ ਨਹੀਂ ਹੁੰਦਾ ਕਿ ਉਹ ਦਿਨ ਰਾਤ ਇਸ ਸ਼ਰਧਾ ਦੇ ਚੱਕਰ ਵਿੱਚ ਇੰਨੇ ਜ਼ਿਆਦਾ .ਗਲਤਾਨ ਕਿਉਂ ਹਨ? ਉਹਨਾਂ ਦੀ ਤਾਂ ਇਹ ਇਕ ਕਿਸਮ ਦੀ ਦੁਨੀਆਂ ਹੁੰਦੀ ਹੈ। ਉਹਨਾਂ ਦੀ ਹੋਂਦ ਅਤੇ ਸ਼ਖ਼ਸੀਅਤ ਇਸ ਵਿੱਚ ਹਰ ਪਾਸਿਓਂ ਜਲੇਬੀ ਦੇ ਖੰਡ ਦੀ ਚਾਸ਼ਣੀ ਵਿੱਚ ਲਪੇਟੀ ਵਾਂਗ ਹੁੰਦੀ ਹੈ। ਉਹਨਾਂ ਨਾਲ ਕਿਸੇ ਵੀ ਪੱਖ ਬਾਰੇ ਕਿੰਤੂ-ਪ੍ਰੰਤੂ ਨਹੀਂ ਕੀਤਾ ਜਾ ਸਕਦਾ। ਉਹਨਾਂ ਦੀ ਸੋਚ ਦੁਆਲੇ ਸਟੀਲ ਦਾ ਕਵਚ ਜਕੜਿਆ ਹੁੰਦਾ ਹੈ। ਇਹ ਹਾਲਤ ਸਭ ਤੋਂ ਜ਼ਿਆਦਾ ਖਤਰਨਾਕ ਹੁੰਦੀ ਹੈ ਅਤੇ ਇਹ ਲੋਕ ਹੀ ਹੁੰਦੇ ਹਨ ਜੋ ਹੋਰਾਂ ਨੂੰ ਮਾਰਨ ਵਿੱਚ ਜਾਂ ਆਪਣੇ ਸਰੀਰ ਨਾਲ ਬੰਬ ਬੰਨ੍ਹ ਕੇ ਤਬਾਹੀ ਮਚਾਉਣ ਤੋਂ ਗੁਰੇਜ਼ ਨਹੀਂ ਕਰਦੇ। ਇਹ ਲੋਕ ਆਪਣੀ ਹੀ ਦੁਨੀਆਂ ਵਿੱਚ ਰਹਿੰਦੇ ਹਨ ਅਤੇ ਉਹ ਹਰ ਹਾਲਤ ਵਿੱਚ ਮਸਤ ਅਤੇ ਗੁੜੁੰਦ ਰਹਿੰਦੇ ਹਨ। ਸਭ ਤੋਂ ਖਤਰਨਾਕ ਗੱਲ ਇਹ ਹੁੰਦੀ ਹੈ ਕਿ ਇਹ ਪੱਕੇ ਰੋਠੇ ਵਾਂਗ ਮਹਿਸੂਸ ਕਰਦੇ ਹਨ ਕਿ ਜੋ ਵੀ ਉਹਨਾਂ ਦੀ ਸੋਚ ਹੈ, ਉਹ ਬਿਲਕੁਲ ਠੀਕ ਹੈ ਅਤੇ ਉਹ ਆਪਣੇ ਅਕੀਦੇ ਵਿੱਚ ਪਰਪੱਕ ਹਨ ਅਤੇ ਉਹਨਾਂ ਦਾ ਇਸ਼ਟ ਇਸ ਵਿੱਚ ਉਹਨਾਂ ਤੋਂ ਬਹੁਤ ਖੁਸ਼ ਹੈ ਅਤੇ ਇਹ ਵੀ ਕਿ ਉਹ ਬਹੁਤ ਭਲੇ ਵਾਲਾ ਕੰਮ ਕਰ ਰਹੇ ਹਨ। ਹੋਰਾਂ ਲੋਕਾਂ ਨੂੰ ਮਾਰ ਕੇ ਉਹ ਖੁਸ਼ੀ ਮਹਿਸੂਸ ਕਰਦੇ ਹਨ। ਉਹਨਾਂ ਦਾ ਵਿਸ਼ਵਾਸ਼ ਹੁੰਦਾ ਹੈ ਕਿ ਜਿਹੜੇ ਲੋਕ ਉਹਨਾਂ ਦੀ ਸੋਚ ਦੇ ਨਹੀਂ ਹਨ ਉਹਨਾਂ ਨੂੰ ਖਤਮ ਕਰ ਦੇਣਾ ਗਲਤ ਨਹੀਂ ਹੈ ਸਗੋਂ ਚੰਗੀ ਗੱਲ ਹੈ ਅਤੇ ਮਰਨ ਤੋਂ ਬਾਅਦ ਉਹਨਾਂ ਨੂੰ ਬਹੁਤ ਇਨਾਮ ਮਿਲਣਗੇ।



ਡਾ. ਹਰੀਸ਼ ਮਲਹੋਤਰਾ ਬ੍ਰਮਿੰਘਮ
ਮੋਬਾ : 00447763013424

ਇਸ ਧਾਰਨਾਂ ਦੀ ਜਦ ਤਹਿ ਵਿੱਚ ਜਾਇਆ ਜਾਵੇ ਤਾਂ ਸਮਝ ਲੱਗਦੀ ਹੈ ਕਿ ਸਾਨੂੰ ਕੀ-ਕੀ ਤਰਕ ਦੇ ਕੇ ਸਿੱਖਿਆ ਦਿੱਤੀ ਜਾਂਦੀ ਹੈ। ਇਸ ਕਿਸਮ ਦੀ ਸਿੱਖਿਆ ਇਸੇ ਕਰਕੇ ਗਲਤ ਹੋ ਨਿੱਬੜਦੀ ਹੈ ਕਿਉਂਕਿ ਇਸ ਸਿੱਖਿਆ ਵਿੱਚ ਵਿਗਿਆਨਕ ਪਹੁੰਚ ਨਹੀਂ ਹੁੰਦੀ ਅਤੇ ਤਰਕਵਾਲਾ ਖਾਨਾ ਗਾਇਬ ਹੁੰਦਾ ਹੈ। ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੁੰਦਾ ਹੈ ਜਿਹਦੇ ਨਾਲ ਦਿਮਾਗੀ ਪੁਰਜ਼ਿਆਂ ਨੂੰ ਜ਼ਹਿਰੀਲੀ ਪੇਂਦ ਚੜ੍ਹਾਈ ਜਾਂਦੀ ਹੈ। ਇਹ ਵੀ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੁੰਦੀ ਹੈ ਕਿ ਤੁਹਾਡੇ ਨਾਲ ਧੱਕਾ, ਬੇਇਨਸਾਫ਼ੀਆਂ ਅਤੇ ਵਿਤਕਰਾ ਕੀਤਾ ਜਾ ਰਿਹਾ ਹੈ ਅਤੇ ਜੇਕਰ ਇਸ ਵਰਤਾਰੇ ਤੇ ਰੋਕ ਨਾ ਲਾਈ ਗਈ ਤਾਂ ਨਸਲਕੁਸ਼ੀ ਹੋ ਸਕਦੀ ਹੈ। ਜੋਸ਼ੀਲੀਆਂ ਤਕਰੀਰਾਂ ਬਲਦੀ ਅੱਗ ਵਿੱਚ ਤੇਲ ਪਾਉਣ ਵਾਂਗ, ਦਿਮਾਗ ਵਿੱਚ ਭਾਂਬੜ ਪੈਦਾ ਕਰ ਦਿੰਦੀਆਂ ਹਨ। ਕੜਵਾਹਟ, ਨ਼ਫਰਤ ਅਤੇ ਕੁੜੱਤਣ ਦਾ ਬੁਖਾਰ ਤਪਦੇ ਤੰਦੂਰ ਵਾਂਗ ਦਿਮਾਗਾਂ ਨੂੰ ਚੜ੍ਹਾ ਦਿੱਤਾ ਜਾਂਦਾ ਹੈ ਜੋ ਕਿ ਇੱਕ ਮਾਨਸਿਕ ਰੋਗ ਵਿੱਚ ਤਬਦੀਲ ਹੋ ਸਕਦਾ ਹੈ।

ਇਹੋ ਜਿਹੀ ਨਫਰਤ ਅਤੇ ਕੁੜੱਤਣ ਘਰਾਂ ਵਿੱਚ ਵੀ ਕਈ ਵਾਰ ਰੰਗ ਦਿਖਾਉਂਦੀ ਹੈ। ਪੱਟੀ ਪੜ੍ਹਾਉਣੀ, ਕਿਸੇ ਨੂੰ ਚੱਕਣਾਂ ਆਦਿ ਨੂੰਹ-ਸੱਸ ਵਿੱਚ ਕਈ ਵਾਰ ਆਮ ਵਰਤਾਰਾ ਬਣ ਜਾਂਦਾ ਹੈ ਜਿਹਦਾ ਨਤੀਜਾ ਇਹ ਨਿਕਲਦਾ ਹੈ ਕਿ ਆਦਮੀ ਆਪਣੀ ਪਤਨੀ ਨੂੰ ਮਾਰਨ ਕੁੱਟਣ ਤਕ ਚਲਾ ਜਾਂਦਾ ਹੈ। ਘਰ ਬਰਬਾਦ ਹੋ ਜਾਂਦੇ ਹਨ। ਬੱਚੇ ਰੁਲ ਜਾਂਦੇ ਹਨ ਅਤੇ ਲੋਕ ਤਮਾਸ਼ਾ ਦੇਖਦੇ ਹਨ। ਹਾਲਾਤ ਕਈ ਵਾਰ ਇਹੋ ਜਿਹੇ ਬਣ ਜਾਂਦੇ ਹਨ ਕਿ ਤੁਹਾਨੂੰ ਅਤੇ ਤੁਹਾਡੇ ਜੀਵਨ ਸਾਥੀ ਨੂੰ ਸ਼ਾਤੀ ਨਾਲ ਮਸਲਿਆਂ ਬਾਰੇ ਗੱਲ ਕਰਨੀ ਔਖੀ ਲੱਗਦੀ ਹੈ। ਜਾਂ ਫਿਰ ਕਈ ਵਾਰ ਇਉਂ ਲੱਗਣ ਲੱਗ ਪੈਂਦਾ ਹੈ ਜਿਵੇਂ ਤੁਸੀਂ ਹਰ ਵੇਲੇ ਬਾਰੂਦੀ ਸੁਰੰਗ ਰਾਹੀਂ ਲੰਘ ਰਹੇ ਹੋ ਜਿਥੇ ਕੋਈ ਵੀ ਕਦਮ ਰੱਖਣ ਨਾਲ ਵਿਸਫੋਟ ਹੋ ਸਕਦਾ ਹੈ।

ਮਨਦੀਪ ਨਾਂ ਦੀ ਪਤਨੀ ਕਹਿੰਦੀ : "ਕਦੇ-ਕਦੇ ਮੈਂ ਆਪਣੇ ਪਤੀ ਨੂੰ ਕੋਈ ਗੱਲ ਕਹਿ ਦਿੰਦੀ ਹਾਂ, ਪਰ ਗੱਲ ਉਸ ਤਰੀਕੇ ਨਾਲ ਮੂੰਹੋਂ ਨਹੀਂ ਨਿਕਲਦੀ ਜਿਸ ਤਰੀਕੇ ਨਾਲ ਮੈਂ ਕਹਿਣਾ

ਚਾਹੁੰਦੀ ਸੀ। ਜਾਂ ਫਿਰ ਮੈਨੂੰ ਯਕੀਨ ਹੁੰਦਾ ਹੈ ਕਿ ਮੈਂ ਅਸਲ ਵਿੱਚ ਉਸ ਨੂੰ ਗੱਲ ਦੱਸੀ ਹੈ ਜਦ ਕਿ ਮੈਂ ਸੁਪਨੇ ਵਿੱਚ ਉਸ ਨੂੰ ਦੱਸੀ ਸੀ। ਮੇਰੇ ਨਾਲ ਵਾਕਿਆ ਈ ਇਸ ਤਰ੍ਹਾਂ ਹੋਇਆ ਹੈ।"

ਭਾਵੇਂ ਸਾਨੂੰ ਲੱਗਦਾ ਹੈ ਕਿ ਤੁਸੀਂ ਅਤੇ ਤੁਹਾਡਾ ਵਿਆਹੁਤਾ ਸਾਥੀ ਇੱਕ ਦੂਜੇ ਲਈ ਬਣਾਏ ਗਏ ਹੋ, ਫਿਰ ਵੀ ਕੁੱਝ ਮਸਲਿਆਂ ਵਿੱਚ ਤੁਸੀਂ ਸਹਿਮਤ ਨਹੀਂ ਹੋਵੋਗੇ, ਕਿਉਂ ? ਇਹ ਇਸ ਲਈ ਕਿ ਦੋ ਲੋਕ ਇੱਕੋ ਜਿਹੇ ਨਹੀਂ ਹੁੰਦੇ, ਇਸ ਕਰਕੇ ਤੁਹਾਡਾ ਵਿਆਹੁਤਾ ਜੀਵਨ ਜਾਂ ਤਾਂ ਰੰਗੀਨ ਹੋ ਸਕਦਾ ਹੈ ਜਾਂ ਫਿਰ ਮੁਸ਼ਕਲਾਂ ਭਰਿਆ। ਇਸ ਕਰਕੇ ਜ਼ਿਆਦਾਤਰ ਜੋੜਿਆਂ ਵਿੱਚ ਤਣਾਅ ਪੈਦਾ ਹੋ ਜਾਂਦਾ ਹੈ।

ਰੇਚਲ ਨਾਂ ਦੀ ਪਤਨੀ ਦੱਸਦੀ ਹੈ : ਮੇਰੇ ਮਾਪੇ ਇੱਕ-ਦੂਜੇ ਨਾਲ ਬਹੁਤ ਝਗੜਦੇ ਹੁੰਦੇ ਸੀ ਅਤੇ ਇੱਕ ਦੂਜੇ ਨੂੰ ਖਰੀਆਂ-ਖੋਟੀਆਂ ਸੁਣਾਉਂਦੇ ਹੁੰਦੇ ਸਨ। ਸੋ ਜਦੋਂ ਮੇਰਾ ਵਿਆਹ ਹੋਇਆ, ਤਾਂ ਮੈਂ ਉਸੇ ਤਰੀਕੇ ਨਾਲ ਆਪਣੇ ਪਤੀ ਨਾਲ ਗੱਲ ਕਰਦੀ ਸੀ, ਜਿਵੇਂ ਮੇਰੀ ਮੰਮੀ, ਮੇਰੇ ਡੈਡੀ ਨਾਲ ਗੱਲ ਕਰਦੀ ਸੀ। ਮੈਂ ਆਪਣੇ ਪਤੀ ਦਾ ਆਦਰ ਕਰਨਾ ਨਹੀਂ ਸੀ ਸਿੱਖਿਆ।" ਦੇਖਣ ਵਿੱਚ ਇਹ ਵੀ ਆਇਆ ਹੈ ਕਿ ਆਮ ਕਰਕੇ ਗਰਮਾ-ਗਰਮ ਬਹਿਸ ਦਾ ਕਾਰਨ ਉਹ ਗੱਲ ਨਹੀਂ ਹੁੰਦੀ ਜਿਸ ਕਰਕੇ ਝਗੜਾ ਸ਼ੁਰੂ ਹੋਇਆ ਸੀ। ਮਿਸਾਲ ਲਈ, ਜਦੋਂ ਬਹਿਸ ਇਹਨਾਂ ਸ਼ਬਦਾਂ ਨਾਲ ਸ਼ੁਰੂ ਹੁੰਦੀ ਹੈ ਕਿ "ਤੁਸੀਂ ਹਮੇਸ਼ਾ ਦੇਰ ਕਰਦੇ ਹੋ।" ਤਾਂ ਇਹ ਬਹਿਸ ਸ਼ਾਇਦ ਸਮੇਂ ਦੇ ਪਾਬੰਦ ਹੋਣ ਬਾਰੇ ਨਾ ਹੋਵੇ, ਸਗੋਂ ਇਸ ਬਾਰੇ ਹੋਵੇ ਕਿ ਪਤੀ-ਪਤਨੀ ਇੱਕ-ਦੂਜੇ ਨਾਲ ਪਿਆਰ ਨਾਲ ਪੇਸ਼ ਨਹੀਂ ਆਉਂਦੇ।

ਕਾਰਨ ਜੋ ਵੀ ਹੋਵੇ, ਲਗਾਤਾਰ ਝਗੜਾ ਕਰਦੇ ਰਹਿਣ ਨਾਲ ਤੁਹਾਡੀ ਸਿਹਤ ਤੇ ਮਾੜਾ ਅਸਰ ਪੈ ਸਕਦਾ ਹੈ ਅਤੇ ਗੱਲ ਤਲਾਕ ਦੀ ਨੌਬਤ ਤਕ ਵੀ ਪਹੁੰਚ ਸਕਦੀ ਹੈ। ਘਰ ਤੋਂ ਬਾਹਰ ਜਦ ਸਾਡੀ ਕਿਸੇ ਨਾਲ ਨਹੀਂ ਬਣਦੀ ਤਾਂ ਅਸੀਂ ਉਹਨੂੰ ਛੱਡ ਸਕਦੇ ਹਾਂ ਜਾਂ ਉਸ ਇਨਸਾਨ ਦੀ ਕੰਪਨੀ ਤੋਂ ਦੂਰ ਰਿਹਾ ਜਾ ਸਕਦਾ ਹੈ ਪਰ ਘਰ ਦੀ ਗੱਲ ਵੱਖਰੀ ਹੈ।

ਝਗੜੇ ਬੰਦ ਕਰਨ ਦਾ ਇੱਕ ਵਧੀਆ ਤਰੀਕਾ ਹੈ ਕਿ ਝਗੜੇ ਦੀ ਜੜ੍ਹ ਨੂੰ ਪਛਾਣਿਆ ਜਾਵੇ। ਝਗੜੇ ਦੌਰਾਨ ਤੁਸੀਂ ਦੋਵੇਂ ਇੱਕ-ਦੂਜੇ ਤੋਂ ਅਸਲ ਵਿੱਚ ਕੀ ਚਾਹੁੰਦੇ ਸੀ। ਸ਼ਾਂਤ ਹੋ ਕੇ ਹੇਠ ਲਿਖੇ ਸੁਝਾਆਂ ਤੇ ਗ਼ੌਰ ਕੀਤੀ ਜਾ ਸਕਦੀ ਹੈ:

ਵੱਖੋ-ਵੱਖਰੇ ਕਾਗਜ਼ ਉੱਤੇ ਆਪੋ-ਆਪਣੇ ਵਿਚਾਰ ਲਿਖੋ ਕਿ ਹਾਲ ਹੀ ਵਿੱਚ ਝਗੜੇ ਦਾ ਮੁੱਖ ਕਾਰਨ ਕੀ ਸੀ? ਮਿਸਾਲ ਲਈ, ਪਤੀ, ਸ਼ਾਇਦ ਲਿਖੇ, "ਤੂੰ ਪੂਰਾ ਦਿਨ ਆਪਣੀਆਂ ਸਹੇਲੀਆਂ ਨਾਲ ਬਿਤਾਇਆ ਅਤੇ ਮੈਨੂੰ ਫੋਨ ਵੀ ਨਹੀਂ ਕੀਤਾ।" ਪਤਨੀ ਸ਼ਾਇਦ ਲਿਖੇ, "ਤੁਸੀਂ ਗੁੱਸੇ ਹੋ ਗਏ, ਕਿਉਂਕਿ ਮੈਂ ਆਪਣੀਆਂ ਸਹੇਲੀਆਂ ਨਾਲ ਕੁੱਝ ਸਮਾਂ ਗੁਜ਼ਾਰਿਆ।"

ਹੁਣ ਖੁੱਲ੍ਹੇ ਦਿਮਾਗ ਨਾਲ ਇਨ੍ਹਾਂ ਗੱਲਾਂ ਬਾਰੇ ਸੋਚੋ: ਕੀ ਮਾਮਲਾ ਵਾਕਈ ਗੰਭੀਰ ਸੀ? ਕੀ ਇਸ ਨੂੰ ਨਜ਼ਰ ਅੰਦਾਜ਼ ਕੀਤਾ ਜਾ ਸਕਦਾ ਸੀ? ਕਦੇ-ਕਦੇ ਸ਼ਾਤੀ ਬਣਾਈ ਰੱਖਣ ਲਈ ਸ਼ਾਇਦ ਤੁਹਾਨੂੰ ਦੋਵਾਂ ਨੂੰ ਮੰਨਣਾ ਪਵੇਗਾ ਕਿ ਤੁਸੀਂ ਹਰ ਗੱਲ ਵਿੱਚ ਸਹਿਮਤ ਨਹੀਂ ਹੋ ਸਕਦੇ ਅਤੇ ਇਸ ਛੋਟੀ ਜਿਹੀ ਗੱਲ ਬਦਲੇ ਇੱਕ ਦੂਜੇ ਤੋਂ ਮਾਫ਼ੀ ਮੰਗ ਕੇ ਗੱਲ ਨੂੰ ਦੁਬਾਰਾ ਨਾ ਫਿਰ ਛੇੜਿਆ ਜਾਵੇ ਅਤੇ ਅੱਗੇ ਤੋਂ ਵੀ ਇਸ ਬਾਰੇ ਖਿਆਲ ਰੱਖਿਆ ਜਾਵੇ।

ਜੇਕਰ ਤੁਹਾਡੇ ਵਿੱਚੋਂ ਕਿਸੇ ਨੂੰ ਲੱਗਦਾ ਹੈ ਕਿ ਮਾਮਲਾ ਗੰਭੀਰ ਹੈ ਤਾਂ ਲਿਖੋ ਕਿ ਝਗੜੇ ਦੌਰਾਨ ਤੁਸੀਂ ਕਿਵੇਂ ਮਹਿਸੂਸ ਕੀਤਾ ਅਤੇ ਆਪਣੇ ਜੀਵਨ ਸਾਥੀ ਨੂੰ ਵੀ ਲਿਖਣ ਲਈ ਕਹੋ। ਮਿਸਾਲ ਲਈ, ਪਤੀ ਸ਼ਾਇਦ ਲਿਖੇ: "ਮੈਨੂੰ ਲੱਗਾ ਕਿ ਤੂੰ ਮੇਰੇ ਨਾਲੋਂ ਜ਼ਿਆਦਾ ਸਮਾਂ ਆਪਣੀਆਂ ਸਹੇਲੀਆਂ ਨਾਲ ਬਿਤਾਉਣਾ ਪਸੰਦ ਕਰਦੀ ਆਂ। "ਪਤਨੀ ਸ਼ਾਇਦ ਲਿਖੇ:" ਮੈਨੂੰ ਲੱਗਾ ਕਿ ਤੁਸੀਂ ਮੇਰੇ ਨਾਲ ਇਵੇਂ ਪੇਸ਼ ਆਏ ਜਿਵੇਂ ਮੈਂ ਬੱਚੀ ਹੋਵਾਂ ਜੋ ਆਪਣੇ ਪਿਤਾ ਤੋਂ ਪੁੱਛ ਕੇ ਸਾਰਾ ਕੁੱਝ ਕਰਦੀ ਹੈ।" ਹੁਣ ਇੱਕ-ਦੂਜੇ ਨੂੰ ਆਪਣੇ ਪੇਪਰ ਦਿਉ ਅਤੇ ਲਿਖੀਆਂ ਟਿੱਪਣੀਆਂ ਨੂੰ ਪੜ੍ਹੋ। ਇਹ ਦੇਖੋ ਕਿ ਝਗੜੇ ਦੌਰਾਨ ਤੁਹਾਡੇ ਸਾਥੀ ਨੂੰ ਕਿਹੜੀ ਗੱਲ ਦੀ ਗਹਿਰੀ ਚਿੰਤਾ ਸੀ? ਇਸ ਗੱਲ ਦੀ ਇੱਕ ਦੂਜੇ ਨਾਲ ਪਿਆਰ ਨਾਲ ਚਰਚਾ ਕਰੋ ਕਿ ਤੂੰ-ਤੂੰ, ਮੈਂ-ਮੈਂ ਕਰਨ ਤੋਂ ਬਿਨਾਂ ਤੁਸੀਂ ਮਸਲੇ ਦੀ ਜੜ੍ਹ ਨਾਲ ਕਿਵੇਂ ਨਿਪਟ ਸਕਦੇ ਸੀ।

ਸਿਆਣੇ ਤਾਂ ਇਹ ਵੀ ਕਹਿੰਦੇ ਹਨ ਕਿ ਜਿਹੜਾ ਅਪਰਾਧ ਨੂੰ ਢੱਕ ਲੈਂਦਾ ਹੈ, ਉਹ ਪ੍ਰੇਮ ਦੀ ਤਲਾਸ਼ ਕਰ ਰਿਹਾ ਹੁੰਦਾ ਹੈ ਅਤੇ ਇਸੇ ਕਰਕੇ ਕਈ ਵਾਰ ਛੋਟੀਆਂ ਮੋਟੀਆਂ ਗੱਲਾਂ ਇੱਕ ਦੂਜੇ ਦੀਆਂ ਸਹਿੰਦੇ ਰਹਿਣਾ ਚਾਹੀਦਾ ਹੈ ਅਤੇ ਦਿਲੋਂ ਮਾਫ਼ ਵੀ ਕਰਦੇ ਰਹਿਣਾ ਚਾਹੀਦਾ ਹੈ। ਇਹ ਵੀ ਕਿ ਮੂਰਖ ਆਪਣਾ ਸਾਰਾ ਗੁੱਸਾ ਦਿਖਾ ਦਿੰਦਾ ਹੈ ਪਰ ਬੁੱਧਵਾਨ ਆਪਣੇ ਕ੍ਰੋਧ ਨੂੰ ਰੋਕ ਰੱਖਦਾ ਹੈ ਅਤੇ ਪੀ ਜਾਂਦਾ ਹੈ। ਆਸਟ੍ਰੇਲੀਆਂ ਵਿੱਚ 10 ਵਿਚੋਂ 8 ਜੋੜੇ ਵਿਆਹ ਤੋਂ ਪਹਿਲਾਂ ਇਕੱਠੇ ਰਹਿੰਦੇ ਹਨ, ਸ਼ਾਇਦ ਉਹ ਇਕ ਦੂਜੇ ਦੀਆਂ ਆਦਤਾਂ ਤੋਂ ਚੰਗੀ ਤਰ੍ਹਾਂ ਵਾਕਿਫ਼ ਹੋਣਾ ਚਾਹੁੰਦੇ ਹੋਣ ਤਾਂ ਕਿ ਵਿਆਹ ਤੋਂ ਬਾਅਦ ਝਗੜਾ ਨਾ ਕੀਤਾ ਜਾਵੇ। ਵੈਸੇ ਵੀ ਥੋੜੀ ਸੋਚ ਅਤੇ ਇੱਕ ਪਾਸੜ ਸੋਚ ਵਾਲੇ ਲੋਕਾਂ ਤੋਂ ਬਚਣਾ ਹੀ ਬਿਹਤਰ ਹੈ। ਇਹਨਾਂ ਨਾਲ ਮੇਲ-ਮਿਲਾਪ ਸਰੀਰਕ ਅਤੇ ਮਾਨਸਿਕ ਨੁਕਸਾਨ ਕਰੇਗਾ।


# ਵਿਗਿਆਨ ਜੋਤ

- ਮੈਂਬਰਸ਼ਿਪ ਫੀਸ ਇੱਕ ਸਾਲ ਲਈ 80/-
- ਦੋ ਸਾਲ ਲਈ 150/-

ਹੁਣ ਤੁਸੀਂ ਘਰ ਬੈਠੇ ਵੀ ਵੀਪੀਪੀ ਰਾਹੀਂ 'ਵਿਗਿਆਨ ਜੋਤ' ਮੰਗਵਾ ਸਕਦੇ ਹੋ, ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ 01679 241744 'ਤੇ ਸੰਪਰਕ ਕਰੋ।


## ਸੂਚਨਾ

ਸਾਲ 2003, 2004, 2005, 2006, 2007, 2008, 2009, 2010, 2011 ਅਤੇ 2012 ਦੀਆਂ ਮੈਗਜ਼ੀਨ 'ਵਿਗਿਆਨ ਜੋਤ' ਦੀਆਂ ਫਾਈਲਾਂ ਸਾਡੇ ਕੋਲ ਉਪਲੱਬਧ ਹਨ। ਛੇ-ਛੇ ਮੈਗਜ਼ੀਨਾਂ ਦੀ ਇੱਕ ਫਾਈਲ ਸਿਰਫ 50 ਰੁਪਏ ਅਤੇ ਦੋ ਸਾਲ ਦੀਆਂ ਫਾਈਲਾਂ 90 ਰੁਪਏ ਵਿੱਚ ਤਿੰਨ ਸਾਲਾਂ ਦੀਆਂ ਫਾਈਲਾਂ 130 ਰੁਪਏ ਅਤੇ ਚਾਰ ਸਾਲ ਦੀਆਂ ਫਾਈਲਾਂ 160 ਰੁਪਏ ਵਿਚ, ਪੰਜ ਸਾਲ ਦੀਆਂ ਫਾਈਲਾਂ 200 ਰੁਪਏ ਅਤੇ 10 ਸਾਲਾਂ ਦੀਆਂ ਫਾਈਲਾਂ ਤੁਹਾਨੂੰ ੪00/-ਰੁਪੈ ਵਿੱਚ ਪ੍ਰਾਪਤ ਹੋ ਸਕਦੀਆਂ ਹਨ। ਤੁਸੀਂ ਇਹ ਫਾਈਲਾਂ ਵੀ.ਪੀ.ਪੀ. ਰਾਹੀਂ ਵੀ ਫ਼ੋਨ ਨੰਬਰ 01679-241744 'ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ। **ਨੋਟ: ਵੀ.ਪੀ.ਪੀ. ਦਾ ਖਰਚਾ ਵੱਖਰਾ ਹੋਵੇਗਾ।**



# ਆਹ ! ਚੁੰਬਰ ਸਾਹਿਬ ਜੀ ! ! ਕਿੱਧਰ ਚਲੇ ਗਏ ! ! !



ਬਹੁਤ ਡੂੰਘਾ ਅਫਸੋਸ ਹੋਇਆ ਜਦੋਂ ਪ੍ਰੇਮ ਕੁਮਾਰ ਚੁੰਬਰ ਉਨ੍ਹਾਂ ਨੇ ਆਪਣੇ ਵੱਡੇ ਭਰਾ ਸੀ. ਐਲ. ਚੁੰਬਰ ਦੇ ਤੁਰ ਜਾਣ ਦੀ ਦੁਖਦਾਈ ਖ਼ਬਰ ਦਿੱਤੀ। ਉਹ ਗੱਲ ਕਰਦਿਆਂ ਹੀ ਫੁੱਟ ਪਏ ਅਤੇ ਗਲਾ ਰੁੰਧਿਆ ਗਿਆ। ਬਿਲਕੁਲ ਕੁਦਰਤੀ ਸੀ- ਪਿਓ ਵਰਗਾ ਵੱਡਾ ਭਰਾ ਜੋ ਹਰ ਤਰ੍ਹਾਂ ਨਾਲ ਆਪਣੇ ਛੋਟੇ ਭਰਾਵਾਂ ਨੂੰ ਬੱਚਿਆਂ ਵਾਂਗੂੰ ਪਿਆਰ ਕਰਦਾ ਹੋਵੇ, ਦੁੱਖ-ਸੁੱਖ ਵਿਚ ਜ਼ਿੰਦਗੀ ਦੇ ਹਰ ਖੇਤਰ ਵਿਚ ਹਰ ਵੇਲੇ ਸੱਜੀ-ਖੱਬੀ ਬਾਂਹ ਬਣ ਕੇ ਖਲੋਇਆ ਹੋਵੇ ਉਸਦੇ ਸਦਾ ਲਈ ਤੁਰ ਜਾਣ ਸਮੇਂ ਕਿਉਂ ਨਹੀਂ ਰੋਣਾ ਆਵੇਗਾ।

ਮੈਂ ਸੀ. ਐਲ. ਚੁੰਬਰ ਨੂੰ ਪਹਿਲੀ ਵਾਰ ਉਨੀ ਸੌ ਅੱਸੀਵਿਆਂ ਵਿਚ ਉਦੋਂ ਮਿਲਿਆ ਸੀ ਜਦੋਂ ਉਹ ਚੜ੍ਹਦੀ ਉਮਰੇ ਨਵੇਂ ਜੋਸ਼, ਨਵੇਂ ਵਿਚਾਰਾਂ ਨਾਲ ਲੈਸ, ਉਤਸ਼ਾਹ ਭਰਪੂਰ ਕੁਝ ਕਰ ਗੁਜ਼ਰਨ ਲਈ ਤਿਆਰ ਨੌਜਵਾਨ ਸੀ। ਮੈਂ ਉਸ ਵੇਲੇ 'ਬਹੁਜਨ ਲਹਿਰ' ਨਾਲ ਜੁੜਿਆ ਹਫਤਾਵਾਰੀ 'ਬਹੁਜਨ ਸੰਦੇਸ਼' ਦੀ ਐਡੀਟਿੰਗ ਦਾ ਕੰਮ ਕਰਦਾ ਸੀ। ਪੇਪਰ ਸਬੰਧੀ ਇਹਨਾਂ ਨੇ ਮੇਰੇ ਨਾਲ ਕਈ ਸਾਰਥਕ ਵਿਚਾਰ ਸਾਂਝੇ ਕੀਤੇ। ਬਾਬੂ ਮੰਗੂ ਰਾਮ ਮੁੱਗੋਵਾਲੀਆ ਬਾਰੇ ਬੜਾ ਵਿਸਥਾਰ ਪੂਰਵਕ ਵਿਚਾਰ ਵਟਾਂਦਰਾ ਕੀਤਾ, ਜਿਸ ਤੋਂ ਪ੍ਰਭਾਵਿਤ ਹੋ ਕੇ ਮੈਂ ਬਾਬੂ ਜੀ ਦੇ ਜਨਮ ਦਿਨ 'ਤੇ ਵਿਸ਼ੇਸ਼ ਅੰਕ ਕੱਢਣ ਦਾ ਵਿਚਾਰ ਬਣਾਇਆ। ਉਹ ਬਹੁਤ ਖੁਸ਼ ਹੋਏ ਅਤੇ ਬਾਬੂ ਜੀ ਸਬੰਧੀ ਕਾਫੀ ਮੈਟਰ ਅਤੇ ਫੋਟੋਆਂ ਉਪਲਬਧ ਕਰਵਾਈਆਂ। ਫਿਰ ਜਦੋਂ ਵੀ ਉਹ ਆਉਂਦੇ ਉਸਾਰੂ ਸੁਝਾਅ ਦਿੰਦੇ। ਫਿਰ ਕਈ ਸਾਲ ਸਾਡਾ ਸੰਪਰਕ ਟੁੱਟਿਆ ਰਿਹਾ।

ਫਿਰ ਉਹ ਉਦੋਂ ਮਿਲੇ ਜਦੋਂ 8-9 ਸਾਲ ਪਹਿਲਾਂ 'ਰੋਜ਼ਾਨਾ ਸਪੋਕਸਮੈਨ' ਪੇਪਰ ਨਾਲ ਸਰਕਾਰੀ ਵਧੀਕੀਆਂ ਦੇ ਖ਼ਿਲਾਫ਼ ਚੰਡੀਗੜ੍ਹ ਵਿਚ ਇਕ ਵੱਡਾ ਰੋਸ ਮੁਜ਼ਾਹਰਾ ਕੀਤਾ ਗਿਆ ਸੀ, ਜਿਸ ਵਿਚ ਵੱਡੀ ਗਿਣਤੀ ਵਿਚ ਲੇਖਕ ਅਤੇ ਪੱਤਰਕਾਰ ਸ਼ਾਮਲ ਹੋਏ ਸਨ। ਉਹ ਜਲੰਧਰੋਂ ਉਚੇਚੇ ਆਪਣੇ ਸਾਥੀਆਂ ਨਾਲ ਇਸ ਵਿਚ ਸ਼ਾਮਲ ਹੋਣ ਲਈ ਆਏ ਸਨ। ਮੈਂ ਵੀ ਉਸ ਵਿਚ ਸ਼ਾਮਲ ਸੀ ਤੇ ਉਹਨਾਂ ਨੇ ਬੜੇ ਰੋਹ ਭਰੇ ਅੰਦਾਜ਼ ਵਿਚ ਸਰਕਾਰੀ ਵਧੀਕੀਆਂ ਦਾ ਜ਼ਿਕਰ ਕੀਤਾ ਅਤੇ ਸਪੋਕਸਮੈਨ ਦੇ ਰੋਲ ਦੀ ਸ਼ਲਾਘਾ ਕੀਤੀ। ਲੋਕਾਂ ਦੇ ਹਿੱਤ ਵਿਚ ਕਿਸੇ ਵੀ ਸਮਾਜਿਕ ਘੋਲ ਦੇ ਉਹ ਹਮਾਇਤੀ ਸਨ।

ਫਿਰ ਦੋ ਕੁ ਸਾਲ ਪਹਿਲਾਂ ਅਚਾਨਕ ਉਹਨਾਂ ਦਾ ਫੋਨ ਆਇਆ। ਕਹਿਣ ਲੱਗੇ ਆਪਣੀ ਜੀਵਨੀ ਲਿਖੋ। ਮੈਂ ਆਪਣੀ ਪੜ੍ਹਾਈ ਕਰਨ ਵੇਲੇ ਦੀਆਂ ਦੁਸ਼ਵਾਰੀਆਂ ਦਾ ਜ਼ਿਕਰ ਕਦੇ ਉਹਨਾਂ ਕੋਲ ਕੀਤਾ ਸੀ। ਫਿਰ ਬਹੁਜਨ ਲਹਿਰ ਵੇਲੇ ਦੀਆਂ ਕਾਂਸ਼ੀ ਰਾਮ ਜੀ ਦੀਆਂ ਯਾਦਾਂ ਵੀ ਕੁਝ ਮੇਰੀਆਂ ਛਪੀਆਂ ਸਨ ਜੋ ਉਹਨਾਂ ਨੇ ਪੜ੍ਹ ਲਈਆਂ ਸਨ। ਗੱਲਾਂ-ਬਾਤਾਂ ਵਿਚ ਉਹਨਾਂ ਨੇ ਕਿਤਾਬ ਦੇ ਚੈਪਟਰ ਵੀ ਬਣਾ ਕੇ ਸਮਝਾ ਦਿੱਤੇ ਤੇ ਹੋਰ ਕਿਸੇ ਮਦਦ ਦਾ ਹੁੰਗਾਰਾ ਵੀ ਭਰ ਦਿੱਤਾ। ਕਿਸੇ ਦੀ ਮਦਦ ਕਰਨ ਦਾ ਕਿੰਨਾ ਮਾਦਾ ਸੀ ਉਹਨਾਂ ਵਿਚ।

ਹੁਣ ਕੁਝ ਮਹੀਨੇ ਹੀ ਪਹਿਲਾਂ ਉਹਨਾਂ ਦਾ ਫਿਰ ਫੋਨ ਆਇਆ ਕਿ ਤੁਸੀਂ ਜੀਵਨੀ ਤਾਂ ਲਿਖਣੀ ਨਹੀਂ ਤੁਹਾਡੀ ਡਾਕੂਮੈਂਟਰੀ ਫਿਲਮ ਬਣਾ ਦੇਈਏ? ਤੁਸੀਂ ਸਾਰਾ ਮਸਾਲਾ ਇਕੱਠਾ ਕਰ ਲਓ ਮੈਂ ਤਰਤੀਬ ਦੇ ਦੇਵਾਂਗਾ। ਬੇਟਾ ਇਸ ਕੰਮ ਦੀ ਜਾਣਕਾਰੀ ਰੱਖਦਾ ਹੈ, ਉਸਦੀ ਮਦਦ ਲੈ ਲਵਾਂਗੇ। ਉਹਨਾਂ ਨੇ ਬੜਾ ਜ਼ੋਰ ਦੇ ਕੇ ਆਖਿਆ ਸੀ। ਕਈ ਦਿਨਾਂ ਬਾਅਦ ਇਸ ਪ੍ਰਾਜੈਕਟ 'ਤੇ ਗੰਭੀਰ ਹੋ ਕੇ ਜ਼ੋਰ ਦੇਣ ਦੀ ਤਾਕੀਦ ਕੀਤੀ। ਤੇ ਇਹ ਮੇਰੀ ਉਹਨਾਂ ਨਾਲ ਆਖਰੀ ਗੱਲਬਾਤ ਸੀ। ਕਿੰਨੀ ਚਿੰਤਾ ਰਹਿੰਦੀ ਸੀ ਉਹਨਾਂ ਨੂੰ ਦੂਜਿਆਂ ਦੇ ਕੰਮ ਦੀ।

ਉਹ ਸੱਚਮੁਚ ਹੀ ਦੂਜਿਆਂ ਦੇ ਕੰਮ ਆਉਣ ਵਾਲੀ ਇਨਸਾਨੀ ਫਿਤਰਤ ਦੇ ਮਾਲਕ ਸਨ। ਮਿਹਨਤ, ਸੰਘਰਸ਼, ਪੜ੍ਹਨਾ-ਲਿਖਣਾ, ਦੱਬੇ ਕੁਚਲਿਆਂ ਲਈ ਦਿਨ ਰਾਤ ਕੰਮ ਕਰਨਾ, ਸਪਸ਼ਟ ਤੇ ਨਿਰਪੱਖ ਸੋਚ ਰੱਖਣੀ, ਨਿਡਰਤਾ ਨਾਲ ਆਪਣਾ ਪੱਖ ਰੱਖਣਾ ਆਦਿ ਉਹਨਾਂ ਦੇ ਹੋਰ ਦੂਜੇ ਗੁਣ ਸਨ। ਉਹ ਮਾਸਿਕ 'ਕੌਮੀ ਉਡਾਰੀਆਂ' ਪੱਤਰ ਕੱਢਦੇ ਰਹੇ ਜਿਸ ਵਿਚ ਦੱਬੇ ਕੁਚਲੇ ਸਮਾਜ ਦੀਆਂ ਦੁਸ਼ਵਾਰੀਆਂ, ਦਿਸ਼ਾ ਨਿਰਦੇਸ਼, ਰਾਹਤ, ਸੇਧ ਦਾ ਹੀ ਜ਼ਿਕਰ ਹੁੰਦਾ। ਸਮਾਜ ਲਈ ਕੰਮ ਆਉਣ ਦਾ ਜਜ਼ਬਾ ਉਹਨਾਂ ਵਿਚ ਕੁੱਟ ਕੁੱਟ ਕੇ ਭਰਿਆ ਹੋਇਆ ਸੀ। ਇਹ ਉਹਨਾਂ ਦੀ ਸੇਧ ਅਤੇ ਸਿੱਖਿਆ ਦਾ ਹੀ ਅਸਰ ਹੋਵੇਗਾ ਕਿ ਉਹਨਾਂ ਦੇ ਛੋਟੇ ਭਰਾ ਪ੍ਰੇਮ ਕੁਮਾਰ ਚੁੰਬਰ ਉਹਨਾਂ ਦੇ ਕਦਮ ਚਿੰਨ੍ਹਾਂ ਤੇ ਚੱਲਦੇ ਹੋਏ ਸਮਾਜਿਕ ਸੇਧ ਲਈ ਹੀ ਦੇਸ਼ ਤੋਂ ਦੂਰ ਅਮਰੀਕਾ ਦੀ ਧਰਤੀ ਤੇ ਦੋ ਹਫਤਾਵਾਰੀ 'ਦੇਸ਼ ਦੁਆਬਾ ਅਤੇ ਅੰਬੇਦਕਰ ਟਾਈਮਜ਼' ਬੜੀ ਸਫਲਤਾ ਨਾਲ ਚਲਾ ਰਹੇ ਹਨ।

ਸੀ. ਐਲ. ਚੁੰਬਰ ਦੇ ਜਾਣ ਨਾਲ ਚੁੰਬਰ ਪਰਿਵਾਰ ਨੂੰ ਤਾਂ ਨਿਸ਼ਚੇ ਹੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਹਨਾਂ ਦੀ ਉਮਰ ਹਾਲੇ ਕੋਈ ਤੁਰ ਜਾਣ ਦੀ ਹੈ ਵੀ ਨਹੀਂ ਸੀ। ਹਾਲੇ ਤਾਂ ਛੇ ਦਹਾਕੇ ਵੀ ਪੂਰੇ ਨਹੀਂ ਸੀ ਹੋਏ। ਇਹੀ ਤਾਂ ਉਮਰ ਸੀ ਜਦੋਂ ਪ੍ਰੋੜਤਾ ਨਾਲ ਸਮਾਜ ਨੂੰ ਸਹੀ ਰਾਹ ਵਿਖਾ ਕੇ ਸੱਚੇ ਮਾਰਗ ਦਾ ਗਾਡੀ ਬਣਿਆ ਜਾ ਸਕਦਾ ਸੀ। ਕਾਸ਼! ਚੁੰਬਰ ਸਾਹਿਬ ਘੱਟੋ ਘੱਟ ਦੋ ਕੁ ਦਹਾਕੇ ਹੋਰ ਸਾਡੇ ਵਿਚਕਾਰ ਰਹਿ ਸਕਦੇ!

- ਫਤਿਹਜੰਗ ਸਿੰਘ, 91-98726-70278

## ਇਕ ਸਵਾਲ ਆਇਆ ਹੈ ਸਾਧ ਸੰਗਤ ਜੀ..ਵਿਚਾਰ ਦੇਣਾ

ਮੰਨ ਲਓ ਦੋ ਪਿੰਡ ਹਨ। ਦੋਨਾਂ ਪਿੰਡਾਂ ਨੂੰ ਕਿਤੋਂ ਜਾਂ ਉਨਾਂ ਨੇ ਆਪ 1-1 ਕਰੋੜ ਰੁਪਏ ਇੱਕਠੇ ਕਿਤੇ ਨੇ।ਹੁਣ ਦੋਨਾਂ ਪਿੰਡਾਂ ਨੇ ਉਹ ਧਨ ਕਿਵੇਂ ਵਰਤਿਆ ..ਉਹ ਹੇਠ ਲਿਖਿਆ ਹੈ :-

1. ਪਹਿਲੇ ਪਿੰਡ ਨੇ ...ਉਸ ਧਨ ਨਾਲ ਪਿੰਡ ਵਿਚ ਇਕ ਬਹੁਤ ਵਧੀਆ ਪਾਰਕ ਬਣਾਇਆ ਤਾਂ ਕਿ ਸਵੇਰੇ- ਸ਼ਾਮ ਪਿੰਡ ਦੇ ਬੱਚੇ-ਬਜੁਰਗ,ਔਰਤਾਂ, ਨੌਜਵਾਨ ਸ਼ੈਰ ਕਰ ਸਕਣ ...ਇਕ ਖੇਡ ਗਰਾਉਂਡ ਬਣਾਇਆ ਤਾਂ ਪਿੰਡ ਦੇ ਨੌਜਵਾਨ ,ਬੱਚੇ ਤੇ ਹੋਰ ਖੇਡ ਸਕਣ ...ਉਨਾਂ ਪਿੰਡ ਵਿਚ ਇਕ ਵੱਡਾ ਸਾਰਾ ਸ਼ੈਡ ਬਣਾਇਆ ਤਾਂ ਕਿ ਪਿੰਡ ਵਿਚ ਹੁੰਦੀਆਂ ਵਿਆਹ -ਸ਼ਾਦੀਆਂ, ਪ੍ਰੋਗਰਾਮਾਂ ਲਈ ਸ਼ਹਿਰ ਜਾ ਕੇ ਮਹਿੰਗੇ ਮੈਰਿਜ-ਪੈਲਸ ਬੁੱਕ ਨਾ ਕਰਨੇ ਪੈਣ ...ਉਨਾਂ ਪਿੰਡ ਵਿਚ ਬਚੀਆਂ ਖਾਲੀ ਥਾਵਾਂ ਜਿਵੇਂ ਮੜੀਆਂ ਵਗੈਰਾ ਤੇ ਪਿੰਡ ਦੇ ਆਲੇ ਦੁਆਲੇ ਪੰਗਡੰਡੀਆਂ ਬਣਾਕੇ ਵਧੀਆ- ਵਧੀਆ ਰੁੱਖ, ਫੁਲ-ਬੂਟੇ ਲਗਾਏ ਤਾਂ ਕਿ ਦ੍ਰਿਸ਼ ਮਨਮੋਹਕ ਅਤੇ ਵਾਤਾਵਰਣ ਸ਼ੁਧ ਬਣੇ ਤੇ ਇਨਾਂ ਦੇ ਰੱਖ-ਰਖਾਵ ਲਈ ਇਕ-ਦੋ ਗਰੀਬ ਪਿੰਡ ਵਾਸੀਆਂ ਨੂੰ ਰੋਜਗਾਰ ਵੀ ਦਿੱਤਾ ...ਉਨਾਂ ਨੇ ਪਿੰਡ ਦੇ ਸਕੂਲ ਲਈ ਲੋੜੀਦੀਆਂ ਸਹੂਲਤਾਂ ਪੂਰੀਆਂ ਕੀਤੀਆਂ ..... ਉਨਾਂ ਸਾਂਝੇ ਖਾਤੇ ਵਿਚੋਂ ਸਾਰੇ ਪਿੰਡ ਦੇ ਬੱਚਿਆਂ ਲਈ ਇਕ ਟਯੂਟਰ ਦਾ ਪ੍ਰਬੰਧ ਕਿਤਾ ....ਉਨਾਂ ਆਪਣੇ ਪਿੰਡ ਦੇ ਪਸ਼ੂਆਂ ਦੀ ਨਸਲ-ਸੁਧਾਰ ਵਗੈਰਾ ਲਈ ਇਕ ਡਾਕਟਰ ਹਾਇਰ ਕੀਤਾ ਤਾਂ ਕਿ ਚਾਰ-ਚਾਰ ਕਿਲੋ ਦੁਧ ਦਿੰਦੀਆਂ ਮੱਝਾਂ ਦੀ ਨਸਲ ਸੁਧਾਰਕੇ 15-15 ਕਿਲੋ ਦੁੱਧ ਦਿੰਦੀਆਂ ਮੱਝਾਂ ਪੈਦਾ ਕੀਤੀਆਂ ਜਾਣ ਤੇ ਪਿੰਡ ਨੂੰ ਹੋਰ ਆਰਥਿਕ ਖੁਸ਼ਹਾਲ ਬਣਾਇਆ ਜਾ ਸਕੇ। ਹੋਰ ਵੀ ਵਧੀਆ ਕੰਮ ਕੀਤੇ ਗਏ' ਪਿੰਡ ਵਾਸੀਆਂ ਦੀ ਜਿੰਦਗੀ ਖੁਸ਼ਹਾਲ ਕਰਨ ਲਈ।

2.ਦੂਜੇ ਪਿੰਡ ਨੇ ਉਸ ਧਨ ਨਾਲ, ਆਪਣੇ ਪਿੰਡ ਵਿਚ ਇਕ ਆਲੀਸ਼ਾਨ ਧਾਰਮਿਕ ਸਥਾਨ ਬਣਾਇਆ ਤੇ ਬਾਕੀ ਜੋ ਮਾੜਾ ਮੋਟਾ ਧਨ ਬਚਿਆ ਸੀ ਉਹ ਵੀ ਉਸ ਸਥਾਨ ਦੇ ਰੱਖ-ਰਖਾਵ ਲਈ ਰਾਖਵਾਂ ਰੱਖ ਲਿਆ ।

ਹੁਣ ਸਵਾਲ ਇਹ ਹੈ ਕਿ ਇਨਾਂ ਦੋਨਾਂ ਪਿੰਡ ਵਾਸੀਆਂ ਵਿਚੋਂ ਕਿਹੜੇ ਪਿੰਡ ਦੇ ਲੋਕ ਜਿਆਦਾ ਸਮਝਦਾਰ ਨੇ?

ਮਾਫ਼ ਕਰਨਾ ਇਸਦਾ ਜਵਾਬ ਵੀ ਮੈਂ ਹੀ ਦੇ ਰਿਹਾਂ।

ਮੈਨੂੰ ਪਤਾ ਨਾ-ਨੁੱਕਰ ਕਰਦੇ ਹੋਏ ਜਾਂ ਅਨਮਨੇ ਮਨ ਨਾਲ 99% ਲੋਕੀ "ਪਹਿਲੇ ਪਿੰਡ" ਵਾਲਿਆਂ ਨੂੰ ਜਿਆਦਾ ਸਮਝਦਾਰ ਕਹਿਣਗੇ।

ਪਰ ਹੈਰਾਨੀ ਦੀ ਗੱਲ ਇਹ ਹੈ ਕਿ ਇਹੀ 99% ਲੋਕ 'ਦੂਜੀ ਤਰਾਂ ਦੇ ਪਿੰਡ" ਦੇ ਵਾਸੀ ਹਨ।

# ਇਨਕਲਾਬੀ ਕਰਮਯੋਗੀ ਪ੍ਰੋਫੈਸਰ ਮੇਘਰਾਜ



ਨਕਸਲਵਾੜੀ ਲਹਿਰ ਦੀ ਉੱਘੀ ਸ਼ਖਸ਼ੀਅਤ ਪ੍ਰੋ. ਮੇਘ ਰਾਜ ਦਾ ਬੀਤੇ ਦਿਨ4 ਅਕਤੂਬਰ ਨੂੰ ਬਠਿੰਡਾ ਵਿਚ ਪਰਕਿੰਨਸਨਜ਼ ਦੀ ਨਾਮੁਰਾਦ ਬਿਮਾਰੀ ਕਾਰਨ ਦੇਹਾਂਤ ਹੋ ਗਿਆ। 77 ਸਾਲਾ ਪ੍ਰੋ. ਮੇਘ ਰਾਜ ਪਿਛਲੇ ਕੁੱਝ ਸਾਲਾਂ ਤੋਂ ਗੰਭੀਰ ਬੀਮਾਰ ਸਨ ਅਤੇ ਆਪਣੀ ਪਤਨੀ ਕੁਸ਼ੱਲਿਆ ਨਾਲ ਆਪਣੀ ਬੇਟੀ ਕੋਲ ਰਹਿ ਰਹੇ ਸਨ। ਬਠਿੰਡਾ ਦੇ ਰਾਮਬਾਗ ਵਿਚ ਉਹਨਾਂ ਦਾ ਅੰਤਿਮ ਸੰਸਕਾਰ ਕਰਨ ਸਮੇਂ ਸਮੁੱਚੀ ਇਨਕਲਾਬੀ ਲਹਿਰ ਦੀਆਂ ਆਗੂ ਸ਼ਖਸ਼ੀਅਤਾਂ ਅਤੇ ਇਨਕਲਾਬੀ ਜਮਹੂਰੀ ਕਾਰਕੁੰਨਾਂ ਨੇ ਇਨਕਲਾਬੀ ਨਾਹਿਰਆਂ ਦੀ ਗੂੰਜ ਵਿਚ ਉਹਨਾਂ ਨੂੰ ਅੰਤਿਮ ਵਿਦਾਇਗੀ ਦਿੱਤੀ।

ਇਨਕਲਾਬੀ ਲਹਿਰ ਵਿਚ "ਬਾਈ ਜੀ" ਦੇ ਨਾਮ ਨਾਲ ਜਾਣੇ ਜਾਂਦੇ ਮੇਘਰਾਜ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐਮ. ਏ. (ਅੰਗਰੇਜ਼ੀ) ਕਰਦਿਆਂ ਮਾਰਕਸਵਾਦੀ ਵਿਚਾਰਧਾਰਾ ਤੋਂ ਐਸੇ ਪ੍ਰਭਾਵਤ ਹੋਏ ਕਿ ਪੂਰੀ ਜ਼ਿੰਦਗੀ ਇਸ ਵਿਚਾਰਧਾਰਾ ਦੇ ਲੇਖੇ ਲਾ ਦਿੱਤੀ। ਫਿਰ ਦੁਨੀਆ ਦੀ ਇਹ ਬਿਹਤਰੀਨ ਵਿਚਾਰਧਾਰਾ ਹਮੇਸ਼ਾ ਲਈ ਉਨ੍ਹਾਂ ਦੀ ਜੀਵਨ ਜਾਚ ਬਣ ਗਈ। ਪੜ੍ਹਾਈ ਮੁਕਾਕੇ ਦੋ ਕੁ ਸਾਲ ਦੇ ਸੰਖੇਪ ਅਰਸੇ ਲਈ ਉਨ੍ਹਾਂ ਨੇ ਟੀ. ਪੀ. ਡੀ. ਕਾਲਜ ਰਾਮਪੁਰਾ ਫੂਲ ਵਿਚ ਬਤੌਰ ਪ੍ਰੋਫੈਸਰ ਅਧਿਆਪਨ ਦੀ ਨੌਕਰੀ ਕੀਤੀ। ਇਹ ਉਹ ਇਨਕਲਾਬੀ ਤਰਥੱਲੀਆਂ ਦਾ ਦੌਰ ਸੀ ਜਦੋਂ ਬੇਸ਼ੁਮਾਰ ਨੌਜਵਾਨ ਆਪਣੇ ਨਿੱਜ ਦੀ ਖ਼ਾਤਰ ਜਿਊਂਦੇ ਰਹਿਣ ਦੀ ਬਜਾਏ ਸਮੁੱਚੀ ਮਨੁੱਖਤਾ ਦੀ ਨਾਬਰਾਬਰੀ, ਲੁੱਟਖਸੁੱਟ ਅਤੇ ਵਿਤਕਰੇ ਅਤੇ ਇਨ੍ਹਾਂ ਵਿੱਚੋਂ ਪੈਦਾ ਹੁੰਦੀਆਂ ਤਮਾਮ ਸਮਾਜੀ ਸਮੱਸਿਆਵਾਂ ਤੋਂ ਮੁਕਤੀ ਲਈ ਇਨਕਲਾਬੀ ਜਮਾਤੀ ਜੱਦੋਜਹਿਦ ਵਿਚ ਕੁੱਦੇ। ਇਸ ਇਨਕਲਾਬੀ ਕਾਰਵਾਂ ਦਾ ਹਿਸਾ ਬਣਕੇ ਮੇਘ ਨੇ ਵੀ ਨੌਕਰੀ ਛੱਡ ਦਿੱਤੀ ਅਤੇ 1970ਵਿਆਂ ਵਿੱਚ ਉੱਠੀ ਨਕਸਲਵਾੜੀ ਲਹਿਰ ਵਿਚ ਅਜਿਹਾ ਕੁੱਦੇ ਕਿ ਆਖ਼ਰੀ ਸਾਹਾਂ ਤੱਕ ਇਸੇ ਹੀ ਲਹਿਰ ਨੂੰ ਪ੍ਰਣਾਏ ਰਹੇ।

ਪ੍ਰੋਫੈਸਰ ਮੇਘ ਰਾਜ ਤਰਕਸ਼ੀਲ ਸੁਸਾਇਟੀ ਭਾਰਤ ਦੇ ਉਮਰ ਭਰ ਸਹਿਯੋਗੀ ਬਣੇ ਰਹੇ। ਸੱਚਾਈ ਇਹ ਹੈ ਕਿ ਕਿਤਾਬ ਦੇਵ ਦੈਂਤ ਰੂਹਾਂ ਦੇ ਅੰਗਰੇਜੀ ਐਡੀਸ਼ਨ ਦੀ ਤਰਕਸ਼ੀਲ ਨੂੰ ਕੋਈ ਵੀ ਜਾਣਕਾਰੀ ਨਹੀਂ ਸੀ। ਉਹਨਾਂ ਤਰਕਸ਼ੀਲ ਆਗੂ ਮੇਘ ਰਾਜ ਮਿੱਤਰ ਨੂੰ ਸਿਰਫ ਇਸ ਕਿਤਾਬ ਦੀ ਹੋਂਦ ਤੇ ਉਪਲਬਧਤਾ ਬਾਰੇ ਹੀ ਨਹੀਂ ਦਸਿਆ ਸਗੋਂ ਡਾ: ਕਾਵੂਰ ਦੀਆਂ ਦੋਵੇਂ ਕਿਤਾਬਾਂ ਦੇ ਦੂਸਰੇ ਐਡੀਸ਼ਨਾਂ ਤੇ ਸੁਧਾਈ ਦਾ ਕੰਮ ਵੀ ਨੇਪਰੇ ਚਾੜ੍ਹਿਆ। ਸਮੇਂ-ਸਮੇਂ ਤੇ ਉਹ ਇਸ ਸੰਬਧਾਂ ਦੇ ਗਠਨ ਤੇ ਕਾਰਜ ਪ੍ਰਣਾਲੀ ਵਾਰੇ ਵੀ ਅਗਵਾਈ ਦਿੰਦੇ ਰਹੇ। ਤਰਕਸ਼ੀਲ ਸੁਸਾਇਟੀ ਭਾਰਤ ਹਮੇਸ਼ਾ ਹੀ ਉਹਨਾਂ ਇਸ ਅਗਵਾਈ ਲਈ ਰਿਣੀ ਰਹੇਗੀ।

ਉਹਨਾਂ ਨਮਿਤ ਸ਼ਰਧਾਂਜਲੀ ਸਮਾਗਮ 16 ਅਕਤੂਬਰ ਨੂੰ ਰਾਮਪੁਰਾ ਫੂਲ ਵਿਚ ਕੀਤਾ ਜਾਵੇਗਾ। ਜਿੱਥੇ ਇਨਕਲਾਬੀ ਲਹਿਰ ਦੇ ਉਨ੍ਹਾਂ ਦੇ ਸੰਗੀ-ਸਾਥੀ, ਉਨ੍ਹਾਂ ਦੇ ਦੋਸਤ-ਮਿੱਤਰ ਅਤੇ ਰਿਸ਼ਤੇਦਾਰ ਉਹਨਾਂ ਨੂੰ ਆਪਣਾ ਸਤਿਕਾਰ ਭੇਟ ਕਰਨਗੇ ਅਤੇ ਉਨ੍ਹਾਂ ਦੀਆਂ ਅਭੁੱਲ ਯਾਦਾਂ ਅਤੇ ਦੇਣਾਂ ਨੂੰ ਚੇਤੇ ਕਰਨਗੇ। ਪ੍ਰੋਫੈਸਰ ਮੇਘਰਾਜ ਦਾ ਦੇਹਾਂਤ ਇਨਕਲਾਬੀ ਜਮਹੂਰੀ ਲਹਿਰ ਅਤੇ ਬਹੁਤ ਵੱਡੇ ਸਮਾਜੀ ਘੇਰੇ ਲਈ ਵੱਡਾ ਘਾਟਾ ਹੈ ਜਿਨ੍ਹਾਂ ਦਾ ਇਕ ਭਰੋਸੇਯੋਗ ਅਤੇ ਨਿੱਗਰ ਹਮਦਰਦ ਉਨ੍ਹਾਂ ਤੋਂ ਹਮੇਸ਼ਾ ਲਈ ਖੁਸ ਗਿਆ।

# ਉਦੋਂ ਤੋਂ ਹੁਣ

-ਰਮਨਪ੍ਰੀਤ ਕੌਰ

ਮਾਰਚ 2008 'ਚ ਅਸੀਂ ਭਾਰਤ ਨੂੰ ਅਲਵਿਦਾ ਆਖ ਆਸਟ੍ਰੇਲੀਆ 'ਚ ਆਪਣੀ ਰਹਿੰਦੀ ਜ਼ਿੰਦਗੀ ਲਈ ਵਸਣ ਆਉਣਾ ਸੀ । ਮੈਂ ਉਦੋਂ ਸੇਂਟ ਜੋਸਫ਼ ਸਕੂਲ ਜਲੰਧਰ 'ਚ ਪੜ੍ਹਾਉਂਦੀ ਸਾਂ । 26 ਜਨਵਰੀ ਦਾ ਦਿਨ ਮਨਾਇਆ ਜਾ ਰਿਹਾ ਸੀ । ਬੱਚੇ ਸਟੇਜ ਤੇ ਦੇਸ਼ ਭਗਤੀ ਦੇ ਗੀਤ ਗਾ ਰਹੇ ਸਨ ਤੇ ਮੈਂ ਇਕ ਕੋਨੇ 'ਚ ਬੈਠੀ ਬਹੁਤ ਜ਼ਿਆਦਾ ਰੋ ਵੀ ਰਹੀ ਸਾਂ ਤੇ ਆਪਣੇ ਅੱਥਰੂ ਵੀ ਲੁਕੋ ਰਹੀ ਸਾਂ । ਸਟੇਜ ਤੋਂ ਦੇਸ਼ ਭਗਤੀ ਲਈ ਬੋਲਿਆ ਜਾ ਰਿਹਾ ਇਕ ਇਕ ਸ਼ਬਦ ਮੈਨੂੰ ਬਹੁਤ ਭਾਵੁਕ ਕਰ ਰਿਹਾ ਸੀ । ਉਦੋਂ ਮਹਿਸੂਸ ਹੋ ਰਿਹਾ ਸੀ ਕਿ ਆਪਣਾ ਦੇਸ਼ ਛੱਡਣਾ ਕਿੰਨਾ ਔਖਾ ਹੁੰਦਾ ਹੋਵੇਗਾ। ਪਰ ਆਸਟ੍ਰੇਲੀਆ ਆ ਕੇ, ਇਥੇ ਦੁਨੀਆ ਦੇ ਹਰ ਕੋਨੇ 'ਚੋਂ ਆਏ ਲੋਕਾਂ ਨੂੰ ਮਿਲ ਕੇ ਪਤਾ ਲੱਗਿਆ ਕਿ ਮਨੁੱਖ ਬੁਨਿਆਦੀ ਤੌਰ ਤੇ ਅੰਦਰੋਂ ਇਕੋ ਜਿਹਾ ਹੀ ਹੈ । ਸਾਡੇ ਦੁੱਖ-ਸੁਖ, ਖੁਸ਼ੀਆਂ-ਹਾਸੇ, ਭੁੱਖਾਂ-ਤੇਹਾਂ ਸਭ ਇਕੋ ਵਰਗੀਆਂ ਹਨ। ਐਵੇਂ ਧਰਮਾਂ, ਕੌਮਾਂ ਤੇ ਦੇਸ਼ਾਂ ਦੇ ਬੱਸ ਮੁਲੰਮੇ ਹੀ ਚੜ੍ਹੇ ਹੋਏ ਹਨ । ...ਤੇ ਫ਼ੇਰ ਮੈਨੂੰ ਸਾਰੀਆਂ ਹੱਦਾਂ-ਸਰਹੱਦਾਂ ਮਹਿਜ਼ ਧਰਤੀ ਤੇ ਜਬਰੀ ਵਾਹੀਆਂ ਲਕੀਰਾਂ ਹੀ ਲੱਗਣ ਲੱਗੀਆਂ । ਇਹ ਕਿਵੇਂ ਹੋ ਸਕਦਾ ਕਿ ਇਸ ਹੱਦ ਤੱਕ ਧਰਤੀ ਆਪਣੀ ਹੋਵੇ, ਲੋਕ ਆਪਣੇ ਹੋਣ ਤੇ ਇਸ ਹੱਦੋਂ ਪਾਰ ਬਿਗਾਨੀ ਤੇ ਲੋਕ ਦੁਸ਼ਮਣ? ਮੈਨੂੰ ਇਕ ਦਿਨ ਲਈ ਵੀ ਆਸਟ੍ਰੇਲੀਆ ਬਿਗਾਨਾ ਨਹੀਂ ਲੱਗਿਆ । ਜਦੋਂ ਏਥੇ ਜੰਗਾਂ-ਯੁੱਧਾਂ ਦੇ ਭੰਨ੍ਹੇ ਸੋਮਾਲੀਅਨਾਂ, ਈਰਾਕੀਆਂ, ਅਫ਼ਗਾਨਿਸਤਾਨੀਆਂ ਤੇ ਸੀਰੀਅਨਾਂ ਦੇ ਦੁੱਖ-ਦਰਦ ਨੂੰ ਸੁਣਿਆ ਤਾਂ ਮੈਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਹੋਇਆ ਕਿ ਮੈਂ ਪਹਿਲਾਂ ਕਿੰਨੀ ਤੰਗ-ਦਿਲ ਸਾਂ । ਦੁਨੀਆ ਦਾ ਕੋਈ ਵੀ ਕੋਨਾ ਹੋਵੇ, ਕੋਈ ਵੀ ਪਹਿਰਾਵਾ, ਬੋਲੀ ਜਾਂ ਚਮੜੀ ਦਾ ਰੰਗ ਹੋਵੇ ਹਰੇਕ ਥਾਂ ਤਕੜਾ ਮਾੜੇ ਨੂੰ ਢਾਹ ਰਿਹਾ ਹੈ । ਕੁਝ ਕੁ ਸੁਚੇਤ ਪ੍ਰਬੰਧ ਵਰਗੇ ਜਾਗਰੁਕ ਮੁਲਕਾਂ ਵਿਚ ਇਹ ਧੱਕਾ ਥੋੜ੍ਹਾ ਹੈ ਤੇ ਅਜੇ ਜ਼ਾਤਾਂ, ਮਜ਼ਹਬਾਂ ਦੇ ਭੇਦ-ਭਾਵਾਂ 'ਚ ਜਕੜੇ ਦੇਸ਼ਾਂ 'ਚ ਜ਼ਿਆਦਾ ।

ਅੱਜਕੱਲ੍ਹ ਜਦੋਂ ਭਾਰਤ ਪਾਕਿਸਤਾਨ ਤੇ ਜੰਗ ਦੇ ਬੱਦਲ ਮੰਡਰਾ ਰਹੇ ਹਨ ਤਾਂ ਮੈਂ ਖ਼ਬਰਾਂ ਤੋਂ ਜਾਣਬੁੱਝ ਕੇ ਕੰਨ ਚੁਰਾ ਜਾਂਦੀ ਹਾਂ ਕਿਉਂਕਿ ਖ਼ਬਰਾਂ ਇਹੀ ਦੱਸਣ ਤੱਕ ਮਹਿਦੂਦ ਰਹਿੰਦੀਆਂ ਹਨ ਕਿ ਕਿੰਨੇ ਭਾਰਤੀ, ਕਸ਼ਮੀਰੀ ਜਾਂ ਪਾਕਿਸਤਾਨੀ ਮਰੇ ਹਨ । ਉਹ ਇਹ ਨਹੀਂ ਦੱਸਦੀਆਂ ਕਿ ਮਾਰੇ ਜਾਣ ਵਾਲੇ ਮਨੁੱਖਾਂ ਦੇ ਨਾਲ ਹੋਰ ਕਿੰਨਾ ਕੁਝ ਮਰਦਾ ਹੈ ਤੇ ਉਹਨਾਂ ਦੇ ਮਾਰੇ ਜਾਣ ਬਾਅਦ ਹੋਰ ਕਿੰਨਾ ਕੁਝ ਟੁਟਦਾ-ਬਿਖਰਦਾ ਹੈ ਜਿਸ ਤੇ ਰਾਜਨੀਤੀ ਹੁੰਦੀ ਹੈ, ਜ਼ਹਿਰ ਉਗਲੀ ਜਾਂਦੀ ਹੈ, ਖੂਨ ਖ਼ੌਲਾਏ ਜਾਂਦੇ ਹਨ ਤੇ ਜੰਗ ਦੇ ਫ਼ੈਸਲੇ ਕਰਨ ਵਾਲੇ ਏ.ਸੀ. ਕਮਰਿਆਂ 'ਚ ਦੋਵੇਂ ਪਾਸੇ ਮਹਿਫ਼ੂਜ਼ ਰਹਿੰਦੇ ਹਨ ।

ਕਾਸ਼ ਧਰਤੀ ਦੇ ਟੁਕੜਿਆਂ ਨਾਲੋਂ ਰੋਟੀ ਦੇ ਟੁਕੜੇ ਵੱਧ ਅਹਿਮ ਹੋਣ ਤੇ ਲੋਕ ਇਹ ਸਮਝ ਸਕਣ ਕਿ ਜੰਗ-ਯੁੱਧ ਚਾਹੇ ਕਿਸੇ ਵੀ ਦੇਸ਼ ਦਾ ਕਿਸੇ ਨਾਲ ਵੀ ਹੋਵੇ ਕਹਿਰ ਉਹਨਾਂ ਦੇ ਸਿਰਾਂ ਤੋਂ ਹੀ ਗੁਜ਼ਰਨਾ ਹੈ ।

ਅੱਜ ਇਕ ਪਾਕਿਸਤਾਨੀ ਆਂਟੀ ਨੂੰ ਮਿਲਣ ਗਈ ਤਾਂ ਉਹਦਾ ਹਮੇਸ਼ਾਂ ਵਾਂਗ ਮਾਂਵਾਂ ਵਰਗਾ ਪਿਆਰ ਤੇ ਮੇਰੇ ਬਾਰੇ ਫ਼ਿਕਰ ਵੇਖ ਕੇ ਮੈਨੂੰ ਪਤਾ ਨਹੀਂ ਲੱਗਿਆ ਕਿ ਲੜਾਈ ਕੌਣ ਤੇ ਕਿਸਦੇ ਖਿਲਾਫ਼ ਲੜ ਰਿਹਾ ਹੈ ? ਅਸੀਂ ਉਹਨਾਂ ਸਾਡੇ ਵਰਗੇ ਆਮ ਲੋਕਾਂ ਨੂੰ ਦੁਸ਼ਮਣ ਮੰਨੀ ਬੈਠੇ ਹਾਂ ਜੋ ਅੰਦਰੋਂ ਬਾਹਰੋਂ ਇੰਨ-ਬਿੰਨ ਸਾਡੇ ਵਰਗੇ ਹਨ ਤੇ ਸਾਡੇ ਵਰਗੀਆਂ ਸਮੱਸਿਅਵਾਂ ਨਾਲ ਹੀ ਜੂਝ ਰਹੇ ਹਨ ।

# 13ਵੇਂ ਤਰਕਸ਼ੀਲ ਨਾਟਕ ਮੇਲੇ ਤੇ ਲੋਕ ਹੋਏ ਭਾਵੁਕ

## ਵਹਿਮਾਂ ਭਰਮਾਂ ਚੋਂ ਕੱਢਣ ਲਈ ਫਰੀਦਕੋਟ ਸ਼ਹਿਰ ਵਿੱਚ ਕੱਢੀ ਗਈ ਝਾਕੀ

## ਸਮਾਜਿਕ ਖੇਤਰਾਂ ਵਿੱਚ ਕੰਮ ਕਰਦੀਆਂ ਪੰਜ ਸ਼ਖਸ਼ੀਅਤਾਂ ਨੂੰ ਕੀਤਾ ਸਨਮਾਨਤ

13ਵੇਂ ਤਰਕਸ਼ੀਲ ਨਾਟਕ ਮੇਲੇ ਵਿਚ ਤਰਕਸ਼ੀਲ ਵਿਚਾਰ ਧਾਰਾ ਨੂੰ ਅਪਣਾਉਣ ਤੇ ਅੰਧ ਵਿਸ਼ਵਾਸ ਨੂੰ ਕੱਢਣ ਦਾ ਸਨੇਹਾ ਲੋਕਾਂ ਨੂੰ ਦਿੱਤਾ ਖਚਾਖਚ ਭਰੇ ਅਮਰ ਆਸ਼ਰਮ ਵਿਚ ਇਹ ਨਾਟਕ ਮੇਲਾ ਹਰ ਸਾਲ ਦੀ ਤਰ੍ਹਾਂ 10.40 ਤੇ ਸ਼ੁਰੂ ਹੋਇਆ। ਜਾਦੂ ਦੇ ਟ੍ਰਿਕ ਏ. ਡੀ. ਬਾਦਸ਼ਾਹ ਤੇ ਭਾਨਾ ਜਾਦੂਗਰ ਵਲੋਂ ਕੀਤੇ ਗਏ ਜਾਦੂ ਦੇ ਇਸ ਵਾਰ ਸਾਰੇ ਰਾਜ ਖੋਲ੍ਹ ਦਿੱਤੇ ਗਏ ਜੋ ਲੋਕਾਂ ਨੇ ਬਹੁਤ ਸਲਾਹਿਆ। ਮੇਘ ਰਾਜ ਰੱਲਾ ਸੂਬਾ ਆਗੂ ਤਰਕਸ਼ੀਲ ਸੁਸਾਇਟੀ ਭਾਰਤ ਦੀ ਨਿਰਦੇਸ਼ਨਾਂ ਹੇਠ ਨਾਟਕ 'ਸਾੜਸਤੀ', 'ਬੁੱਤ ਜਾਗ ਪਿਆ', ਤੇ 'ਕ੍ਰਿਸਾਨੀ ਜ਼ਿੰਦਗੀ' ਤੇ ਕੋਰੀਓਗ੍ਰਾਫ਼ੀਆਂ ਨੇ ਲੋਕਾਂ ਨੂੰ ਭਾਵੁਕ ਕਰ ਦਿੱਤਾ। ਲੋਕਾਂ ਨੇ ਅਪਣੀਆਂ ਸੀਟਾਂ ਤੋਂ ਉੱਠ ਕੇ ਹੱਥ ਖੜ੍ਹੇ ਕਰਕੇ ਤਰਕਸ਼ੀਲ ਲਹਿਰ ਦਾ ਸਾਥ ਦੇਣ ਦਾ ਵਾਅਦਾ ਕੀਤਾ। ਸ੍ਰੀ ਮੇਘ ਰਾਜ ਮਿੱਤਰ ਤਰਕਸ਼ੀਲ ਲਹਿਰ ਦੇ ਬਾਨੀ ਨੇ ਇਕ ਵਿਗਿਆਨਕ ਤਕਰੀਬ ਪੇਸ਼ ਕੀਤੀ ਜੋ ਲੋਕਾਂ ਨੂੰ ਸੋਚਣ ਲਈ ਮਜ਼ਬੂਰ ਕਰ ਗਈ। ਇਸ ਨਾਟਕ ਮੇਲੇ ਦਾ ਉਦਘਾਟਨ ਇਕ ਪੜ੍ਹੇ ਲਿਖੇ ਕਿਰਤ ਕਰਨ ਵਾਲੇ ਇਨਸਾਨ ਤੋਂ ਕਰਵਾਇਆ ਗਿਆ। ਸਮਾਜ ਅੰਦਰ ਵੱਖ-ਵੱਖ ਕੰਮ ਕਰਨ ਵਾਲੀਆਂ ਪੰਜ ਸ਼ਖਸ਼ੀਅਤਾਂ ਨੂੰ ਬਲਜੋਤ ਪਾਲ ਤੇ ਤਰਕਦੀਪ ਥਾਦੇਵਾਲਾ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਲਖਵਿੰਦਰ ਹਾਲੀ ਨੇ ਮੰਚ ਤੇ ਬੋਲਦਿਆਂ ਡੇਰੇ ਵਿਚ ਹੁੰਦੀ ਮਾਨਸਿਕ ਅਤੇ ਆਰਥਿਕ ਲੁੱਟ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਤੇ ਸਭ ਤੋਂ ਵੱਖਰੀ ਗੱਲ ਇਸ ਮੇਲੇ ਦੀ ਇਹ ਰਹੀ ਕਿ ਇਸ ਮੇਲੇ ਵਿਚ ਕਿਸੇ ਤੋਂ ਕੋਈ ਫੰਡ ਵਗੈਰਾ ਵੀ ਨਹੀਂ ਲਿਆ ਗਿਆ। ਤਰਕਸ਼ੀਲ ਸੁਸਾਇਟੀ ਦੀਆਂ ਸ਼ਰਤਾਂ ਦਾ ਮੰਚ 'ਤੇ ਐਲਾਨ ਕੀਤਾ ਕਿ ਕੋਈ ਵੀ ਇਕ ਸ਼ਰਤ ਜਿੱਤ ਕੇ ਇਕ ਕਰੋੜ ਰੁਪੈ ਲਿਜਾ ਸਕਦਾ ਹੈ। ਇਸ ਨਾਟਕ ਮੇਲੇ ਨੂੰ ਕਾਮਯਾਬ ਕਰਨ ਲਈ ਹੇਠ ਲਿਖੀਆਂ ਸ਼ਖਸ਼ੀਅਤਾਂ ਨੇ ਕੰਮ ਕੀਤਾ ਦਵਿੰਦਰ ਸਿੰਘ ਦੀਪਕ, ਪ੍ਰਿੰਸ, ਸੁਖਚੈਨ ਥਾਦੇਵਾਲਾ, ਸੁਭਾਸ਼ ਗਰੋਵਰ, ਪ੍ਰੋ. ਅਮਰਿੰਦਰ ਸਿੰਘ, ਜਸਵੀਰ ਮੋਰਾਂਵਾਲੀ, ਅਜੈਬ ਢੁੱਡੀ, ਗੁਰਜਿੰਦਰ ਡੋਹਕ, ਬਲਕਾਰ ਮੰਡ। ਮੰਚ ਦਾ ਸੰਚਾਲਨ ਜਗਪਾਲ ਸਿੰਘ ਬਰਾੜ ਨੇ ਕੀਤਾ।

**- ਲਖਵਿੰਦਰ ਹਾਲੀ**

ਪ੍ਰਧਾਨ, ਤਰਕਸ਼ੀਲ ਸੁਸਾਇਟੀ ਭਾਰਤ,

ਇਕਾਈ ਫਰੀਦਕੋਟ











## ਕਿ ਨਾਰੀ ਕਦੇ ਅਜ਼ਾਦ ਸੀ ?

**-ਖੁਸ਼ਪ੍ਰੀਤ ਕੌਰ**

ਇੱਕ ਸੋਹਣੀ ਲੰਮੀ ਮੁਟਿਆਰ ਸੀ।
ਰੰਗ ਦੀ ਗੋਰੀ ਨੱਕ ਤਿੱਖਾ ਧਾਰ ਸੀ।
ਉੱਡਦੀ ਜਾਂਦੀ ਵਿੱਚ ਹਵਾ ਦੇ,
ਜਿਵੇਂ ਹੋਈ ਅੱਜ ਆਜ਼ਾਦ ਸੀ।
ਜਿਸਮ ਉਹਦੇ ਨੂੰ ਸੀ ਨਵੇਂ ਖੰਭ ਮਿਲੇ
ਖੁਆਬਾਂ ਦੀ ਭਰੀ ਉਡਾਣ ਸੀ।
ਬੁੱਲੀਆਂ ਨੇ ਤੋੜੇ ਤਾਲੇ ਕਾਗਜ਼ ਤੇ ਉਕੇਰੇ ਜ਼ਜਬਾਤ ਸੀ।
ਕਸੂਰ ਨਹੀਂ ਸੀ। ਉਸਦਾ ਇਹ ਨਾਮ ਜੋ ਮਿਲਿਆ ਨਾਰੀ ਖਾਸ ਸੀ।
ਕੁਦਰਤ ਨੇ ਘੜ ਕੇ ਭੇਜੀ!
ਇਹ ਕੈਸੀ ਕਿਹੜੀ ਮੂਰਤ ਸਾਜ ਦੀ
ਫਿਦਾ ਜਿਸ ਤੇ ਕੁੱਲ ਕਾਇਨਾਤ ਸੀ।
ਪਰ ਪਤਾ ਨਹੀਂ ਕੈਸੀ ਉਹ ਕਾਲੀ ਰਾਤ ਸੀ
ਜਦ ਆਏ ਉਹ ਸ਼ੈਤਾਨ ਸੀ।
ਮਿੰਨਤਾਂ ਸੀ ਕੀਤੀਆਂ, ਬੜੇ ਤਰਲੇ ਸੀ ਪਾਏ
ਇੱਕ ਨਾ ਮੰਨੀ ਜ਼ਾਲਮਾਂ ਚੁੰਨੀ ਰੋਲੀ ਭਰੇ ਬਜ਼ਾਰ ਸੀ।
ਉਹਦੀਆਂ ਚੀਕਾਂ ਤਾਂ ਰੱਬ ਸੀ ਹਿਲਾ ਦਿੱਤਾ
ਪਰ ਕਿਉਂ ਸੁੱਤਾ ਇਹ ਸਮਾਜ ਸੀ।
ਏਸੇ ਲਈ ਮੈਂ ਪੁੱਛਦੀ ਹਾਂ
ਕਿ ਨਾਰੀ ਕਦੇ ਅਜ਼ਾਦ ਸੀ ?
ਨਾਰੀ ਕਦੇ ਅਜ਼ਾਦ ਸੀ ?
ਕਿ ਮੈਂ ਕਦੇ ਅਜ਼ਾਦ ਸੀ ਕਿ ਮੈਂ ਕਦੇ ਅਜ਼ਾਦ ਸੀ।

# ਉਪਵਾਸ ਬਸ ਬਕਵਾਸ

ਅਸ਼ਵਨੀ ਕੁਮਾਰ ਤਿਵਾਰੀ

ਧਾਰਮਿਕ ਗਰੰਥਾਂ ਵਿੱਚ ਵਰਤਾਂ ਅਤੇ ਉਪਵਾਸਾਂ ਨਾਲ ਆਪਣੀਆਂ ਮਨੋਕਾਮਨਾਵਾਂ ਪੂਰੀਆਂ ਕਰਨ ਦੀਆਂ ਕਥਾਵਾਂ ਭਰੀਆਂ ਪਈਆਂ ਹਨ। ਪਰੰਤੂ ਕੀ ਸੱਚਮੁੱਚ ਅਜਿਹਾ ਹੁੰਦਾ ਹੈ?

ਪੁਰਾਣੇ ਜ਼ਮਾਨੇ ਤੋਂ ਹੀ ਸਾਡੇ ਦੇਸ਼ ਵਿੱਚ ਇੱਕ ਅਜੀਬ ਰਿਵਾਜ ਚੱਲਦਾ ਆ ਰਿਹਾ ਹੈ। ਆਪਣੇ ਆਪ ਨੂੰ ਸਤਾਉਣ, ਆਪਣੇ ਸਰੀਰ ਨੂੰ ਤਕਲੀਫ਼ ਦੇਣ ਵਾਲੇ ਲੋਕਾਂ ਨੂੰ ਲੋਕ ਮਹਾਤਮਾ ਮੰਨਦੇ ਹਨ ਅਤੇ ਉਨ੍ਹਾਂ ਨੂੰ ਇੱਜ਼ਤ ਦਿੰਦੇ ਹਨ। ਇਸੇ ਇੱਜ਼ਤ ਨੂੰ ਪਾਣ ਦੇ ਲਈ ਅਤੇ ਖ਼ੁਦ ਨੂੰ ਮਹਾਤਮਾ ਅਖਵਾਉਣ ਦੇ ਲਈ ਲੋਕ ਤਰ੍ਹਾਂ-ਤਰ੍ਹਾਂ ਦੀ ਮੂਰਖਤਾ ਕਰਕੇ ਆਪਣੇ ਸਰੀਰ ਨੂੰ ਤਕਲੀਫ਼ ਦਿੰਦੇ ਹਨ।

ਕੋਈ ਨੰਗੇ ਸਰੀਰ ਸਰਦੀ ਸਹਿ ਰਿਹਾ ਹੈ, ਤਾਂ ਕਿਸੇ ਨੇ ਉਮਰ ਭਰ ਇੱਕ ਪੈਰ ਉਤੇ ਖੜੇ ਰਹਿਣ ਦਾ ਪੱਕਾ ਇਰਾਦਾ ਕੀਤਾ ਹੋਇਆ ਹੈ। ਸਾਰੇ ਲੋਕ ਅਜਿਹੇ ਸੰਤਾਂ ਦੇ ਪੈਰਾਂ ਵਿੱਚ ਝੁਕਦੇ ਹਨ, ਜਦ ਕਿ ਇਸ ਤਰ੍ਹਾਂ ਦਾ ਕੰਮ ਸਿਵਾਏ ਇੱਕ ਦਿਮਾਗੀ ਬਿਮਾਰੀ ਦੇ ਹੋਰ ਕੁੱਝ ਨਹੀਂ ਹੈ।

ਇਹ ਲੋਕ ਮਹਾਤਮਾ ਕਿਵੇਂ ਬਣਦੇ ਹਨ? ਜ਼ਿਆਦਾਤਰ ਮਹਾਤਮਾ ਲੋਕਾਂ ਦਾ ਇਤਿਹਾਸ ਕੁਝ ਇਸ ਤਰ੍ਹਾਂ ਦਾ ਹੁੰਦਾ ਹੈ; ਕਿਸੇ ਦਾ ਆਪਣੀ ਪਤਨੀ ਦੇ ਨਾਲ ਝਗੜਾ ਹੋਇਆ, ਤਾਂ ਕਿਸੇ ਨੂੰ ਆਪਣੇ ਮਾਂ ਪਿਓ ਦੀ ਤਿੱਖੀ ਗੱਲ ਸਹਿਣ ਨਹੀਂ ਹੋਈ ਅਤੇ ਘਰ ਛੱਡ ਕੇ ਸਾਧੂ ਬਣ ਗਏ। ਫੇਰ ਉਸਨੇ ਮਹੀਨਿਆਂ ਖਾਇਆ ਪੀਆ ਨਹੀਂ। ਫਾਕੇ ਦੀ ਜ਼ਿੰਦਗੀ ਗੁਜ਼ਾਰੀ, ਕੁੱਝ ਦਿਨਾਂ ਤੱਕ ਮੌਨ ਰਿਹਾ, ਫੇਰ ਸਰੀਰ ਉੱਤੇ ਰਾਖ ਵਗੈਰਾ ਲਗਾ ਕੇ ਬਣ ਗਿਆ ਮਹਾਤਮਾ। ਅਜਿਹੇ ਕਿਸੇ ਮਹਾਤਮਾ ਦਾ ਜੇਕਰ ਤੁਸੀਂ ਆਸ਼ੀਰਵਾਦ ਲੈਣ ਜਾਓਗੇ ਤਾਂ ਉਥੇ ਵੀ ਇੱਕ ਦੂਸਰੀ ਤਰ੍ਹਾਂ ਦੀ ਮੂਰਖਤਾ ਤੁਹਾਨੂੰ ਦੇਖਣ ਨੂੰ ਮਿਲੇਗੀ। ਇਸ ਤਰ੍ਹਾਂ ਦਾ ਢੌਂਗ ਸਿਰਫ਼ ਮਹਾਤਮਾ ਲੋਕਾਂ ਦੇ ਆਸ਼ਰਮ ਤੱਕ ਹੀ ਨਹੀਂ ਰਹਿੰਦਾ। ਹੁਣ ਘਰ ਵਿੱਚ ਵੀ ਲੋਕ ਇਸੇ ਤਰ੍ਹਾਂ ਦਾ ਢੌਂਗ ਕਰਨ ਲੱਗਦੇ ਹਨ। ਉਹਨਾਂ ਦੇ ਇਸ ਪਖੰਡ ਨੂੰ ਸਾਡਾ ਧਰਮ ਸਹਾਰਾ ਦੇਂਦਾ ਹੈ। ਜਿਹੜਾ ਮੈਂਬਰ ਜਿੰਨਾ ਜ਼ਿਆਦਾ ਅਤੇ ਜਿੰਨਾ ਔਖਾ ਵਰਤ ਰੱਖਦਾ ਹੈ, ਘਰ ਦੇ ਸਾਰੇ ਲੋਕ ਉਸਨੂੰ ਉਨਾ ਹੀ ਆਦਰ ਅਤੇ ਮਾਨ ਸਨਮਾਨ ਦੇਂਦੇ ਹਨ।

ਇਹਨਾਂ ਵਰਤਾਂ ਅਤੇ ਵਰਤ ਕਰਨ ਵਾਲਿਆਂ ਦੇ ਪ੍ਰਤੀ ਸ਼ਰਧਾ ਦਾ ਇਹ ਤਮਾਸ਼ਾ ਬਣ ਗਿਆ ਹੈ ਕਿ ਹੁਣ ਵਰਤ ਸਾਲ ਅਤੇ ਮਹੀਨੇ ਦੀ ਬਜਾਏ ਹਰ ਹਫ਼ਤੇ ਹੋਣ ਲੱਗੇ ਹਨ। ਕੋਈ ਮੰਗਲਵਾਰ ਨੂੰ ਵਰਤ ਰੱਖਦਾ ਹੈ ਤਾਂ ਕੋਈ ਐਤਵਾਰ ਨੂੰ, ਕੋਈ ਸ਼ੁੱਕਰਵਾਰ ਨੂੰ। ਜਿਸਨੇ ਆਪਣੇ ਆਪ ਨੂੰ ਜਿੰਨੀ ਜ਼ਿਆਦਾ ਤਕਲੀਫ਼ ਦਿੱਤੀ, ਉਨਾ ਜ਼ਿਆਦਾ ਮਹਾਨ ਬਣ ਗਿਆ।

ਇਹ ਗੱਲ ਤਾਂ ਕੁਝ ਠੀਕ ਲੱਗਦੀ ਹੈ ਕਿ ਜੀਵ ਹੱਤਿਆ ਅਤੇ ਮਾਸ ਖਾਣਾ ਗਲਤ ਹੈ, ਪਰੰਤੂ ਭੋਜਨ ਕਰਨਾ, ਅੰਨ ਖਾਣਾ ਇਹ ਕਿਹੜਾ ਪਾਪ ਹੈ? ਭੋਜਨ ਨਾ ਕਰਨ ਵਾਲੇ ਨੂੰ ਕਿਹੜਾ ਪੁੰਨ, ਅਤੇ ਕਿਹੋ ਜਿਹਾ ਸਵਰਗ ਮਿਲਦਾ ਹੋਵੇਗਾ?

ਧਾਰਮਿਕ ਗਰੰਥਾਂ ਦੇ ਅਨੁਸਾਰ ਹੀ ਇਹ ਸਰੀਰ ਅੰਨ ਨਾਲ ਹੀ ਬਣਿਆ ਹੈ ਅਤੇ ਅੰਨ ਛੱਡਣ ਵਾਲੇ ਦਾ ਸਰੀਰ ਹੌਲੀ ਹੌਲੀ ਕਮਜ਼ੋਰ ਹੋਣ ਲੱਗਦਾ ਹੈ ਅਤੇ ਉਸ ਦੇ ਸਰੀਰ ਵਿੱਚ ਗੜਬੜੀਆਂ ਵੀ ਆਉਣ ਲੱਗਦੀਆਂ ਹਨ। ਕਿਸੀ ਮਾਹਰ ਨੇ ਦਿਮਾਗੀ ਬਿਮਾਰੀ ਦੇ ਸ਼ਿਕਾਰ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਸ਼੍ਰੇਣੀਆਂ ਵਿੱਚ ਵੰਡਿਆ ਹੈ।

ਪਹਿਲੀ ਵਿੱਚ ਅਪਰਾਧੀ ਸੋਚ ਦੇ ਲੋਕ ਹੁੰਦੇ ਹਨ, ਜੋ ਦੂਸਰੇ ਨੂੰ ਤਕਲੀਫ਼ ਦੇਣ ਵਿੱਚ ਖੁਸ਼ੀ ਮਹਿਸੂਸ ਕਰਦੇ ਹਨ। ਹੱਤਿਆ, ਚੋਰੀ ਵਗੈਰਾ ਕਰਨਾ ਉਹ ਦੇ ਸੁਭਾਅ ਹੁੰਦੇ ਹਨ, ਜਦ ਕਿ ਇੱਕ ਦਰੁਸਤ ਦਿਮਾਗ ਦਾ ਬੰਦਾ ਸਾਰੀਆਂ ਚੀਜ਼ਾਂ ਅਤੇ ਸਾਰੇ ਲੋਕਾਂ ਦੇ ਲਈ ਪਿਆਰ ਦਾ ਭਾਵ ਰੱਖਦਾ ਹੈ।

ਪਰੰਤੂ ਇੱਕ ਹੋਰ ਦੂਸਰੀ ਤਰ੍ਹਾਂ ਦੀ ਕੈਟੇਗਰੀ ਵਿੱਚ ਦਿਮਾਗੀ ਬਿਮਾਰੀ ਦੇ ਸ਼ਿਕਾਰ ਲੋਕ ਵੀ ਹੁੰਦੇ ਹਨ, ਜਿਹਨਾਂ ਨੂੰ ਆਪਣੇ ਆਪ ਨੂੰ ਸਤਾਉਣ ਵਿੱਚ ਮਜ਼ਾ ਆਉਂਦਾ ਹੈ। ਇਹ ਲੋਕ ਤਰ੍ਹਾਂ ਤਰ੍ਹਾਂ ਦੇ ਉਪਾਅ ਕਰਕੇ ਆਪਣੇ ਆਪ ਨੂੰ ਤਕਲੀਫ਼ ਦੇਂਦੇ ਹਨ। ਇਹ ਜ਼ਰੂਰੀ ਨਹੀਂ ਹੈ ਕਿ ਇਹ ਬਿਮਾਰੀ ਜਨਮ ਤੋਂ ਹੀ ਹੋਵੇ। ਕਿਸੇ ਦਿਮਾਗੀ ਸੱਟ ਲੱਗਣ ਨਾਲ, ਜ਼ਿੰਦਗੀ ਵਿੱਚ ਅਸਫ਼ਲ ਹੋਣ, ਪਰਿਵਾਰਕ ਝਗੜਾ ਜਾਂ ਫੇਰ ਕਾਰੋਬਾਰ ਵਿੱਚ ਨੁਕਸਾਨ ਹੋਣ ਦੇ ਕਾਰਨ ਨਾਲ ਇਸ ਤਰ੍ਹਾਂ ਦੀ ਸੋਚ ਪੈਦਾ ਹੋ ਜਾਂਦੀ ਹੈ।

ਇਹਨਾਂ ਵਿੱਚ ਪਹਿਲੀ ਤਰ੍ਹਾਂ ਦਾ ਬੰਦਾ ਅਪਰਾਧੀ ਸਮਝਿਆ ਜਾਂਦਾ ਹੈ ਅਤੇ ਉਸਨੂੰ ਸਮਾਜ ਦੁਆਰਾ ਸਜ਼ਾ ਮਿਲਦੀ ਹੈ। ਦੂਸਰੀ ਤਰ੍ਹਾਂ ਦੇ ਲੋਕਾਂ ਨੂੰ ਸਾਧਾਰਨ ਸਮਝਿਆ ਜਾਂਦਾ ਹੈ, ਪਰੰਤੂ ਪਹਿਲੀ ਤਰ੍ਹਾਂ ਦੇ ਲੋਕਾਂ ਦੇ ਉਲਟ ਤੀਸਰੀ ਤਰ੍ਹਾਂ ਦੇ ਲੋਕਾਂ ਨੂੰ ਅਸੀਂ ਆਦਰ ਦੇਣ ਲੱਗਦੇ ਹਾਂ। ਅਕਸਰ ਸਾਰੇ ਤਰ੍ਹਾਂ ਦੀ ਰੁਚੀ ਜਾਂ ਵਿਕਾਰ ਕੁੱਝ ਹੱਦ ਤੱਕ ਸਾਰਿਆਂ ਵਿੱਚ ਮਿਲ ਜਾਂਦੇ ਹਨ। ਸਿੱਟੇ ਵੱਜੋਂ, ਧਰਮ ਦੇ ਪ੍ਰਭਾਵ ਵਿੱਚ ਆ ਕੇ ਧਰਮ ਭੀਰੂ ਅਤੇ ਕਮਜ਼ੋਰ ਸੋਚ ਵਾਲੇ ਲੋਕ ਖ਼ੁਦ ਨੂੰ ਸਤਾਉਣ ਲੱਗਦੇ ਹਨ।

ਧਾਰਮਿਕ ਪ੍ਰਥਾਵਾਂ ਅਤੇ ਕਰਮਕਾਂਡ ਵੀ ਇਸ ਤਰ੍ਹਾਂ ਦੀ ਸੋਚ ਨੂੰ ਵਧਾਉਂਦੇ ਹਨ। ਆਪਣੇ ਆਪ ਨੂੰ ਪੀੜਤ ਕਰਨਾ ਇੱਕ ਧਾਰਮਿਕ ਕੰਮ ਹੋ ਗਿਆ ਹੈ। ਧਰਮ ਦੇ ਜ਼ਰੀਏ ਅਤੇ ਬਹਾਨੇ ਅਤੇ ਉਪਾਅ, ਜਿਵੇਂ ਕਿ ਔਲਾਦ ਅਤੇ ਪਤੀ ਦੇ ਲਈ ਲੰਬੀ ਉਮਰ ਦਾ ਵਰਤ, ਸੁੱਖ ਪ੍ਰਾਪਤ ਕਰਨ ਦਾ ਵਰਤ ਵਗੈਰਾ ਵੀ ਮਿਲ ਜਾਂਦੇ ਹਨ ਪਰੰਤੂ ਅੱਜ ਦੇ ਸਮੇਂ ਵਿੱਚ ਅਜਿਹਾ ਇੱਕ ਵੀ ਮਾਮਲਾ ਦੇਖਣ ਸੁਨਣ ਵਿੱਚ ਨਹੀਂ ਆਉਂਦਾ ਜਦ ਕਿਸੇ ਨੂੰ ਪਤੀ ਦੀ ਉਮਰ ਇਹਨਾਂ ਵਰਤਾਂ ਦੇ ਅਸਰ ਨਾਲ ਵਧੀ ਹੋਵੇ ਜਾਂ ਕਿਸੇ ਨੂੰ ਪੈਸਾ ਮਿਲ ਗਿਆ ਹੋਵੇ। ਜੇਕਰ ਕਿਸੇ ਨੂੰ ਪੈਸਾ ਵਗੈਰਾ ਮਿਲਦਾ ਵੀ ਹੈ ਤਾਂ ਉਹ ਉਸਦੀ ਮਿਹਨਤ ਦੇ ਬਲ ਉੱਤੇ ਮਿਲਦਾ ਹੈ, ਵਰਤ, ਆਸ਼ੀਰਵਾਦ, ਪੂਜਾ ਪਾਠ ਨਾਲ ਨਾਲ ਤਾਂ ਕਦੇ ਨਹੀਂ।

ਵਰਤ ਕਰਨ ਵਾਲੇ ਵਰਤ ਨਾਲ ਜੁੜੀ ਕਥਾ ਵਗੈਰਾ ਵੀ ਸੁਣਦੇ ਅਤੇ ਸੁਣਾਂਦੇ ਹਨ। ਇਹਨਾਂ ਕਥਾਵਾਂ ਵਿੱਚ ਵਰਤ ਦੀ ਕਥਾ ਸੁਨਣ ਦੀ ਵੱਡਿਆਈ ਪ੍ਰਸ਼ਾਦ ਖਾਣ ਦੀ ਵੱਡਿਆਈ ਵਧਾ ਚੜ੍ਹਾ ਕੇ ਗਾਈ ਜਾਂਦੀ ਹੈ, ਜਦਕਿ ਕਿਸੇ ਵੀ ਸਮਝਦਾਰ ਬੰਦੇ ਨੂੰ ਇਹ ਗੱਲਾਂ ਸਿਰਫ ਕੋਰੀ ਬਕਵਾਸ ਹੀ ਲੱਗਣਗੀਆਂ।

ਭਲਾਂ ਅਜਿਹਾ ਕਿਉਂ ਹੋਵੇਗਾ ਕਿ ਕਥਾ ਵਿੱਚ ਛੱਡ ਕੇ ਜਾਣ ਵਾਲੇ ਨੂੰ ਕਈ ਪਰੇਸ਼ਾਨੀਆਂ ਦਾ ਮੁਕਾਬਲਾ ਕਰਨਾ ਪਵੇ ਅਤੇ ਫੇਰ ਉਸ ਦੇ ਦੁਆਰਾ ਵਰਤ ਕੀਤੇ ਜਾਣ ਉੱਤੇ ਇੱਕ ਦਿਨ ਵਿੱਚ ਸਾਰੀਆਂ ਪਰੇਸ਼ਾਨੀਆਂ ਜਾਦੂ ਦੀ ਤਰ੍ਹਾਂ ਗਾਇਬ ਹੋ ਜਾਣ।

ਪਰੰਤੂ ਅਜਿਹੀਆਂ ਹੀ ਫਜ਼ੂਲ ਗੱਲਾਂ ਇਹਨਾਂ ਵਰਤ ਕਥਾਵਾਂ ਵਿੱਚ ਭਰੀਆਂ ਪਈਆਂ ਹਨ। ਕੋਈ ਵੀ ਸਮਝਦਾਰ ਇਨਸਾਨ ਇਸ ਤਰ੍ਹਾਂ ਦੀਆਂ ਗੱਲਾਂ ਨਾਲ ਸਹਿਮਤੀ ਨਹੀਂ ਰੱਖ ਸਕਦਾ। ਇਸ ਦੇ ਇਲਾਵਾ ਇਹ ਵੀ ਕਿੰਨੇ ਦੁੱਖ ਦੀ ਗੱਲ ਹੈ ਕਿ ਪਤੀ ਆਪਣੀ ਪਤਨੀ ਨਾਲ ਆਪਸ ਵਿੱਚ ਭਾਵੇਂ ਹੀ ਝਗੜਦਾ ਰਹੇ, ਇੱਕ ਦੂਸਰੇ ਨੂੰ ਪਿਆਰ ਅਤੇ ਆਦਰ ਭਾਵੇਂ ਨਾ ਦੇਵੇ, ਪਰੰਤੂ ਪਤਨੀ ਪਤੀ ਦੀ ਲੰਬੀ ਉਮਰ ਵਾਲਾ ਵਰਤ ਜ਼ਰੂਰ ਕਰਦੀ ਹੈ। ਮਾਤਾ ਪਿਤਾ ਵੀ ਆਪਣੀ ਔਲਾਦ ਦਾ ਠੀਕ ਪਾਲਣ ਪੋਸ਼ਣ ਨਾ ਕਰਨ, ਪਰੰਤੂ ਔਲਾਦ ਦੀ ਲੰਬੀ ਉਮਰ ਵਾਲਾ ਮਾਤਾ ਦੁਆਰਾ ਵਰਤ ਜ਼ਰੂਰ ਕੀਤਾ ਜਾਵੇਗਾ।

ਇਹ ਫ਼ਜ਼ੂਲ ਦੀਆਂ ਗੱਲਾਂ ਹਨ ਅਤੇ ਇਹਨਾਂ ਵਰਤਾਂ ਅਤੇ ਉਪਵਾਸਾਂ ਦੇ ਦੁਆਰਾ ਨਾ ਕਿਸੀ ਨੂੰ ਸਵਰਗ ਮਿਲਦਾ ਹੈ ਅਤੇ ਨਾ ਹੀ ਕਿਸੇ ਦੀ ਉਮਰ ਵੱਧਦੀ ਹੈ। ਇਹਨਾਂ ਨਾਲ ਸਿਰਫ਼ ਦਿਮਾਗੀ ਗੁਲਾਮੀ ਵੱਧਦੀ ਹੈ ਅਤੇ ਫਾਇਦਾ ਪੰਡੇ ਪੁਜਾਰੀਆਂ ਨੂੰ ਹੁੰਦਾ ਹੈ ਜੋ ਧਰਮ ਦੇ ਨਾਂ ਉੱਤੇ ਵਰਤ ਅਤੇ ਉਪਵਾਸਾਂ ਦਾ ਪ੍ਰਚਾਰ ਕਰਕੇ ਗਾਹਕ ਫਸਾਉਂਦੇ ਹਨ।

# ਜੰਗ ਵਿਰੋਧੀ ਕੁਟੇਸ਼ਨਾਂ



1. "ਸੜਕਛਾਪ ਲੁਟੇਰਾ, ਲੁਟੇਰਾ ਹੀ ਹੁੰਦਾ ਹੈ ਭਾਵੇਂ ਉਹ ਗੈਂਗ ਵਿੱਚ ਲੁਟੇ ਜਾਂ ਇਕੱਲਾ, ਅਤੇ ਇੱਕ ਰਾਸ਼ਟਰ ਜੋ ਬੇਤੁਕਾ ਯੁੱਧ ਛੇੜੇ ਉਹ ਇਕ ਮਹਾਨ ਗੈਂਗ ਹੁੰਦਾ ਹੈ।" - **ਵੈਂਜਾਮਿਨ ਫ਼ੈਂਕਲਿਨ**

2. "ਜੋ ਅਸਥਾਈ ਸੁਰੱਖਿਆ ਦੇ ਲਈ ਜ਼ਰੂਰੀ ਆਜ਼ਾਦੀ ਨੂੰ ਦਾਅ ਤੇ ਲਗਾ ਦਿੰਦੇ ਹਨ ਉਹਨਾਂ ਦਾ ਆਜ਼ਾਦੀ ਅਤੇ ਸੁਰੱਖਿਆ, ਦੋਹਾਂ ਤੇ ਕੋਈ ਅਧਿਕਾਰ ਨਹੀਂ ਰਹਿੰਦਾ।" - **ਬੈਂਜਾਮਿਨ ਫੈਂਕਲਿਨ**

3. "ਹਰ ਤਰ੍ਹਾਂ ਦਾ ਯੁੱਧ ਪ੍ਰਚਾਰ, ਹਰ ਤਰ੍ਹਾਂ ਦਾ ਰੌਲਾ-ਰੱਪਾ, ਝੂਠ ਫਰੇਬ ਅਤੇ ਨਫ਼ਰਤ ਉਹੀ ਲੋਕ ਫੈਲਾਉਂਦੇ ਹਨ ਜੋ ਕਦੇ ਵੀ ਯੁੱਧ ਲੜਣ ਨਹੀਂ ਜਾਂਦੇ।" - **ਜਾਰਜ ਓਰਵੇਲ** (ਦੂਸਰੇ ਵਿਸ਼ਵ ਯੁੱਧ ਦੇ ਸਮੇਂ ਦਾ ਅੰਗਰੇਜ਼ੀ ਨਾਵਲਿਸਟ ਅਤੇ ਚਿੰਤਕ)

4. "ਯੁੱਧ ਮੇਰੇ ਲਈ ਕਿੰਨਾ ਨੀਚ ਅਤੇ ਘਿਨੌਣਾ ਹੈ, ਮੈਂ ਇਸ ਤਰ੍ਹਾਂ ਦੇ ਕਮੀਨੇ ਧੰਦੇ ਦੀ ਥਾਂ ਤੇ ਆਪਣੇ ਆਪ ਦੇ ਟੁਕੜੇ ਟੁਕੜੇ ਕਟਵਾਉਣਾ ਪਸੰਦ ਕਰਾਂਗਾ।" ਪ੍ਰਸਿੱਧ ਵਿਗਿਆਨਕ - **ਆਈਨਸਟੀਨ**

5. "ਪਖੰਡੀ ਅਤੇ ਦਿਖਾਵਾ ਕਰਨ ਵਾਲੇ ਦੇਸ਼ ਭਗਤਾਂ ਤੋਂ ਸਾਵਧਾਨ।" - **ਜਾਰਜ ਵਾਸਿੰਗਟਨ**, ਸਾਬਕਾ ਰਾਸ਼ਟਰਪਤੀ ਅਮਰੀਕਾ

6. "ਸਰਕਾਰ ਨਾ ਤਾਂ ਤਰਕ ਹੈ ਅਤੇ ਨਾ ਹੀ ਬੜਬੋਲਾਪਣ, ਇਹ ਸੱਤਾ ਹੈ... ਇਸਨੂੰ ਕਦੇ ਵੀ, ਇਕ ਪਲ ਦੇ ਲਈ ਵੀ ਨਹੀਂ, ਗੈਰ ਜ਼ਿੰਮੇਵਾਰਵਾਰਨਾ ਕਾਰਵਾਈ ਕਰਨ ਦੇ ਲਈ ਨਾ ਛੱਡੋ।" - **ਜਾਰਜ ਵਾਸ਼ਿੰਗਟਨ**, ਸਾਬਕਾ ਰਾਸ਼ਟਰਪਤੀ ਅਮਰੀਕਾ

7. "ਮੇਰੀ ਪਹਿਲੀ ਇੱਛਾ ਇਹ ਦੇਖਣਾ ਹੈ ਕਿ ਯੁੱਧ ਮਾਨਵਤਾ ਦੇ ਲਈ ਪਲੇਗ ਹੈ ਜਿਸਦਾ ਦੁਨੀਆ ਤੋਂ ਤੁਰੰਤ ਸਫਾਇਆ ਹੋਣਾ ਚਾਹੀਦਾ ਹੈ।" - **ਜਾਰਜ ਵਾਸਿੰਗਟਨ**, ਸਾਬਕਾ ਰਾਸ਼ਟਰਪਤੀ ਅਮਰੀਕਾ

8. "ਸੱਤਾ ਹਮੇਸ਼ਾ ਸੋਚਦੀ ਹੈ ਕਿ ਉਸਦੇ ਕੋਲ ਇਕ ਮਹਾਨ ਆਤਮਾ ਹੋਣ ਦੇ ਨਾਲ ਨਾਲ ਵਿਸ਼ਾਲ ਵਿਚਾਰਾਂ ਦਾ ਭੰਡਾਰ ਹੈ ਜਿਸਨੂੰ ਕਮਜ਼ੋਰ ਲੋਕ ਸਮਝ ਨਹੀਂ ਸਕਦੇ।" - **ਜਾਨ ਐਡਮਜ਼**, ਸਾਬਕਾ ਰਾਸ਼ਟਰਪਤੀ ਅਮਰੀਕਾ

9. "ਸਾਨੂੰ ਅਹਿਸਾਸ ਹੋਣਾ ਚਾਹੀਦਾ ਹੈ ਕਿ ਕੋਈ ਵੀ ਯੁੱਧ-ਸਮੱਗਰੀ ਭੰਡਾਰ ਤੋਂ ਲਿਆ ਗਿਆ ਹਥਿਆਰ ਐਨਾ ਸ਼ਕਤੀਸ਼ਾਲੀ ਨਹੀਂ ਹੈ ਜੋ ਆਜਾਦ ਪੁਰਸ਼ਾਂ ਅਤੇ ਔਰਤਾਂ ਦੀ ਇੱਛਾ ਅਤੇ ਬਰਾਬਰੀ ਕਰ ਸਕੇ।" - **ਰੋਨਾਲਡ ਰੀਗਨ**, ਸਾਬਕਾ ਰਾਸ਼ਟਰਪਤੀ ਅਮਰੀਕਾ

10. ਇਤਿਹਾਸ ਦਾ ਸਬਕ ਹੈ ਕਿ ਯੁੱਧ ਉਦੋਂ ਸ਼ੁਰੂ ਹੁੰਦਾ ਹੈ ਜਦੋਂ ਸਰਕਾਰਾਂ ਵਿਸ਼ਵਾਸ਼ ਕਰਨ ਲੱਗਦੀਆਂ ਹਨ ਕਿ ਹਮਲੇ ਦੀ ਕੀਮਤ ਸਸਤੇ ਵਿੱਚ ਚੁਕਾਈ ਜਾ ਸਕਦੀ ਹੈ।" - **ਰੋਨਾਲਡ ਰੀਗਨ**, ਸਾਬਕਾ ਰਾਸ਼ਟਰਪਤੀ ਅਮਰੀਕਾ

11. "…. ਕੋਈ ਵੀ ਮਾਂ, ਕਦੇ ਵੀ ਇਲਾਕੇ ਨੂੰ ਜਿੱਤਣ, ਆਰਥਿਕ ਲਾਭ ਅਤੇ ਵਿਚਾਰਧਾਰਾ ਦੇ ਲਈ ਅਪਣੇ ਪੁੱਤਰਾਂ ਦੀ ਕੁਰਬਾਨੀ ਨਹੀਂ ਦਿੰਦੀ।" - **ਰੋਨਾਲਡ ਰੀਗਨ**, ਸਾਬਕਾ ਰਾਸ਼ਟਰਪਤੀ ਅਮਰੀਕਾ

12. "ਲੋਕ ਯੁੱਧ ਨਹੀਂ ਛੇੜਦੇ, ਸਰਕਾਰਾਂ ਯੁੱਧ ਛੇੜਦੀਆਂ ਹਨ।" - **ਰੋਨਾਲਡ ਰੀਗਨ**, ਸਾਬਕਾ ਰਾਸ਼ਟਰਪਤੀ ਅਮਰੀਕਾ

13. "ਜਦੋਂ ਲੋਕ ਤੁਹਾਡੇ ਨਾਲ ਯੁੱਧ ਦੇ ਉਪਚਾਰ ਦੇ ਤੌਰ ਤੇ ਜ਼ਰੂਰੀ ਐਲਾਨ ਕਰਨ ਤਾਂ ਉਹਨਾਂ ਨੂੰ ਕਹਿ ਦਿਓ ਕਿ ਉਹ ਆਪ ਆਉਣ ਅਤੇ ਲੜਣ।" - **ਡ੍ਵਾਈਟ ਡੀ ਆਈਸਨਾਉਰ**, ਸਾਬਕਾ ਰਾਸ਼ਟਰਪਤੀ ਅਮਰੀਕਾ

14. "ਤੁਸੀਂ ਇਸ ਪ੍ਰਕਾਰ ਦਾ ਕੋਈ ਯੁੱਧ ਨਹੀਂ ਛੇੜ ਸਕਦੇ। ਗਲੀਆਂ ਵਿਚ ਲਾਸ਼ਾਂ ਨੂੰ ਸਾਫ਼ ਕਰਨ ਦੇ ਲਈ ਤੁਹਾਡੇ ਕੋਲ ਉਚਿਤ ਬੁਲਡੋਜ਼ਰ ਨਹੀਂ ਹੈ।" - **ਡ੍ਵਾਈਟ ਡੀ ਆਈਸਨਾਉਰ**, ਸਾਬਕਾ ਰਾਸ਼ਟਰਪਤੀ ਅਮਰੀਕਾ

# ਭੁੱਖ

ਇਕ ਕਾਫੀ ਗਰੀਬ ਪਰਿਵਾਰ ਦਾ ਮੁੱਖੀ ਕਾਫੀ ਲੰਮੇ ਸਮੇਂ ਤੋਂ ਬਿਮਾਰ ਹੋਣ ਕਾਰਨ ਘਰ ਮੰਜੀ ਤੇ ਪਿਆ ਸੀ...ਘਰ ਵਿਚ ਉਹ ਚਾਰ ਮੈਂਬਰ ਸਨ ਉਹ ਉਸ ਦੀ ਘਰ ਵਾਲੀ ਇਕ 7 ਸਾਲ ਦਾ ਲੜਕਾ ਅਤੇ ਇਕ 4 ਸਾਲਾ ਲੜਕੀ... ਘਰ ਦਾ ਮੁੱਖੀ ਬਿਮਾਰ ਹੋਣ ਕਰਕੇ ਉਨ੍ਹਾਂ ਨੂੰ ਕੋਈ ਵੀ ਆਮਦਨ ਨਹੀ ਸੀ... ਤੇ ਨਾ ਹੀ ਦਵਾਈ ਜੋਗੇ ਪੈਸੇ ਸਨ। ਘਰ ਵਿਚ ਰੋਟੀ ਵੀ ਨਹੀ ਪੱਕਦੀ, ਇਕ ਦਿਨ ਘਰ ਦਾ ਮੁੱਖੀ ਆਪਣੀ ਬਿਮਾਰੀ ਅਤੇ ਭੁੱਖ ਮਰੀ ਕਰਕੇ ਚੱਲ ਵਸਿਆ।

ਪਿੰਡ ਦੇ ਲੋਕਾਂ ਨੇ ਉਸ ਦਾ ਰਲਕੇ ਸਸਕਾਰ ਕਰ ਦਿੱਤਾ ਤੇ ਰਿਵਾਜ ਅਨੁਸਾਰ ਤਿੰਨ ਦਿਨ ਉਨ੍ਹਾਂ ਦੇ ਘਰ ਰੋਟੀ ਪਿੰਡ ਦੇ ਲੋਕ ਦੇ ਜਾਂਦੇ ਸਨ...ਤਿੰਨ ਦਿਨਾਂ ਦੇ ਰਿਵਾਜ ਤੋਂ ਬਾਅਦ ਲੋਕ ਆਪਣੇ ਕੰਮਾਂ ਕਾਰਾਂ ਵਿਚ ਵਿਅਸਤ ਹੋ ਗਏ ਤੇ ਕੋਈ ਰੋਟੀ ਲੈ ਕੇ ਨਾ ਆਇਆ ... ਬੱਚੇ ਭੁੱਖ ਨਾਲ ਵਿਲਕ ਰਹੇ ਸਨ....ਬੱਚੇ ਘਰ ਤੋਂ ਬਾਹਰ ਜਾਦੇ ਤੇ ਦੇਖ ਆਉਂਦੇ ਕੇ ਕੋਈ ਰੋਟੀ ਲੈ ਕੇ ਆਵੇਗਾ.....ਪਰ ਕੋਈ ਨਹੀ ਆਇਆ..... ਅਗਲੇ ਦਿਨ ਮਾਂ ਨੇ ਘਰ ਵਿਚੋਂ ਕੋਈ ਵੇਚਣ ਵਾਲਾ ਸਮਾਨ ਵੇਚ ਕੇ ਇਕ ਡੰਗ ਦੀ ਰੋਟੀ ਬੱਚਿਆਂ ਨੂੰ ਖਵਾ ਦਿੱਤੀ ਤੇ ਬੱਚੇ ਸੁਲਾ ਦਿੱਤੇ ..... ਦੋ ਦਿਨ ਫਿਰ ਰੋਟੀ ਨਹੀ ਨਸੀਬ ਹੋਈ ...... ਭੁੱਖ ਨਾਲ ਉਨ੍ਹਾ ਦੀ ਜਾਨ ਨਿਕਲ ਰਹੀ ਸੀ ..... ਭੁੱਖੇ ਢਿੱਡ ਵਿਚ ਰੋਟੀਆਂ ਨਾ ਪੈਂਦੀਆਂ ਕਰਕੇ ਪੁੱਤਰ ਬਿਮਾਰ ਹੋ ਗਿਆ.....ਤਿੰਨੇ ਆਪਣੇ ਘਰ ਦੇ ਇਕ ਕਮਰੇ ਵਿਚ ਬੈਠੇ ਸਨ ਤੇ ਮਾਂ ਪੁੱਤਰ ਨੂੰ ਪਾਣੀ ਦੀਆਂ ਪੱਟੀਆਂ ਕਰ ਰਹੀ ਸੀ ਤੇ ਭੈਣ ਆਪਣੇ ਭਰਾ ਦੀਆਂ ਲੱਤਾਂ ਘੁਟ ਰਹੀ ਸੀ....ਲੱਤਾਂ ਘੁਟਦੇ ਘੁਟਦੇ ਬੱਚੀ ਨੇ ਮਾਂ ਨੂੰ ਪੁਛਿਆ "ਮਾਂ ਵੀਰਾਂ ਕਦੋਂ ਮਰੂਗਾ", ਮਾਂ ਆਪਣੀ ਬੱਚੀ ਦੀਆਂ ਅੱਖਾਂ ਵਿਚ ਦੇਖਦੀ ਹੋਈ ਹੈਰਾਨੀ ਨਾਲ ਪੁੱਛਦੀ ਹੈ.....ਪੁੱਤ ਤੂੰ ਏਦਾਂ ਕਿਓ ਕਹਿ ਰਹੀ ਹੈਂ..... ਬੱਚੀ ਦਾ ਜਵਾਬ ਸੁਣਕੇ ਮਾਂ ਪੱਥਰ ਬਣ ਗਈ..........?

ਬੱਚੀ ਦਾ ਜਵਾਬ ਸੀ ਕਿ: "ਮਾਂ ਜਦੋਂ ਵੀਰਾ ਮਰੂਗਾ ਤਾਂ ਲੋਕ ਸਾਨੂੰ ਰੋਟੀ ਦੇਣ ਆਉਣਗੇ ...... ਇਹ ਚੋਟ ਉਸ ਸਮਾਜ ਤੇ ਹੈ ਜੋ ਮੰਦਰਾਂ ਮਸੀਤਾਂ ਗੁਰੂਦੁਆਰਿਆਂ ਤੇ ਕਰੋੜਾਂ ਖਰਚ ਕਰਦਾ ਹੈ..... ਦੁੱਧ ਨਾਲ ਮੂਰਤੀਆਂ ਨਵਾਉਂਦਾ ਹੈ ਤੇ... ਤੇ ਗਰੀਬ ਬੱਚੀ ਪੁਛਦੀ ਹੈ......."ਮਾਂ ਵੀਰਾਂ ਕਦੋਂ ਮਰੂਗਾ।

ਗਰੀਬ ਦਾ ਮੂੰਹ ਗੁਰੂ ਕੀ ਗੋਲਕ ਹੈ..।

**ਨਰੇਂਦਰਾ ਦਾਭੋਲਕਰ**



# ਭਾਰਤੀ ਸਮਾਜ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ ਦੀ ਅਣਹੋਂਦ



**ਅਨੁਵਾਦਕ: ਪਰਦੀਪ**

## ਪਰਿਵਾਰ ਵਿੱਚ ਨਿਰੰਕੁਸ਼ਤਾ ਜਾਂ ਇੱਕਤੰਤਰ

ਸਾਡੇ ਦੇਸ਼ ਦੇ ਲੋਕਾਂ ਦੇ ਮਨ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ ਵਿਕਸਿਤ ਕਰਨਾ ਜਾਂ ਉਸ ਨੂੰ ਕਾਇਮ ਰੱਖਣਾ ਔਖਾ ਕਿਉਂ ਹੈ? ਆਉ ਆਪਾਂ ਇਸਦੇ ਕਾਰਨਾਂ ਨੂੰ ਲੱਭਣ ਦੀ ਕੋਸ਼ਿਸ਼ ਕਰਦੇ ਹਾਂ। ਇਸਦੇ ਬਹੁਤ ਸਾਰੇ ਕਾਰਨ ਹਨ, ਪਰੰਤੂ ਆਪਾਂ ਕੁੱਝ ਮਹੱਤਵਪੂਰਨ ਕਾਰਨਾਂ ਬਾਰੇ ਹੀ ਚਰਚਾ ਕਰਾਂਗੇ। ਵਿਗਿਆਨਕ ਦ੍ਰਿਸਟੀਕੋਣ ਦੇ ਵਿਕਸਿਤ ਹੋਣ ਲਈ, ਜੀਵਨ ਵਿੱਚ ਸਿਹਤਮੰਦ ਆਲੋਚਨਾਤਮਕ ਮਹੌਲ ਦਾ ਹੋਣਾ ਬਹੁਤ ਜਰੂਰੀ ਹੈ।ਇਸਦੇ ਉਲਟ ਸਾਡੀ ਸਮਾਜਿਕ ਬਣਤਰ, ਇੱਕਤੰਤਰ ਪਰਿਵਾਰਕ ਪ੍ਰਣਾਲੀ ਤੇ ਅਧਾਰਿਤ ਹੈ। ਸਾਡੇ ਸਮਾਜ ਵਿੱਚ ਸਾਰੇ ਛੋਟੇ ਵੱਡੇ ਫੈਸਲੇ ਜਿਵੇਂ ਕਿ ਪੁੱਤਰ ਜਾਂ ਪੁੱਤਰੀ ਨੂੰ ਪੜ੍ਹਾਈ ਦੇ ਕਿਹੜੇ ਕੋਰਸ ਵਿੱਚ ਦਾਖਲਾ ਲੈਣਾ ਚਾਹੀਦਾ ਹੈ, ਪੁੱਤਰ ਜਾਂ ਪੁੱਤਰੀ ਨੂੰ ਛੁੱਟੀਆਂ ਵਿੱਚ ਘੁੰਮਣ ਲਈ ਯਾਤਰਾ ਤੇ ਜਾਣਾ ਚਾਹੀਦਾ ਹੈ ਜਾ



ਨਹੀਂ ਜਾਂ ਕਿਹੜਾ ਕੱਪੜਾ ਖਰੀਦਣਾ ਚਾਹੀਦਾ ਹੈ ਆਦਿ, ਸਾਰੇ ਫੈਸਲੇ ਪਿਤਾ ਜਾਂ ਡੈਡੀ ਦੀ ਮਰਜੀ ਨਾਲ ਹੀ ਲਏ ਜਾਂਦੇ ਹਨ। ਇੱਥੋਂ ਤੱਕ ਕਿ ਬਾਹਰ ਕਿਸੇ ਸਥਾਨ ਤੇ ਭੋਜਨ ਵਿੱਚ ਕੀ ਖਾਣਾ ਹੈ ਅਤੇ ਸਿਨੇਮਾ ਜਾਣਾ ਹੈ ਜਾਂ ਨਹੀਂ, ਆਦਿ ਛੋਟੇ ਮੋਟੇ ਖਰਚ ਵਾਲੇ ਫੈਸਲੇ ਵੀ ਪਿਤਾ ਹੀ ਲੈਂਦਾ ਹੈ। ਜਦੋਂ ਕੋਈ ਬੱਚਾ ਕਿਸੇ ਕੰਮ ਸਬੰਧੀ ਆਪਣੀ ਮਾਂ ਨੂੰ ਕੁੱਝ ਪੁੱਛਦਾ ਹੈ, ਤਾਂ ਮਾਂ ਉਸਨੂੰ ਕਹਿੰਦੀ ਹੈ ਕਿ ਤੇਰੇ ਪਿਤਾ ਦੇ ਘਰ ਆਉਣ ਤੇ ਉਹ ਹੀ ਕੋਈ ਫੈਸਲਾ ਲਵੇਗਾ। ਹਰ ਘਰ ਵਿੱਚ ਕੋਈ ਨਾ ਕੋਈ ਡੈਡੀ ਜਾਂ ਪਿਤਾ ਹੁੰਦਾ ਹੈ ਜਿਸਨੂੰ ਕਿ ਇਸ ਧਰਤੀ ਉੱਪਰ ਸਭ ਤੋਂ ਯੋਗ ਵਿਅਕਤੀ ਮੰਨਿਆ ਜਾਂਦਾ ਹੈ। ਉਸ ਨੂੰ ਹਰ ਚੀਜ ਬਾਰੇ ਜਾਣਕਾਰੀ ਹੁੰਦੀ ਹੈ ਅਤੇ ਉਸ ਕੋਲ ਹਰ ਸਮੱਸਿਆ ਦਾ ਹੱਲ ਹੁੰਦਾ ਹੈ। ਉਸਦਾ ਫੈਸਲਾ ਅੰਤਿਮ ਹੁੰਦਾ ਹੈ ਅਤੇ ਪਰਿਵਾਰ ਵਿੱਚ ਹਰ ਕਿਸੇ ਨੂੰ ਸਵੀਕਾਰ ਕਰਨਾ ਪੈਂਦਾ ਹੈ। ਪਰਿਵਾਰ ਵਿੱਚ ਵੱਡੇ ਵਿਅਕਤੀਆਂ ਦਾ ਮਾਨ ਸਤਿਕਾਰ ਕਰਨਾ ਕੋਈ ਗਲਤ ਗੱਲ ਨਹੀਂ ਹੈ ਅਤੇ ਉਹਨਾਂ ਦੀ ਰਾਇ ਜਾਂ ਸਮਝ ਦਾ ਵੀ ਸਤਿਕਾਰ ਕਰਨਾ ਚਾਹੀਦਾ ਹੈ। ਪਰੰਤੂ ਮਨੁੱਖੀ ਜੀਵਨ ਵਿੱਚ ਤਰੱਕੀ ਉਦੋਂ ਹੀ ਹੁੰਦੀ ਹੈ, ਜਦੋਂ ਨੌਜਵਾਨਾਂ ਵਿੱਚ, ਕੁੱਝ ਵੱਖਰੇ ਢੰਗ ਨਾਲ ਸੋਚਣ ਸਮਝਣ ਦੀ ਯੋਗਤਾ ਵਿਕਸਿਤ ਹੋ ਜਾਂਦੀ ਹੈ। ਕੇਵਲ ਇਸ ਤਰਾਂ ਸੋਚਣ ਨਾਲ ਹੀ, ਲੋਕਾਂ ਦੇ ਮਨਾਂ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ ਵਿਕਸਿਤ ਹੋ ਸਕਦਾ ਹੈ। ਇੱਕਤੰਤਰ ਤੋਂ ਇਨਕਾਰੀ ਹੋਣ ਦਾ ਮਤਲਬ ਇਹ ਨਹੀਂ ਕਿ ਤੁਹਾਡੇ ਦੁਆਰਾ ਲਏ ਫੈਸਲਿਆਂ ਦੇ ਸਬੰਧ ਵਿੱਚ ਤੁਹਾਡੇ ਪਿਤਾ ਜਾਂ ਕਿਸੇ ਹੋਰ ਨੂੰ ਰਾਏ ਦੇਣ ਦਾ ਕੋਈ ਹੱਕ ਹੀ ਨਹੀਂ ਹੈ। ਸਗੋਂ ਸਾਨੂੰ ਖੁੱਲ੍ਹੇ ਮਨ ਨਾਲ, ਆਪਸ ਵਿੱਚ ਸਲਾਹ ਮਸ਼ਬਰਾ ਕਰਕੇ ਫੈਸਲੇ ਲੈਣ ਦੀ ਆਦਤ ਵਿਕਸਿਤ ਕਰਨੀ ਚਾਹੀਦੀ ਹੈ, ਕਿਉਂਕਿ ਇਹ ਜਰੂਰੀ ਨਹੀਂ ਕਿ ਇੱਕ 15 ਸਾਲ ਦਾ ਬੱਚਾ, ਆਪਣੇ 50 ਸਾਲ ਦੇ ਪਿਤਾ ਤੋਂ ਵੱਖਰੇ ਢੰਗ ਨਾਲ ਸੋਚਣ ਦੇਸਮਰੱਥ ਹੋਵੇ।

## ਇੱਕ ਮਹਾਨ ਆਦਮੀ ਦਾ ਦੇਵਤਾਕਰਨ ਕਰਨਾ

ਜਿਸ ਤਰਾਂ ਇੱਕ ਪ੍ਰੀਵਾਰ ਵਿੱਚ ਅਸੀਂ ਇੱਕਤੰਤਰ ਜਾਂ ਪਿਤਾ ਦੇ ਫੈਸਲੇ ਲੈਣ ਦੇ ਅਧਿਕਾਰ ਨੂੰ ਨਕਾਰਨ ਬਾਰੇ ਸੋਚ ਨਹੀਂ ਸਕਦੇ, ਉਸੇ ਤਰਾਂ ਇਸ ਸਮਾਜ ਵਿੱਚ ਵੀ ਅਸੀਂ ਇੱਕਤੰਤਰ ਜਾਂ ਨਿਰੰਕੁਸ਼ਤਾ ਨੂੰ ਨਕਾਰਨ ਬਾਰੇ ਸੋਚ ਨਹੀਂ ਸਕਦੇ। ਲੋਕਾਂ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ ਦੇ ਵਿਕਸਿਤ ਹੋਣ ਦੇ ਰਾਹ ਵਿੱਚ ਦੂਜੀ ਵੱਡੀ ਰੁਕਾਵਟ, ਮਹਾਨ ਵਿਅਕਤੀਆਂ ਦਾ ਦੇਵਤਾਕਰਨ ਹੈ ਜਾਂ ਉਹਨਾਂ ਨੂੰ ਦੇਵਤਾ ਦਾ ਦਰਜਾ ਦੇਣਾ ਹੈ। ਲੋਕ ਇਹ ਪਸੰਦ ਨਹੀਂ ਕਰਦੇ ਕਿ ਇਹਨਾਂ ਦੇਵਤਾ ਰੂਪੀ ਮਹਾਂਪੁਰਸ਼ਾਂ ਦੀ ਆਲੋਚਨਾ ਕੀਤੀ ਜਾਵੇ। ਅਸੀਂ ਕਮਲ ਪਾਧੇ ਦੁਆਰਾ ਲਿਖੀ ਲੋਕ ਪ੍ਰਿਅ ਪੁਸਤਕ, 'ਬੰਧਾ ਅਨੁਬੰਧਾ' ਦੀ ਉਦਾਹਰਨ ਲੈਂਦੇ ਹਾਂ। ਉਸ ਪੁਸਤਕ ਵਿੱਚ ਉਸਨੇ ਇੱਕ ਅਜਿਹੀ ਘਟਨਾ ਦੀ ਵਿਆਖਿਆ ਕੀਤੀ ਹੈ, ਜਿਸ ਵਿੱਚ ਉਹ ਅਤੇ ਉਸਦਾ ਪਤੀ ਪ੍ਰਭਾਕਰ ਪਾਧੇ, ਬਾਬਾਸਾਹੇਬ ਅੰਬੇਦਕਰ ਨਾਲ ਇੱਕ ਸ਼ਾਸ਼ਤਰੀ ਸੰਗੀਤ ਦੇ ਪ੍ਰੋਗ੍ਰਾਮ ਵਿੱਚ ਸ਼ਾਮਿਲ ਹੋਣ ਜਾਂਦੇ ਹਨ। ਉੱਥੇ ਉਸਨੇ ਜਿਕਰ ਕੀਤਾ ਹੈ ਕਿ ਬਾਬਾਸਾਹੇਬ ਨੂੰ ਸ਼ਾਸ਼ਤਰੀ ਸੰਗੀਤ ਬਾਰੇ ਕੋਈ ਜਾਣਕਾਰੀ ਨਹੀਂ ਸੀ। ਇਹ ਪੜ੍ਹਕੇ, ਕਮਲ ਪਾਧੇ ਦਾ ਇੱਕ ਦਲਿਤ ਮਿੱਤਰ ਉਸ ਨਾਲ ਇਸ ਗੱਲ ਤੇ ਨਾਰਾਜ ਹੋ ਗਿਆ ਸੀ ਕਿ ਉਸਨੇ ਬਾਬਾ ਸਾਹੇਬ ਬਾਰੇ ਇਹ ਕਿਉਂ ਲਿਖਿਆ ਹੈ ਕਿ ਬਾਬਾਸਾਹੇਬ ਨੂੰ ਸਾਸ਼ਤਰੀ ਸੰਗੀਤ ਬਾਰੇ ਕੋਈ ਗਿਆਨ ਨਹੀਂ ਸੀ। ਹੁਣ, ਇਸ ਗੱਲ ਦਾ ਕੋਈ ਝਗੜਾ ਨਹੀਂ ਹੈ ਕਿ ਬਾਬਾਸਾਹੇਬ ਇੱਕ ਮਹਾਨ ਵਿਅਕਤੀ ਸਨ ਅਤੇ ਉਹਨਾਂ ਨੂੰ ਬਹੁਤ ਸਾਰੇ ਖੇਤਰਾਂ ਬਾਰੇ ਗਿਆਨ ਪ੍ਰਾਪਤ ਸੀ। ਸੰਗੀਤ ਬਾਰੇ ਕੁੱਝ ਗਿਆਨ ਪ੍ਰਾਪਤ ਹੋਣ ਜਾਂ ਨਾ ਹੋਣ ਨਾਲ, ਉਹਨਾਂ ਦੀ ਮਹਾਨਤਾ

ਵਿੱਚ ਰੱਤੀ ਭਰ ਵੀ ਕਮੀ ਨਹੀਂ ਆਉਣੀ। ਸੰਸਾਰ ਵਿੱਚ ਗਿਆਨ ਦੇ ਭੰਡਾਰ ਵਿੱਚ ਐਨੀ ਜਿਆਦਾ ਰਫਤਾਰ ਨਾਲ ਵਾਧਾ ਹੋ ਰਿਹਾ ਹੈ ਕਿ ਹਰ ਕਿਸੇ ਲਈ ਹਰ ਚੀਜ ਬਾਰੇ ਗਿਆਨ ਪ੍ਰਾਪਤ ਕਰਨਾ ਸੰਭਵ ਨਹੀਂ ਹੈ। ਇੱਥੋਂ ਤੱਕ ਕਿ ਜਿੰਨ੍ਹਾਂ ਵਿਅਕਤੀਆਂ ਨੂੰ ਅਸੀਂ ਮਹਾਨ ਮੰਨਦੇ ਹਾਂ, ਉਹਨਾਂ ਦੀਆਂ ਵੀ ਆਪਣੀਆਂ ਸੀਮਤਾਵਾਂ ਹਨ ਅਤੇ ਉਹਨਾਂ ਲਈ ਵੀ ਹਰ ਵਿਸ਼ੇ ਬਾਰੇ ਗਿਆਨਵਾਨ ਹੋਣਾ ਸੰਭਵ ਨਹੀਂ ਹੈ। ਪਰੰਤੂ ਮਹਾਨ ਵਿਅਕਤੀਆਂ ਦੀਆਂ ਗਿਆਨਵਾਨ ਹੋਣ ਸਬੰਧੀ ਸੀਮਤਾਵਾਂ ਬਾਰੇ ਗੱਲ ਕਰਨਾ, ਉਹਨਾਂ ਦੇ ਸ਼ਰਧਾਲੂਆਂ ਤੋਂ ਬਰਦਾਸ਼ਤ ਨਹੀਂ ਹੁੰਦਾ। ਮਹਾਨ ਵਿਅਕਤੀਆਂ ਪ੍ਰਤੀ, ਲੋਕਾਂ ਦੀ ਸ਼ਰਧਾਮਈ ਪ੍ਰਵਿਰਤੀ ਕਾਰਨ, ਉਹਨਾਂ ਨੂੰ ਦੇਵਤਾ ਦਾ ਦਰਜਾ ਮਿਲਣਾ ਸ਼ੁਰੂ ਹੋ ਜਾਂਦਾ ਹੈ ਅਤੇ ਲੋਕਾਂ ਦੀ ਇਹ ਪ੍ਰਵਿਰਤੀ ਉਹਨਾਂ ਦੇ ਮਨ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ ਵਿਕਸਿਤ ਹੋਣ ਦੇ ਰਾਹ ਵਿੱਚ ਵੱਡੀ ਰੁਕਾਵਟ ਹੈ।

### ਪ੍ਰੰਪਰਾ ਦਾ ਅਧਿਕਾਰ

ਜਿੱਥੇ ਪ੍ਰੀਵਾਰ ਵਿੱਚ ਵੱਡਿਆਂ ਦੀ ਆਲੋਚਨਾ ਬਰਦਾਸ਼ਤ ਨਹੀਂ ਕੀਤੀ ਜਾਂਦੀ ਅਤੇ ਸਮਾਜ ਵਿੱਚ ਮਹਾਨ ਵਿਅਕਤੀਆਂ ਦੀ ਆਲੋਚਨਾ ਵਰਜਿਤ ਹੋਵੇ, ਉੱਥੇ ਧਰਮ ਅਤੇ ਧਾਰਮਿਕ ਪ੍ਰੰਪਰਾਵਾਂ ਦੀ ਆਲੋਚਨਾ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਬਹੁਤ ਸਾਰੇ ਰਸਮ ਅਤੇ ਰਿਵਾਜ ਅਜਿਹੇ ਹਨ, ਜੋ ਸਾਡੇ ਰਾਸ਼ਟਰ ਲਈ ਹਾਨੀਕਾਰਕ ਹੁੰਦੇ ਹਨ, ਪਰੰਤੂ ਅਸੀਂ ਫਿਰ ਵੀ ਉਹਨਾਂ ਦਾ ਪਾਲਣ ਕਰਨ ਲਈ ਬਜਿੱਦ ਰਹਿੰਦੇ ਹਾਂ। ਉਦਾਹਰਨ ਲਈ ਸਾਡੇ ਦੇਸ਼ ਵਿੱਚ ਨਵਵਿਆਹੇ ਜੋੜੇ ਉਤੋਂ ਦੀ ਧਾਨ ਜਾਂ ਚਾਵਲ ਸੁੱਟਣ ਦਾ ਰਿਵਾਜ ਹੈ। ਲੋਕਾਂ ਦਾ ਵਿਸ਼ਵਾਸ਼ ਦਾ ਹੈ ਕਿ ਬ੍ਰਾਹਮਣ ਦੁਆਰਾ ਮੰਤਰਾਂ ਦੇ ਉਚਾਰਣ ਦੌਰਾਨ, ਨਵ-ਵਿਆਹੇ ਜੋੜੇ ਉੱਪਰ ਦੀ ਚਾਵਲ ਸੁੱਟਣ ਨਾਲ ਜੋੜੇ ਦੇ ਵਿਵਾਹਿਤ ਜੀਵਨ ਵਿੱਚ ਸੁੱਖ ਅਤੇ ਖੁਸ਼ਹਾਲੀ ਆਉਂਦੇ ਹਨ। ਅਸੀਂ ਸਾਰੇ ਵੇਖਦੇ ਹਾਂ ਕਿ ਇਸ ਤਰ੍ਹਾਂ ਸੁੱਟੇ ਗਏ ਚਾਵਲ, ਨਵ-ਵਿਆਹੇ ਜੋੜੇ ਦੇ ਸਿਰਾਂ ਤੇ ਪਹੁੰਚਣ ਦੀ ਵਜਾਏ, ਨੇੜੇ ਖੜੇ ਹੋਰ ਮਹਿਮਾਨਾਂ ਦੇ ਸਿਰਾਂ ਤੇ ਡਿੱਗਦੇ ਹਨ। ਜਦੋਂ ਮਹਿਮਾਨ ਸ਼ਾਦੀ ਦੇ ਪੰਡਾਲ ਵਿੱਚੋਂ ਬਾਹਰ ਆਉਣ ਤੇ ਆਪਣੇ ਸਿਰਾਂ ਦੀ ਸਫਾਈ ਕਰਦੇ ਹਨ, ਤਾਂ ਚਾਵਲ ਧਰਤੀ ਤੇ ਡਿੱਗ ਪੈਂਦੇ ਹਨ ਅਤੇ ਪੈਰਾਂ ਹੇਠ ਦਰੜੇ ਜਾਂਦੇ ਹਨ। ਇਸ ਤਰਾਂ ਹਰ ਸ਼ਾਦੀ ਵਿੱਚ ਇਸ ਰਸਮ ਕਾਰਨ 5 ਤੋਂ 10 ਕਿਲੋ ਚਾਵਲ ਬਰਵਾਦ ਹੋ ਜਾਂਦੇ ਹਨ। ਮਹਾਂਰਾਸ਼ਟਰ ਦੇ ਤੀਹ ਹਜਾਰ ਪਿੰਡਾਂ ਅਤੇ ਸ਼ਹਿਰਾਂ ਵਿੱਚ ਹਰ ਸਾਲ ਤਿੰਨ ਲੱਖ ਸ਼ਾਦੀਆਂ ਹੁੰਦੀਆਂ ਹਨ। ਇਸਦਾ ਮਤਲਬ ਇਹ ਹੈ ਕਿ ਸ਼ਾਦੀ ਸਮੇਂ, ਚਾਵਲ ਸੁੱਟਣ ਦੀ ਇਸ ਰਸਮ ਕਾਰਨ, ਮਹਾਂਰਾਸ਼ਟਰ ਵਿੱਚ ਹਰ ਸਾਲ ਤੀਹ ਲੱਖ ਕਿਲੋ ਚਾਵਲ, ਲੋਕਾਂ ਦੇ ਪੈਰਾਂ ਹੇਠ ਆਕੇ ਦਰੜੇ ਜਾਣ ਕਾਰਨ ਨਸ਼ਟ ਹੋ ਜਾਂਦੇ ਹਨ। ਜੇਕਰ ਐਨੇ ਚਾਵਲ ਕਿਸੇ ਸਮਾਜ ਸੇਵੀ ਸੰਸਥਾ ਨੂੰ ਦਾਨ ਕਰ ਦਿੱਤੇ ਜਾਣ, ਤਾਂ ਇਸ ਨਾਲ ਹਜਾਰਾਂ ਹੀ ਲੋਕਾਂ ਨੂੰ ਭੋਜਨ ਮਿਲ ਸਕਦਾ ਹੈ। ਇਹ ਤਰਕ ਸਭ ਨੂੰ ਆਸਾਨੀ ਨਾਲ ਸਮਝ ਆ ਸਕਦਾ ਹੈ, ਪਰੰਤੂ ਕੋਈ ਇਸਨੂੰ ਸੁਨਣ ਲਈ ਤਿਆਰ ਨਹੀਂ ਹੈ ਕਿਉਂਕਿ ਪ੍ਰੰਪਰਾਵਾਂ ਦਾ ਵਿਰੋਧ ਕਿਸੇ ਨੂੰ ਸਵੀਕਾਰ ਨਹੀਂ ਹੈ। ਕਿਉਂਕਿ ਲੋਕ ਆਪਣੀਆਂ ਰਸਮਾਂ, ਰਿਵਾਜਾਂ ਅਤੇ ਰਵਾਇਤਾਂ ਦੀ ਆਲੋਚਨਾ ਬਰਦਾਸ਼ਿਤ ਨਹੀਂ ਕਰਦੇ, ਇਸ ਲਈ ਲੋਕਾਂ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ ਦਾ ਵਿਕਾਸ ਨਹੀਂ ਹੁੰਦਾ।

### ਪ੍ਰਸ਼ਨ ਪੁੱਛਣ ਦੀ ਆਦਤ ਨਾ ਹੋਣਾ

ਸਾਡੇ ਸਮਾਜ ਵਿੱਚ ਅਤੇ ਵਿੱਦਿਅਕ ਪ੍ਰਣਾਲੀ ਵਿੱਚ ਪ੍ਰਸ਼ਨ ਪੁੱਛਣ ਦੀ ਆਦਤ ਨੂੰ ਉਤਸ਼ਾਹਤ ਨਹੀਂ ਕੀਤਾ ਜਾਂਦਾ। ਇੱਕ ਬਾਰ ਮੈਨੂੰ ਜੇਅੰਤ ਨਾਰਲੀਕਰ ਦਾ ਭਾਸ਼ਨ ਸੁਨਣ ਦਾ ਮੌਕਾ ਮਿਲਿਆ। ਆਪਣੇ ਭਾਸ਼ਨ ਵਿੱਚ ਉਸਨੇ ਇੰਗਲੈਂਡ ਵਿੱਚ ਆਪਣੇ ਇੱਕ ਅਨੁਭਵ ਬਾਰੇ ਦੱਸਿਆ। ਉਹ ਆਪਣੀ ਚਾਰ ਸਾਲ ਦੀ ਪੁੱਤਰੀ ਨੂੰ ਵੀ ਆਪਣੇ ਨਾਲ ਇੰਗਲੈਂਡ ਲੈ ਗਏ ਸਨ। ਇੱਕ ਬਾਰ ਉਸਦੀ ਪੁੱਤਰੀ ਦਾ ਅਧਿਆਪਕ ਨਾਰਲੀਕਰ ਨੂੰ ਮਿਲਿਆ ਅਤੇ ਉਸਨੇ ਕਿਹਾ, " ਇਸ ਵਿੱਚ ਕੋਈ ਸ਼ੱਕ ਨਹੀਂ ਕਿ ਤੁਹਾਡੀ ਪੁੱਤਰੀ ਬਹੁਤ ਹੁਸ਼ਿਆਰ ਹੈ। ਉਹ ਆਪਣੀ ਕਲਾਸ ਦੀਆਂ ਦੂਜੀਆਂ ਸਭ ਲੜਕੀਆਂ ਨਾਲੋਂ ਵੱਧ ਹੁਸ਼ਿਆਰ ਹੈ। ਪਰੰਤੂ ਉਸ ਵਿਚ ਇੱਕ ਕਮੀ ਹੈ"। ਚਿੰਤਾਮਈ ਹੁੰਦੇ ਹੋਏ ਉਸਨੇ ਅਧਿਆਪਕ ਤੋਂ ਆਪਣੀ ਪੁੱਤਰੀ ਦੀ ਕਮੀ ਬਾਰੇ ਪੁੱਛਿਆ। ਅਧਿਆਪਕ ਨੇ ਦੱਸਿਆ ਕਿ ਉਸ ਦੀ ਪੁੱਤਰੀ, ਕਲਾਸ ਵਿੱਚ ਕੋਈ ਪ੍ਰਸ਼ਨ ਬਿਲਕੁੱਲ ਹੀ ਨਹੀਂ ਪੁੱਛਦੀ। ਬਾਅਦ ਵਿੱਚ ਨਾਰਲੀਕਰ ਨੇ ਦੱਸਿਆ ਕਿ ਜੇਕਰ ਉਸਦੀ ਪੁੱਤਰੀ ਕੋਈ ਪ੍ਰਸ਼ਨ ਨਹੀਂ ਪੁੱਛਦੀ, ਤਾ ਇਸ ਵਿੱਚ ਉਸਦਾ(ਨਾਰਲੀਕਰ ਦਾ) ਕੋਈ ਦੋਸ਼ ਨਹੀਂ ਹੈ, ਕਿਉਂਕਿ ਇਹ ਸਾਡੀ ਵਿੱਦਿਅਕ ਪ੍ਰਣਾਲੀ ਦਾ ਦੋਸ਼ ਹੈ, ਜੋ ਵਿਦਿਆਰਥੀਆਂ ਦੇ ਮਨ ਵਿੱਚ ਪ੍ਰਸ਼ਨ ਪੁੱਛਣ ਦੀ ਆਦਤ ਦਾ ਵਿਕਸਤ ਹੀ ਨਹੀਂ ਹੋਣ ਦਿੰਦੀ।

ਬੱਚਿਆਂ ਦੇ ਮਨ ਪ੍ਰਸ਼ਨਾਂ ਨਾਲ ਭਰੇ ਪਏ ਹਨ। ਉਹ ਆਪਣੇ ਆਲੇ ਦੁਆਲੇ ਵਿੱਚ ਵਾਪਰਦੀਆਂ ਘਟਨਾਵਾਂ ਦਾ ਉਤਸਕਤਾ ਨਾਲ ਲਗਾਤਾਰ ਨਿਰੀਖਣ ਕਰਦੇ ਰਹਿੰਦੇ ਹਨ। ਉਹ ਹਰ ਚੀਜ ਦਾ ਕਾਰਨ ਅਤੇ ਮਤਲਬ ਸਮਝਣ ਦੀ ਇੱਛਾ ਰੱਖਦੇ ਹਨ। ਜਦੋਂ ਉਹ ਕਾਰਨ ਸਮਝਣ ਤੋਂ ਅਸਮਰਥ ਹੁੰਦੇ ਹਨ, ਤਾ ਉਹ ਆਪਣੇ ਅਧਿਆਪਕਾਂ ਕੋਲ਼ ਜਾਕੇ ਉਹਨਾਂ ਤੋਂ ਅਜਿਹੇ ਪ੍ਰਸ਼ਨ ਪੁੱਛਦੇ ਹਨ ਜਿਵੇਂ ਕਿ: ਜੁਗਨੂੰ ਚਮਕਦਾ ਕਿਓਂ ਹੈ? ਸੂਰਜ ਚੜ੍ਹਨ ਤੋਂ ਪਹਿਲਾਂ ਅਤੇ ਸੂਰਜ ਛਿਪਣ ਤੋਂ ਬਾਅਦ ਆਕਾਸ਼ ਲਾਲ ਕਿਉਂ ਵਿਖਾਈ ਦਿੰਦਾ ਹੈ? ਪਾਣੀ ਦੇ ਤਲ ਤੇ ਲਹਿਰਾਂ ਕਿਵੇਂ ਬਣਦੀਆਂ ਹਨ? ਇੱਕ ਤਿਤਲੀ ਦੇ ਪੰਖਾਂ ਤੇ ਐਨੇ ਰੰਗ ਕਿੱਥੋਂ ਆਉਂਦੇ ਹਨ? ਅਤੇ ਬੱਚੇ ਇਸ ਤਰਾਂ ਦੇ ਹੋਰ ਵੀ ਪ੍ਰਸ਼ਨ ਪੁੱਛਦੇ ਹਨ।

ਜਦੋਂ ਸਾਡੇ ਅਧਿਆਪਕਾਂ ਨੂੰ ਇਸ ਤਰਾਂ ਦੇ ਬਹੁਤ ਸਾਰੇ ਪ੍ਰਸ਼ਨ ਪੁੱਛੇ ਜਾਂਦੇ ਹਨ, ਤਾਂ ਉਹ ਅਸੁਰੱਖਿਅਤ ਮਹਿਸੂਸ ਨਹੀਂ ਕਰਦੇ, ਕਿਉਂਕਿ ਉਹਨਾਂ ਕੋਲ਼ ਇਹਨਾਂ ਸਾਰੇ ਪ੍ਰਸ਼ਨਾਂ ਦਾ ਇੱਕੋ ਹੀ ਸ਼ਕਤੀਸ਼ਾਲੀ ਉੱਤਰ ਹੈ, ਜੋ ਬੱਚਿਆਂ ਨੂੰ ਚੁੱਪ ਕਰਵਾ ਦਿੰਦਾ ਹੈ। ਉਹ ਉੱਤਰ ਹੈ, "ਚੁੱਪ ਕਰਜਾ ਬੇਵਕੂਫਾ, ਇਹ ਪ੍ਰਸ਼ਨ ਪ੍ਰੀਖਿਆ ਵਿੱਚ ਨਹੀਂ ਪੁੱਛੇ ਜਾਣੇ"। ਉਹ ਬੱਚਿਆਂ ਨੂੰ ਸ਼ੈਤਾਨ ਵੀ ਕਹਿ ਸਕਦਾ ਹੈ ਅਤੇ ਕਹਿ ਸਕਦਾ ਹੈ ਕਿ ਕੀ ਤੁਸੀਂ ਆਪਣੇ ਘਰ ਵਿੱਚ ਲੱਗੀ ਦੇਵਤੇ ਦੀ ਮੂਰਤੀ ਤੋਂ ਵੀ ਅਜਿਹੇ ਪ੍ਰਸ਼ਨ ਪੁੱਛਦੇ ਹੋ? ਇਸਦਾ ਮਤਲਬ ਇਹ ਹੈ ਕਿ ਸਾਡੇ ਸਮਾਜ ਵਿੱਚ ਇਹ ਸਿਖਾਇਆ ਜਾਂਦਾ ਹੈ ਕਿ ਪ੍ਰਮਾਤਮਾ ਅੱਗੇ, ਪ੍ਰਮਾਤਮਾ ਰੂਪੀ ਅਧਿਆਪਕਾਂ ਅਤੇ ਘਰ ਦੇ ਸਤਿਕਾਰਤ ਮੈਂਬਰਾਂ ਅੱਗੇ ਸਾਨੂੰ ਹਰ ਹਾਲ ਵਿੱਚ ਚੁੱਪ ਰਹਿਣਾ ਚਾਹੀਦਾ ਹੈ ਅਤੇ ਉਹਨਾਂ ਨੂੰ ਕੋਈ ਪ੍ਰਸ਼ਨ ਨਹੀਂ ਪੁੱਛਣੇ ਚਾਹੀਦੇ।

ਅਜਿਹੇ ਸਮਾਜ ਵਿੱਚ ਸਾਨੂੰ ਬੱਚਿਆਂ, ਨੌਜਵਾਨਾਂ ਅਤੇ ਪ੍ਰੌੜ ਵਿਅਕਤੀਆਂ ਨੂੰ ਇਹ ਸਿਖਾਉਣਾ ਚਾਹੀਦਾ ਹੈ ਕਿ ਪ੍ਰਸ਼ਨ ਪੁੱਛਣਾ ਇੱਕ ਚੰਗੀ ਆਦਤ ਹੈ ਕਿਉਂਕਿ ਖੁੱਲ੍ਹੇ ਮਨ ਨਾਲ ਪ੍ਰਸ਼ਨ ਪੁੱਛਣਾ ਇੱਕ ਰਾਸ਼ਟਰ ਦੇ ਨਿਰਮਾਣ ਲਈ ਬਹੁਤ ਜ਼ਰੂਰੀ ਹੈ।

### ਵਿਗਿਆਨਕ ਦ੍ਰਿਸ਼ਟੀਕੋਣ ਅਤੇ ਨੈਤਿਕਤਾ

ਕਈ ਬਾਰ ਮੈਨੂੰ ਇਸ ਪ੍ਰਸ਼ਨ ਦਾ ਸਾਹਮਣਾ ਕਰਨਾ ਪੈਂਦਾ ਹੈ ਕਿ ਕੀ ਵਿਗਿਆਨਕ ਦ੍ਰਿਸ਼ਟੀਕੋਣ ਅਪਨਾਉਣ ਨਾਲ ਸਭ ਕੁੱਝ ਹਾਸਲ ਹੋ ਜਾਂਦਾ ਹੈ? ਕੀ ਇਸ ਨਾਲ ਸਾਰੇ ਸੰਸਾਰ ਵਿੱਚ ਖੁਸ਼ਹਾਲੀ ਆ ਸਕਦੀ ਹੈ? ਭਾਵੇਂ ਅਮਰੀਕਾ ਵਿੱਚ ਵਿਗਿਆਨ ਨੇ ਬਹੁਤ ਤਰੱਕੀ ਕੀਤੀ ਹੈ ਪਰੰਤੂ ਫਿਰ ਵੀ ਅਮਰੀਕਾ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਿਉਂ ਕਰਨਾ ਪੈ ਰਿਹਾ ਹੈ? ਇਸ ਬਾਰੇ ਮੈਂ ਤਹਾਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ ਹਾਂ। ਅਮਰੀਕਾ ਵਿੱਚ ਭਾਵੇਂ ਵਿਗਿਆਨ ਨੇ ਬਹੁਤ ਤਰੱਕੀ ਕਰ ਲਈ ਹੈ, ਪਰੰਤੂ ਅਮਰੀਕਨ ਲੋਕਾਂ ਨੇ ਵਿਗਿਆਨਕ ਦ੍ਰਿਸ਼ਟੀਕੋਣਨੂੰ ਆਪਣੇ ਰਹਿਣ ਸਹਿਣ ਦੇ ਤਰੀਕੇ ਵਿੱਚ ਅਜੇ ਪੂਰੀ ਤਰਾਂ ਲਾਗੂ ਨਹੀਂ ਕੀਤਾ। ਇਸੇ ਤਰਾਂ ਸਾਡੇ ਦੇਸ਼ ਵਿੱਚ ਭਾਵੇਂ ਵਿਗਿਆਨ ਅਤੇ ਸਿੱਖਿਆ ਦੇ ਖੇਤਰ ਵਿੱਚ ਕਾਫੀ ਤਰੱਕੀ ਹੋ ਰਹੀ ਹੈ, ਪਰੰਤੂ ਅੱਜ ਦੇ ਭਾਰਤ ਵਿੱਚ,ਸਿੱਖਿਅਤ ਵਿਗਿਆਨੀਆਂ ਦੇ ਵਿਗਿਆਨਕ ਦ੍ਰਿਸ਼ਟੀਕੋਣ ਦੇ ਗਿਆਨ ਦਾ ਪੱਧਰ, ਸੌ ਸਾਲ ਪਹਿਲਾਂ ਮਹਾਂਰਾਸ਼ਟਰ ਵਿੱਚ ਸੱਤਿਆਸ਼ੋਧ ਲਹਿਰ ਦੇ ਕਾਰਜਕਰਤਾਵਾਂ ਦੇ

ਵਿਗਿਆਨਕ ਦ੍ਰਿਸ਼ਟੀਕੋਣ ਦੇ ਪੱਧਰ ਨਾਲੋਂ ਵੀ ਘੱਟ ਹੈ। ਕਹਿਣ ਦਾ ਮਤਲਬ ਇਹ ਹੈ ਕਿ ਵਿਗਿਆਨਕ ਦ੍ਰਿਸ਼ਟੀਕੋਣ, ਗਿਆਨ ਪ੍ਰਾਪਤੀ ਦਾ ਸਭ ਤੋਂ ਭਰੋਸੇਯੋਗ ਤਰੀਕਾ ਹੈ। ਹਰ ਪੁੱਛਿਆ ਗਿਆ ਸਵਾਲ ਜੁਬਾਬ ਦੇਣ ਯੋਗ ਨਹੀਂ ਹੁੰਦਾ ਪਰੰਤੂ ਇੱਕ ਗੱਲ ਨਿਸਚਿਤ ਹੈ ਕਿ ਵਿਗਿਆਨਕ ਦ੍ਰਿਸ਼ਟੀਕੋਣ ਹੀ ਪ੍ਰਸ਼ਨਾਂ ਦੇ ਉੱਤਰ ਪ੍ਰਾਪਤ ਕਰਨ ਦਾ ਸਭ ਤੋਂ ਉਪਯੁਕਤ ਤਰੀਕਾ ਹੈ। ਕਿਸੇ ਵਿਅਕਤੀ ਦੇ ਵਿਗਿਆਨਕ ਦ੍ਰਿਸ਼ਟੀਕੋਣ ਜਾਂ ਧਾਰਮਿਕ ਦ੍ਰਿਸ਼ਟੀਕੋਣ ਤੋਂ ਇਸਦਾ ਗੱਲ ਦਾ ਨਿਰਨਾ ਨਹੀਂ ਹੁੰਦਾ ਕਿ ਵਿਅਕਤੀ ਨੈਤਿਕ ਹੈ ਜਾਂ ਅਨੈਤਿਕ। ਵਿਗਿਆਨਕ ਦ੍ਰਿਸ਼ਟੀ ਕੋਣ ਵਾਲਾ ਕੋਈ ਵਿਅਕਤੀ ਨਿਰਦਈ ਹੋ ਸਕਦਾ ਹੈ, ਜਿਵੇਂ ਕਿ ਸਟਾਲਿਨ। ਇਸੇ ਤਰਾਂ ਧਾਰਮਿਕ ਦ੍ਰਿਸ਼ਟੀਕੋਣ ਵਾਲਾ ਕੋਈ ਵਿਅਕਤੀ ਵੱਡਾ ਠੱਗ ਹੋ ਸਕਦਾ ਹੈ ਜਿਵੇਂ ਕਿ ਹਰਸ਼ਦ ਮਹਿਤਾ। ਕਿਸੇ ਵਿਸ਼ੇਸ਼ ਸਥਿਤੀ ਵਿੱਚ ਕਿਸੇ ਵਿਅਕਤੀ ਦਾ ਵਿਵਹਾਰ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਉਹ ਕਿਸ ਚੀਜ ਨੂੰ ਗਲਤ ਸਮਝਦਾ ਹੈ ਅਤੇ ਕਿਸ ਨੂੰ ਠੀਕ ਸਮਝਦਾ ਹੈ। ਤਰਕਸ਼ੀਲ ਬਨਣ ਲਈ, ਵਿਗਿਆਨਕ ਦ੍ਰਿਸ਼ਟੀਕੋਣ ਦੇ ਨਾਲ ਨੈਤਿਕ ਕੀਮਤਾਂ ਜਾਂ ਠੀਕ ਗਲਤ ਦੀ ਸਮਝ ਦਾ ਹੋਣਾ ਵੀ ਜਰੂਰੀ ਹੈ। ਵਿਗਿਆਨਕ ਦ੍ਰਿਸ਼ਟੀਕੋਣ ਦੇ ਅਧਾਰ ਤੇ ਨੈਤਿਕ ਕੀਮਤਾਂ ਦਾ ਵਿਕਾਸ ਹੋ ਸਕਦਾ ਹੈ। ਇੱਕ ਪੱਛਮੀ ਦਾਰਸ਼ਨਿਕ ਨੇ ਕਿਹਾ ਹੈ ਕਿ ਸਹੀ ਸੋਚ ਨਾਲ ਹੀ ਸਹੀ ਆਚਰਣ ਜਾਂ ਸਹੀ ਨੈਤਿਕਤਾ ਦਾ ਵਿਕਾਸ ਹੋ ਸਕਦਾ ਹੈ। ਧਾਰਮਿਕ ਰਾਹ ਤੇ ਚੱਲਕੇ ਵੀ ਸਹੀ ਆਚਰਣ ਦਾ ਵਿਕਾਸ ਹੋ ਸਕਦਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਤੁਹਾਡਾ ਆਚਰਣ ਸਹੀ ਹੈ ਜਾਂ ਨਹੀਂ। ਪ੍ਰੰਤੂ ਸਹੀ ਸੋਚ ਅਖਿਤਿਆਰ ਕਰਨ ਦਾ ਸਭ ਤੋਂ ਵਧੀਆ ਢੰਗ ਵਿਗਿਆਨਕ ਦ੍ਰਿਸ਼ਟੀਕੋਣ ਹੀ ਹੈ। ਇਸਦਾ ਕੋਈ ਹੋਰ ਬਦਲ ਨਹੀਂ ਹੋ ਸਕਦਾ। ਅੰਧਸ਼ਰਦਾ ਨਿਰਮੂਲਨ ਸਮਿਤੀ ਕਿਸੇ ਵੀ ਢੰਗ ਦੁਆਰਾ ਵਿਕਸਤ ਹੋਏ ਸਹੀ ਆਚਰਣ ਦਾ ਸਵਾਗਤ ਕਰਦੀ ਹੈ।

**ਨਹਿਰੂ ਦੇ ਵਿਚਾਰ**

1953 ਵਿੱਚ, ਉਸ ਸਮੇਂ ਦੇ ਭਾਰਤ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨੇ ਪਾਰਲੀਮੈਂਟ ਵਿੱਚ ਰਾਸ਼ਟਰੀ ਵਿਗਿਆਨ ਨੀਤੀ ਪੇਸ਼ ਕਰਦੇ ਹੋਏ ਆਪਣੇ ਭਾਸ਼ਨ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ ਬਾਰੇ ਇੱਕ ਬਹੁਤ ਹੀ ਮਹੱਤਵਪੂਰਨ ਗੱਲ ਕਹੀ। ਉਸਨੇ ਕਿਹਾ, "ਵਿਗਿਆਨਕ ਪ੍ਰਵ੍ਰਿਤੀ ਜਾਂ ਸੁਭਾਅ- ਇੱਕ ਸੋਚ ਪ੍ਰਕਿਰਿਆ, ਕਾਰਜ ਪ੍ਰਣਾਲੀ ਦੀ ਇੱਕ ਵਿਧੀ, ਸੱਚ ਦੀ ਤਲਾਸ਼, ਰਹਿਣ ਸਹਿਣ ਦਾ ਇੱਕ ਤਰੀਕਾ ਅਤੇ ਆਜਾਦ ਮਨੁੱਖ ਦੀ ਰੂਹ ਹੈ"। ਨਹਿਰੂ ਦੇ ਕਥਨ ਅਨੁਸਾਰ, ਵਿਗਿਆਨਕ ਪ੍ਰਵ੍ਰਿਤੀ ਜਾਂ ਸੁਭਾਅ ਇੱਕ ਸੋਚ ਪ੍ਰਕਿਰਿਆ ਹੈ। ਕੀ ਵਿਗਿਆਨਕ ਸੁਭਾਅ, ਮਹਿਜ ਇੱਕ ਸੋਚ ਪ੍ਰਕਿਰਿਆ ਹੈ? ਨਹੀਂ, ਇਹ ਕਾਰਜ ਪ੍ਰਣਾਲੀ ਦੀ ਇੱਕ ਵਿਧੀ ਹੈ। ਕੀ ਇਹ ਮਹਿਜ ਇੱਕ ਸੋਚ ਪ੍ਰਕਿਰਿਆ ਅਤੇ ਕਾਰਜ ਪ੍ਰਣਾਲੀ ਦੀ ਇੱਕ ਵਿਧੀ ਹੈ? ਨਹੀਂ, ਇਹ ਸੱਚ ਦੀ ਤਲਾਸ਼ ਹੈ। ਇਹ ਕੇਵਲ ਸੱਚ ਦੀ ਤਲਾਸ਼ ਹੀ ਨਹੀਂ ਹੈ, ਇਹ ਜਿੰਦਗੀ ਜਿਉਣ ਦਾ ਜਾਂ ਰਹਿਣ ਸਹਿਣ ਦਾ ਇੱਕ ਤਰੀਕਾ ਵੀ ਹੈ ਅਤੇ ਇਹ ਇੱਕ ਆਜਾਦ ਮਨੁੱਖ ਦੀ ਰੂਹ ਵੀ ਹੈ। ਮਨੁੱਖੀ ਜਿੰਦਗੀ ਦੀ ਆਜਾਦੀ ਵਿੱਚ, ਵਿਗਿਆਨਕ ਦ੍ਰਿਸ਼ਟੀਕੋਣ ਸਭ ਤੋਂ ਮਹੱਤਵਪੂਰਨ ਸਥਾਨ ਰੱਖਦਾ ਹੈ। ਵਿਗਿਆਨਕ ਦ੍ਰਿਸ਼ਟੀਕੋਣ ਸਾਡਾ ਸੰਵਿਧਾਨਕ ਹੱਕ ਹੈ ਅਤੇ ਰੋਜਾਨਾ ਜਿੰਦਗੀ ਦੇ ਮਾਮਲਿਆਂ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ ਗ੍ਰਹਿਣ ਕਰਨਾ ਬਹੁਤ ਜਰੂਰੀ ਹੈ। ਵਿਗਿਆਨਕ ਦ੍ਰਿਸ਼ਟੀਕੋਣ ਦੇ ਸਿਧਾਂਤ ਨੂੰ ਅਸੀਂ ਜਿੰਨ੍ਹੀ ਵੱਧ ਤੇਜੀ ਨਾਲ ਸਮਝਾਂਗੇ ਅਤੇ ਲਾਗੂ ਕਰਾਂਗੇ, ਉਨੀ ਹੀ ਤੇਜੀ ਨਾਲ ਸਾਡੇ ਮਨਾਂ ਵਿੱਚੋਂ ਵਹਿਮਾਂ ਦਾ ਸਫਾਇਆ ਹੋਵੇਗਾ।

# ਕਰ ਦਾਤਾ

ਇਨਕਮ ਟੈਕਸ ਅਧਿਕਾਰੀ ਨੇ ਇਕ ਬਜ਼ੁਰਗ ਕਰਦਾਤਾ ਨੂੰ ਆਪਣੇ ਦਫ਼ਤਰ ਵਿਚ ਬੁਲਾਇਆ। ਕਰਦਾਤਾ ਠੀਕ ਸਮੇਂ ਪਹੁੰਚ ਗਿਆ ਆਪਣੇ ਵਕੀਲ ਦੇ ਨਾਲ।

ਇਨਕਮ ਟੈਕਸ ਅਧਿਕਾਰੀ : "ਤਾਂ ਤੁਸੀਂ ਰਿਟਾਇਰ ਹੋ ਚੁੱਕੇ ਹੋ। ਸਾਨੂੰ ਪਤਾ ਲੱਗਿਆ ਹੈ ਕਿ ਤੁਸੀਂ ਬੜੇ ਠਾਠ-ਬਾਠ ਨਾਲ ਰਹਿੰਦੇ ਹੋ। ਤੁਹਾਨੂੰ ਇਸ ਲਈ ਪੈਸਾ ਕਿੱਥੋਂ ਆਉਂਦਾ ਹੈ?"

ਕਰਦਾਤਾ : "ਮੈਂ ਜੂਏ ਵਿੱਚ ਜਿੱਤਦਾ ਹਾਂ।"

ਇਨਕਮ ਟੈਕਸ ਅਧਿਕਾਰੀ : "ਸਾਨੂੰ ਯਕੀਨ ਨਹੀਂ।"

ਕਰਦਾਤਾ : "ਮੈਂ ਸਾਬਤ ਕਰ ਸਕਦਾ ਹਾਂ। ਕੀ ਤੁਸੀਂ ਇਕ ਡਰਾਮਾ ਦੇਖਣਾ ਚਾਹੁੰਦੇ ਹੋ?"

ਇਨਕਮ ਟੈਕਸ ਅਧਿਕਾਰੀ : "ਚੰਗੀ ਗੱਲ ਹੈ। ਜਰਾ ਅਸੀਂ ਵੀ ਵੇਖੀਏ। ਸ਼ੁਰੂ ਹੋ ਜਾਓ।"

ਕਰਦਾਤਾ : ਇਕ ਹਜ਼ਾਰ ਰੁਪਏ ਦੀ ਸ਼ਰਤ ਲਗਾਉਣ ਦੇ ਲਈ ਕੀ ਤੁਸੀਂ ਤਿਆਰ ਹੋ? ਮੈਂ ਇਹ ਦਾਵਾ ਕਰ ਰਿਹਾ ਹਾਂ ਕਿ ਮੈਂ ਆਪਣੀ ਇੱਕ ਅੱਖ ਨੂੰ ਆਪਣੇ ਦੰਦਾਂ ਨਾਲ ਕੱਟ ਸਕਦਾ ਹੈ।"

ਇਨਕਮ ਟੈਕਸ ਅਧਿਕਾਰੀ : "ਕੀ!! ਨਾਮੁਮਕਿਨ। ਲੱਗ ਗਈ ਸ਼ਰਤ।"

ਕਰਦਾਤਾ ਨੇ ਆਪਣੀ ਪੱਥਰ ਦੀ ਇਕ ਨਕਲੀ ਅੱਖ ਕੱਢਕੇ ਆਪਣੇ ਦੰਦਾਂ ਨਾਲ ਕੱਟੀ।

ਇਨਕਮ ਟੈਕਸ ਅਧਿਕਾਰੀ ਨੇ ਹਾਰ ਮੰਨ ਲਈ ਅਤੇ ਇਕ ਹਜ਼ਾਰ ਰੁਪਏ ਉਸ ਬਜ਼ੁਰਗ ਕਰਦਾਤਾ ਨੂੰ ਦਿੱਤੇ।

ਕਰਦਾਤਾ : "ਹੁਣ ਦੋ ਹਜ਼ਾਰ ਦੀ ਸ਼ਰਤ ਲਗਾਉਣ ਲਈ ਤਿਆਰ ਹੋ? ਮੈਂ ਆਪਣੀ ਦੂਸਰੀ ਅੱਖ ਨੂੰ ਵੀ ਕੱਟ ਸਕਦਾ ਹਾਂ।"

ਇਨਕਮ ਟੈਕਸ ਅਧਿਕਾਰੀ ਨੇ ਸੋਚਿਆ, ਜਾਹਿਰ ਹੈ ਕਿ ਇਹ ਅੰਨ੍ਹਾ ਤਾਂ ਨਹੀਂ ਹੈ। ਉਸਦੀ ਦੂਸਰੀ ਅੱਖ ਪੱਥਰ ਦੀ ਨਹੀਂ ਹੋ ਸਕਦੀ। ਕਿਵੇਂ ਕਰ ਸਕੇਗਾ, ਦੇਖਦੇ ਹਾਂ। ਫਿਰ ਕਿਹਾ, "ਲੱਗ ਗਈ ਸ਼ਰਤ।"

ਕਰਦਾਤਾ ਨੇ ਅਪਣੇ ਨਕਲੀ ਦੰਦ ਮੂੰਹ 'ਚੋਂ ਕੱਢਕੇ ਆਪਣੀ ਅੱਖ ਨੂੰ ਹਲਕਾ ਜਿਹਾ ਕੱਟਿਆ।

ਇਨਕਮ ਟੈਕਸ ਅਧਿਕਾਰੀ ਹੈਰਾਨ ਹੋਇਆ ਪਰ ਕੁਝ ਨਹੀਂ ਕਹਿ ਸਕਿਆ। ਚੁਪਚਾਪ ਦੋ ਹਜ਼ਾਰ ਰੁਪਏ ਅਦਾ ਕੀਤੇ।

ਕਰਦਾਤਾ ਨੇ ਅੱਗੇ ਕਿਹਾ : "ਚਲੋ ਇਕ ਹੋਰ ਮੌਕਾ ਦੇਂਦਾ ਹਾਂ ਤੁਹਾਨੂੰ। ਦਸ ਹਜ਼ਾਰ ਦੀ ਸ਼ਰਤ ਲਗਾਉਣ ਲਈ ਤਿਆਰ ਹੋ?"

ਇਨਕਮ ਟੈਕਸ ਅਧਿਕਾਰੀ : "ਹੁਣ ਕਿਹੜੀ ਬਹਾਦਰੀ ਦਾ ਪ੍ਰਦਰਸ਼ਨ ਕਰੋਗੇ?"

ਕਰਦਾਤਾ : "ਤੁਹਾਡੇ ਕਮਰੇ ਦੇ ਕੋਣੇ ਵਿਚ ਕੂੜੇ ਦਾ ਡੱਬਾ ਦੇਖ ਰਹੇ ਹੋ? ਮੇਰਾ ਦਾਵਾ ਹੈ ਕਿ ਮੈਂ ਇੱਥੇ ਤੁਹਾਡੇ ਮੇਜ਼ ਦੇ ਸਾਹਮਣੇ ਖੜੇ ਹੋ ਕੇ, ਸਿੱਧਾ ਡੱਬੇ ਦੇ ਅੰਦਰ ਥੁੱਕ ਸਕਦਾ ਹਾਂ।"

ਵਕੀਲ ਚੀਕਿਆ, "ਨਾ ਲਗਾਓ। ਨਾ ਲਗਾਓ।"

ਪਰ ਇਨਕਮ ਟੈਕਸ ਅਧਿਕਾਰੀ ਨਹੀਂ ਮੰਨਿਆ।

ਇਨਕਮ ਟੈਕਸ ਅਧਿਕਾਰੀ ਨੇ ਵੇਖਿਆ ਕਿ ਦੂਰੀ 15 ਫੁੱਟ ਤੋਂ ਵੀ ਜ਼ਿਆਦਾ ਹੈ ਅਤੇ ਕੋਈ ਵੀ ਇਹ ਕੰਮ ਨਹੀਂ ਕਰ ਸਕੇਗਾ ਅਤੇ ਇਸ ਬਜ਼ੁਰਗ ਤੋਂ ਇਹ ਨਹੀਂ ਹੋ ਸਕੇਗਾ। ਬਹੁਤ ਸੋਚਕੇ, ਆਪਣੇ ਗੁਆਏ ਹੋਏ ਪੈਸੇ ਨੂੰ ਵਾਪਸ ਜਿੱਤਣ ਦੀ ਉਮੀਦ ਨਾਲ, ਸ਼ਰਤ ਲਗਾਉਣ ਲਈ ਤਿਆਰ ਹੋ ਗਿਆ।

ਵਕੀਲ ਨੇ ਮੱਥੇ ਤੇ ਹੱਥ ਮਾਰਿਆ। ਕਰਦਾਤਾ ਮੂੰਹ ਥੱਲੇ ਕਰਕੇ, ਸ਼ੁਰੂ ਹੋ ਗਿਆ ਪਰ ਉਸਦੀ ਕੋਸ਼ਿਸ਼ ਅਸਫਲ ਰਹੀ।

ਇਨਕਮ ਟੈਕਸ ਅਧਿਕਾਰੀ ਦੇ ਮੇਜ਼ ਨੂੰ ਥੁੱਕ ਨੇ ਖਰਾਬ ਕਰ ਦਿੱਤਾ। ਪਰ ਇਨਕਮ ਟੈਕਸ ਅਧਿਕਾਰੀ ਬਹੁਤ ਖੁਸ਼ ਹੋਇਆ।

ਪਰ ਉਸਨੇ ਵੇਖਿਆ ਕਿ ਕਰਦਾਤਾ ਦਾ ਵਕੀਲ ਰੋ ਰਿਹਾ ਹੈ।

ਉਸਨੇ ਪੁੱਛਿਆ "ਕੀ ਗੱਲ ਹੈ, ਵਕੀਲ ਭਾਈ?"

ਵਕੀਲ ਨੇ ਕਿਹਾ, "ਅੱਜ ਸਵੇਰੇ ਇਹ ਸ਼ੈਤਾਨ ਨੇ ਮੇਰੇ ਨਾਲ ਵੀਹ ਹਜ਼ਾਰ ਦੀ ਸ਼ਰਤ ਲਗਾਈ ਸੀ, ਕਿ ਉਹ ਆਪ ਇਨਕਮ ਟੈਕਸ ਵਾਲਿਆਂ ਦੇ ਟੇਬਲ ਤੇ ਥੁੱਕੇਗਾ ਅਤੇ ਉਹ ਵਜਾਏ ਗੁੱਸੇ ਹੋਣ ਦੇ ਇਸ ਨਾਲ ਖੁਸ਼ ਹੋਣਗੇ।"